ਮੰਗਲਵਾਰ, 24 ਫਰਵਰੀ, 2026

13 ਫੱਗਣ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 265

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • TUESDAY, 24 FEBRUARY, 2026

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12


# ਨੀਲੇ ਕਾਰਡ ਵਾਲਿਆਂ ਨੂੰ ਦੋ ਕਿੱਲੋ ਮਾਂਹ-ਛੋਲਿਆਂ ਦੀ ਦਾਲ, ਦੋ ਕਿੱਲੋ ਖੰਡ, ਕਿੱਲੋ ਸਰ੍ਹੋਂ ਦਾ ਤੇਲ, ਕਿੱਲੋ ਲੂਣ ਤੇ 200 ਗ੍ਰਾਮ ਹਲਦੀ ਤਿੰਨ ਮਹੀਨਿਆਂ ਦੇ ਇਕੱਠੇ ਦੇਵਾਂਗੇ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਸੂਬੇ ਵਿੱਚ ਗਰੀਬ ਅਤੇ ਪਿਛੜੇ ਵਰਗ ਦੇ ਲੋਕਾਂ ਨੂੰ ਪੌਸ਼ਟਿਕ ਭੋਜਨ ਮੁਹਈਆ ਕਰਵਾਉਣ ਲਈ 'ਮੇਰੀ ਰਸੋਈ ਸਕੀਮ' ਸ਼ੁਰੂ ਕਰਨ ਦਾ ਐਲਾਨ ਕੀਤਾ। ਉਨ੍ਹਾ ਕਿਹਾ ਕਿ ਇਸ ਯੋਜਨਾ ਤਹਿਤ ਸੂਬੇ ਦੇ 40 ਲੱਖ ਨੀਲਾ ਕਾਰਡ ਧਾਰਕਾਂ ਨੂੰ ਤਿਮਾਹੀ ਰਾਸ਼ਨ ਮੁਹੱਈਆ ਕਰਵਾਇਆ ਜਾਵੇਗਾ। ਇਸ ਵਿੱਚ ਦੋ ਕਿੱਲੋ ਮਾਹ-ਛੋਲਿਆਂ ਦੀ ਦਾਲ, ਦੋ ਕਿੱਲੋ ਖੰਡ, ਇੱਕ ਕਿੱਲੋ ਲੂਣ, ਇੱਕ ਕਿੱਲੋ ਸਰ੍ਹੋਂ ਦਾ ਤੇਲ ਅਤੇ 200 ਗ੍ਰਾਮ ਹਲਦੀ ਸ਼ਾਮਲ ਦਿੱਤੀ ਜਾਵੇਗੀ। ਇਹ ਰਾਸ਼ਨ ਤਿੰਨ ਮਹੀਨੇ ਦਾ ਇਕੱਠਾ ਮੁਹਈਆ ਕਰਵਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਪੌਸ਼ਟਿਕ ਭੋਜਨ ਨਾ ਮਿਲਣ ਕਰਕੇ ਕਈ ਤਰ੍ਹਾਂ ਦੀਆਂ ਸਰੀਰਕ

**ਬਜਟ ਨਾਰੀ ਦਿਵਸ 'ਤੇ**



ਕਮੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਵੱਲੋਂ 'ਮੇਰੀ ਰਸੋਈ ਸਕੀਮ' ਰਾਹੀਂ ਸੂਬੇ ਦੇ 40 ਲੱਖ ਨੀਲਾ ਕਾਰਡ ਲੋਕਾਂ ਨੂੰ ਵਿਟਾਮਿਨ ਅਤੇ ਪ੍ਰੋਟੀਨ ਨਾਲ ਭਰਿਆ ਭੋਜਨ ਮੁਹੱਈਆ ਕਰਵਾਇਆ ਜਾਵੇਗਾ।

ਇਹ ਫੂਡ ਕਿੱਟਾਂ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਤਹਿਤ ਯੋਗ ਲਾਭਪਾਤਰੀਆਂ ਨੂੰ ਪਹਿਲਾਂ ਵੰਡੀ ਜਾ ਰਹੀ ਕਣਕ ਤੋਂ ਵੱਖਰੇ ਤੌਰ 'ਤੇ ਪ੍ਰਦਾਨ ਕੀਤੀਆਂ ਜਾਣਗੀਆਂ।ਇਨ੍ਹਾਂ ਕਿੱਟਾਂ ਦੀ ਵੰਡ ਅਪ੍ਰੈਲ ਵਿੱਚ ਸ਼ੁਰੂ ਹੋਵੇਗੀ।ਇਸੇ ਦੌਰਾਨ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਨੂੰ ਪ੍ਰਵਾਨਗੀ ਦੇ ਦਿੱਤੀ ਗਈ।

2026-27 ਦਾ ਬਜਟ ਇਜਲਾਸ 6 ਮਾਰਚ ਨੂੰ ਸ਼ੁਰੂ ਹੋ ਕੇ 16 ਮਾਰਚ ਤੱਕ ਚੱਲੇਗਾ। ਮਾਨ ਨੇ ਕਿਹਾ ਕਿ ਬਜਟ ਵਿੱਚ ਕੋਈ ਨਵਾਂ ਟੈਕਸ ਨਹੀਂ ਲਗਾਇਆ ਜਾਵੇਗਾ। ਪੰਜਾਬ ਸਰਕਾਰ ਵੱਲੋਂ ਇਸ ਵਾਰ ਔਰਤਾਂ ਨੂੰ ਬਜਟ ਵਿੱਚ ਇੱਕ-ਇੱਕ ਹਜ਼ਾਰ ਰੁਪਏ ਦੇਣ ਦਾ ਫੈਸਲਾ ਲਿਆ ਜਾਵੇਗਾ। ਇਸ ਲਈ ਐਤਵਾਰ 8 ਮਾਰਚ ਨੂੰ ਕੌਮਾਂਤਰੀ ਨਾਰੀ ਦਿਵਸ ਮੌਕੇ ਬਜਟ ਪੇਸ਼ ਕੀਤਾ ਜਾਵੇਗਾ।

## ਏ ਐੱਸ ਆਈ ਤੇ ਹੋਮਗਾਰਡ ਦੇ ਵਾਰਸਾਂ ਨੂੰ 1-1 ਕਰੋੜ

**ਚੰਡੀਗੜ੍ਹ :** ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਭਾਰਤ-ਪਾਕਿਸਤਾਨ ਸਰਹੱਦ ਨੇੜੇ ਸ਼ਹੀਦ ਹੋਏ ਏ ਐੱਸ ਆਈ ਗੁਰਨਾਮ ਸਿੰਘ ਅਤੇ ਹੋਮਗਾਰਡ ਅਸ਼ੋਕ ਕੁਮਾਰ ਦੀ ਬਹਾਦਰੀ ਨੂੰ ਸਲਾਮ ਕਰਦਿਆਂ ਉਨ੍ਹਾਂ ਦੇ ਵਾਰਸਾਂ ਨੂੰ 1-1 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ, ਐੱਚ ਡੀ ਐੱਫ ਸੀ ਬੈਂਕ ਵੱਲੋਂ ਵੀ ਸ਼ਹੀਦਾਂ ਦੇ ਪਰਵਾਰਾਂ ਨੂੰ 1-1 ਕਰੋੜ ਰੁਪਏ ਦੀ ਵਾਧੂ ਬੀਮਾ ਰਾਸ਼ੀ ਦਿੱਤੀ ਜਾਵੇਗੀ। ਐਤਵਾਰ ਕੌਮਾਂਤਰੀ ਸਰਹੱਦ ਤੋਂ ਮਹਿਜ਼ 2 ਕਿਲੋਮੀਟਰ ਦੂਰ ਅੱਧੀਆਂ ਚੌਕੀ ਦੇ ਅੰਦਰ ਇਨ੍ਹਾਂ ਦੋਵਾਂ ਜਵਾਨਾਂ ਦੀਆਂ ਗੋਲੀਆਂ ਨਾਲ ਵਿੰਨ੍ਹੀਆਂ ਲਾਸ਼ਾਂ ਮਿਲੀਆਂ ਸਨ। ਫੋਰੈਂਸਿਕ ਟੀਮਾਂ ਵੱਲੋਂ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ। ਜਿੱਥੇ ਇੱਕ ਪਾਸੇ ਸੋਸ਼ਲ ਮੀਡੀਆ 'ਤੇ ਇਕ ਕਥਿਤ ਸੰਗਠਨ ਵੱਲੋਂ ਇਸ ਦੀ ਜ਼ਿੰਮੇਵਾਰੀ ਲੈਣ ਦੇ ਦਾਅਵੇ ਕੀਤੇ ਜਾ ਰਹੇ ਹਨ, ਉੱਥੇ ਪੁਲਸ ਇਨ੍ਹਾਂ ਦਾਅਵਿਆਂ ਨੂੰ ਫਿਲਹਾਲ ਫਰਜ਼ੀ ਦੱਸ ਰਹੀ ਹੈ।

## ਸ਼ਰਾਬ ਐਤਕੀਂ ਵੀ ਮਹਿੰਗੀ ਨਹੀਂ ਹੋਣ ਦੇਵਾਂਗੇ : ਚੀਮਾ

**ਚੰਡੀਗੜ੍ਹ :** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ 2026 ਤੇ 27 ਲਈ ਪੰਜਾਬ ਦੀ ਨਵੀਂ ਆਬਕਾਰੀ ਨੀਤੀ ਨੂੰ ਮਨਜ਼ੂਰੀ ਦਿੱਤੀ ਗਈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਨਵੀਂ ਸ਼ਰਾਬ ਨੀਤੀ ਤਹਿਤ ਸ਼ਰਾਬ ਦੀਆਂ ਕੀਮਤਾਂ ਵਿੱਚ ਕੋਈ ਵਾਧਾ ਨਹੀਂ ਹੋਣ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਸੂਬਾ ਸਰਕਾਰ ਨੇ ਆਬਕਾਰੀ ਤੋਂ 12800 ਕਰੋੜ ਰੁਪਏ ਦਾ ਮਾਲੀਆ ਇਕੱਠਾ ਕਰਨ ਦਾ ਟੀਚਾ ਮਿਥਿਆ ਹੈ। ਪੁਰਾਣੇ ਸ਼ਰਾਬ ਠੇਕੇਦਾਰ ਪਿਛਲੇ ਸਾਲ ਦੀ ਰਾਖਵੀਂ ਕੀਮਤ ਵਿੱਚ 6.5 ਫੀਸਦ ਦੇ ਵਾਧੇ ਨਾਲ ਮੁੜ ਤੋਂ ਸ਼ਰਾਬ ਠੇਕੇ ਲੈ ਸਕਦੇ ਹਨ। ਚੀਮਾ ਨੇ ਕਿਹਾ ਕਿ ਪੰਜਾਬ ਮੰਤਰੀ ਮੰਡਲ ਨੇ ਸਰਹੱਦੀ ਖੇਤਰ ਵਿੱਚ ਸਰਕਾਰੀ ਜ਼ਮੀਨਾਂ ਉੱਤੇ ਖੇਤੀ ਕਰਨ ਵਾਲੇ ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਵੀ ਵਿਸ਼ੇਸ਼ ਫੈਸਲਾ ਲਿਆ। ਉਨ੍ਹਾ ਕਿਹਾ ਕਿ ਫਿਰੋਜ਼ਪੁਰ ਵਿੱਚ 5200 ਏਕੜ, ਫਾਜ਼ਿਲਕਾ ਵਿੱਚ 3000 ਏਕੜ ਅਤੇ ਅੰਮ੍ਰਿਤਸਰ ਵਿੱਚ 2800 ਏਕੜ ਜ਼ਮੀਨ ਸਰਕਾਰ ਦੇ ਨਾਂਅ ਬੋਲਦੀ ਹੈ, ਜਿਸ ਉੱਤੇ ਖੇਤੀ ਕਿਸਾਨਾਂ ਵੱਲੋਂ ਕੀਤੀ ਜਾਂਦੀ ਹੈ। ਇਸ ਲਈ ਹੜ੍ਹਾਂ ਦੌਰਾਨ ਉਨਾਂ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਜਾ ਸਕਿਆ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਪੰਚ, ਪਟਵਾਰੀ ਅਤੇ ਪਿੰਡ ਦੇ ਨੰਬਰਦਾਰ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਹੈ, ਜਿਸ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ। ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੋਰੋਨਾ ਮਹਾਂਮਾਰੀ ਦੌਰਾਨ ਸੇਵਾਵਾਂ ਨਿਭਾਉਣ ਵਾਲੇ ਨਰਸਿੰਗ ਦੇ ਵਿਦਿਆਰਥੀਆਂ ਨੂੰ ਆਗਾਮੀ ਭਰਤੀ ਵਿੱਚ ਵਾਧੂ ਅੰਕ ਦੇਣ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਇੱਕ ਸਾਲ ਤੋਂ ਘੱਟ ਕੰਮ ਕਰਨ ਵਾਲੇ ਨੂੰ ਪੰਜ ਨੰਬਰ ਅਤੇ ਇੱਕ ਸਾਲ ਤੋਂ ਵੱਧ ਕੰਮ ਕਰਨ ਵਾਲੇ ਨੂੰ ਦਸ ਅੰਕ ਦਿੱਤੇ ਜਾਣਗੇ।

## ਅਜੀਤ ਪਵਾਰ ਹਾਦਸੇ ਦੀ ਜਾਂਚ ਸੀ ਬੀ ਆਈ ਨੂੰ ਸੌਂਪਣ ਦਾ ਵਿਰੋਧ

**ਮੁੰਬਈ :** ਰਾਸ਼ਟਰਵਾਦੀ ਕਾਂਗਰਸ ਪਾਰਟੀ (ਸ਼ਰਦ ਪਵਾਰ) ਦੇ ਵਿਧਾਇਕ ਰੋਹਿਤ ਪਵਾਰ ਨੇ ਮਹਾਰਾਸ਼ਟਰ ਸਰਕਾਰ ਵੱਲੋਂ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਜਹਾਜ਼ ਹਾਦਸੇ ਵਿੱਚ ਹੋਈ ਮੌਤ ਦੀ ਜਾਂਚ ਸੀ ਬੀ ਆਈ ਨੂੰ ਸੌਂਪਣ ਦੇ ਫੈਸਲੇ ਦੀ ਤਿੱਖੀ ਨਿਖੇਧੀ ਕੀਤੀ ਹੈ। ਰੋਹਿਤ ਪਵਾਰ ਨੇ ਦੋਸ਼ ਲਾਇਆ ਕਿ ਸੀ ਬੀ ਆਈ ਕੋਲ ਪਹਿਲਾਂ ਹੀ ਹਜ਼ਾਰਾਂ ਕੇਸ ਪੈਂਡਿੰਗ ਹਨ ਅਤੇ ਇਸ ਮਾਮਲੇ ਨੂੰ ਕੇਂਦਰੀ ਏਜੰਸੀ ਨੂੰ ਸੌਂਪਣਾ ਸਿਰਫ ਜਾਂਚ ਵਿੱਚ ਦੇਰੀ ਕਰਨ ਦੀ ਚਾਲ ਹੈ। ਉਨ੍ਹਾ ਮੰਗ ਕੀਤੀ ਕਿ ਇਸ ਹਾਦਸੇ ਦੀ ਜਾਂਚ ਸਟੇਟ ਸੀ ਆਈ ਡੀ ਕੋਲੋਂ ਕਰਵਾਈ ਜਾਣੀ ਚਾਹੀਦੀ ਹੈ। ਰੋਹਿਤ ਨੇ ਇਹ ਵੀ ਦਾਅਵਾ ਕੀਤਾ ਕਿ ਹਾਦਸੇ ਨਾਲ ਜੁੜੀ 70 ਫੀਸਦੀ ਅਹਿਮ ਜਾਣਕਾਰੀ ਅਜੇ ਵੀ ਉਨ੍ਹਾ ਕੋਲ ਹੈ, ਜਿਸ ਨੂੰ ਜਨਤਕ ਨਹੀਂ ਕੀਤਾ ਗਿਆ। ਰੋਹਿਤ ਪਵਾਰ ਨੇ ਜਹਾਜ਼ ਦੇ 'ਬਲੈਕ ਬਾਕਸ' ਦੇ ਸੜ ਜਾਣ ਦੀਆਂ ਖਬਰਾਂ 'ਤੇ ਵੀ ਸ਼ੱਕ ਜਤਾਇਆ ਅਤੇ ਕਿਹਾ ਕਿ ਉਨ੍ਹਾ ਕੋਲ ਡਿਵਾਈਸ ਦੀਆਂ ਅਜਿਹੀਆਂ ਤਸਵੀਰਾਂ ਹਨ, ਜੋ ਕੁਝ ਹੋਰ ਹੀ ਬਿਆਨ ਕਰਦੀਆਂ ਹਨ।

ਦੂਜੇ ਪਾਸੇ, ਜਤਿੰਦਰ ਆਵੜ ਨੇ ਦੋਸ਼ ਲਾਇਆ ਕਿ ਜਿਸ ਜਹਾਜ਼ ਵਿੱਚ ਅਜੀਤ ਪਵਾਰ ਸਵਾਰ ਸਨ, ਉਸ ਕੋਲ ਭਾਰਤ ਵਿੱਚ ਉੱਡਣ ਦੀ ਇਜਾਜ਼ਤ ਨਹੀਂ ਸੀ ਅਤੇ ਉਹ ਆਪਣੀ ਤੈਅ ਸੀਮਾ ਤੋਂ ਕਿਤੇ ਜ਼ਿਆਦਾ ਘੰਟੇ ਉੱਡ ਚੁੱਕਾ ਸੀ। ਅਜੀਤ ਪਵਾਰ ਤੋਂ ਬਿਨਾਂ ਸ਼ੁਰੂ ਹੋਏ ਇਸ ਬਜਟ ਇਜਲਾਸ ਦੌਰਾਨ ਵਿਰੋਧੀ ਧਿਰ ਨੇ ਸਰਕਾਰ ਨੂੰ ਪੂਰੀ ਤਰ੍ਹਾਂ ਘੇਰ ਲਿਆ ਹੈ ਅਤੇ ਜਾਂਚ ਵਿੱਚ ਪਾਰਦਰਸ਼ਤਾ ਦੀ ਮੰਗ ਕੀਤੀ ਹੈ।

## 60 ਸੰਸਦੀ ਦੋਸਤੀ ਗਰੁੱਪ ਕਾਇਮ ਕਰਨ ਦਾ ਐਲਾਨ

**ਨਵੀਂ ਦਿੱਲੀ :** ਦੁਨੀਆ ਦੇ 60 ਪ੍ਰਮੁੱਖ ਮੁਲਕਾਂ ਨਾਲ ਭਾਰਤ ਦੇ ਸੰਬੰਧਾਂ ਨੂੰ ਹੋਰ ਪੀਢਾ ਕਰਨ ਲਈ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਸੋਮਵਾਰ 60 'ਸੰਸਦੀ ਦੋਸਤੀ ਗਰੁੱਪਾਂ' ਦਾ ਗਠਨ ਕੀਤਾ ਹੈ। ਹਰੇਕ ਗਰੁੱਪ ਦੀ ਅਗਵਾਈ ਇੱਕ ਸੀਨੀਅਰ ਸੰਸਦ ਮੈਂਬਰ ਨੂੰ ਸੌਂਪੀ ਗਈ ਹੈ। ਲੋਕ ਸਭਾ ਸਕੱਤਰੇਤ ਅਨੁਸਾਰ, ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਬਣਾਏ ਗਏ ਇਹ ਗਰੁੱਪ ਵਿਸ਼ਵ ਮੰਚ 'ਤੇ ਭਾਰਤੀ ਲੋਕਤੰਤਰ ਦੇ ਵੱਖ-ਵੱਖ ਪਹਿਲੂਆਂ ਨੂੰ ਪੇਸ਼ ਕਰਨਗੇ। ਇਨ੍ਹਾਂ ਗਰੁੱਪਾਂ ਦੀ ਕਮਾਨ ਸੰਭਾਲਣ ਵਾਲੇ ਸੀਨੀਅਰ ਆਗੂਆਂ ਵਿੱਚ ਰਵੀ ਸ਼ੰਕਰ ਪ੍ਰਸਾਦ, ਐੱਮ ਥੰਬੀਦੁਰਈ, ਪੀ ਚਿਦੰਬਰਮ, ਰਾਮ ਗੋਪਾਲ ਯਾਦਵ, ਟੀ ਆਰ ਬਾਲੂ, ਕਾਕੋਲੀ ਘੋਸ਼ ਦਸਤੀਦਾਰ, ਗੌਰਵ ਗੋਗੋਈ, ਕਨੀਮੋਝੀ ਕਰੁਣਾਨਿਧੀ, ਮਨੀਸ਼ ਤਿਵਾੜੀ, ਡੈਰੇਕ ਓ'ਬ੍ਰਾਇਨ, ਅਭਿਸ਼ੇਕ ਬੈਨਰਜੀ, ਅਸਦੁਦੀਨ ਓਵੈਸੀ, ਅਖਿਲੇਸ਼ ਯਾਦਵ, ਕੇ ਸੀ ਵੇਣੂਗੋਪਾਲ, ਰਾਜੀਵ ਪ੍ਰਤਾਪ ਰੂਡੀ, ਸੁਪ੍ਰਿਆ ਸੂਲੇ, ਸੰਜੇ ਸਿੰਘ,



ਬੈਜਯੰਤ ਪਾਂਡਾ, ਸ਼ਸ਼ੀ ਥਰੂਰ, ਨਿਸ਼ੀਕਾਂਤ ਦੂਬੇ, ਅਨੁਰਾਗ ਸਿੰਘ ਠਾਕੁਰ, ਹੇਮਾ ਮਾਲਿਨੀ, ਬਿਪਲਬ ਕੁਮਾਰ ਦੇਵ ਅਤੇ ਡਾ. ਸੁਧਾਂਸ਼ੂ ਤ੍ਰਿਵੇਦੀ ਸਮੇਤ ਕਈ ਹੋਰ ਪ੍ਰਮੁੱਖ ਚਿਹਰੇ ਸ਼ਾਮਲ ਹਨ।

ਲੋਕ ਸਭਾ ਸਕੱਤਰੇਤ ਨੇ ਇਨ੍ਹਾਂ ਗਰੁੱਪਾਂ ਦੇ ਗਠਨ ਨੂੰ ਵਿਸ਼ਵ ਪੱਧਰ 'ਤੇ ਭਾਰਤ ਦੇ ਅੰਤਰ-ਸੰਸਦੀ ਸੰਪਰਕ ਨੂੰ ਵਧਾਉਣ ਲਈ ਇੱਕ ਮਹੱਤਵਪੂਰਨ ਕਦਮ ਦੱਸਿਆ ਹੈ। ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਗਿਆ ਹੈ, "ਇਹ ਕਦਮ ਭਾਰਤੀ ਸੰਸਦ ਵੱਲੋਂ ਵੱਖ-ਵੱਖ ਮਹਾਂਦੀਪਾਂ ਦੇ ਵਿਧਾਨ ਮੰਡਲਾਂ ਨਾਲ ਸੰਵਾਦ ਅਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਨੂੰ ਡੂੰਘਾ ਕਰਨ ਦੀ ਇੱਕ ਸੁਚੇਤ ਕੋਸ਼ਿਸ਼ ਹੈ। ਇਹ ਰਵਾਇਤੀ ਕੂਟਨੀਤੀ ਦੇ ਨਾਲ-ਨਾਲ ਸੰਸਦੀ ਪੱਧਰ 'ਤੇ ਲਗਾਤਾਰ ਤਾਲਮੇਲ ਬਣਾਉਣ ਵਿੱਚ ਮਦਦਗਾਰ ਸਾਬਤ ਹੋਵੇਗਾ।"

ਜਿਨ੍ਹਾਂ ਦੇਸ਼ਾਂ ਨਾਲ ਸਬੰਧ ਮਜ਼ਬੂਤ ਕਰਨ ਲਈ ਇਹ ਸੰਸਦੀ ਦੋਸਤੀ ਗਰੁੱਪ ਬਣਾਏ ਗਏ ਹਨ, ਉਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਸ੍ਰੀਲੰਕਾ, ਜਰਮਨੀ, ਨਿਊਜ਼ੀਲੈਂਡ, ਸਵਿਟਜ਼ਰਲੈਂਡ, ਦੱਖਣੀ ਅਫਰੀਕਾ, ਭੂਟਾਨ, ਸਾਊਦੀ ਅਰਬ, ਇਜ਼ਰਾਈਲ, ਮਾਲਦੀਵ, ਅਮਰੀਕਾ, ਰੂਸ, ਯੂਰਪੀਅਨ ਯੂਨੀਅਨ ਪਾਰਲੀਮੈਂਟ, ਦੱਖਣੀ ਕੋਰੀਆ, ਨੇਪਾਲ, ਬਰਤਾਨੀਆ, ਫਰਾਂਸ, ਜਾਪਾਨ, ਇਟਲੀ, ਓਮਾਨ, ਆਸਟਰੇਲੀਆ, ਯੂਨਾਨ, ਸਿੰਗਾਪੁਰ, ਬ੍ਰਾਜ਼ੀਲ, ਵੀਅਤਨਾਮ, ਮੈਕਸੀਕੋ, ਈਰਾਨ ਅਤੇ ਯੂ ਏ ਈ ਸ਼ਾਮਲ ਹਨ।

## ਤਿਉਹਾਰਾਂ ਦੌਰਾਨ ਹਵਾਈ ਕਿਰਾਏ ਕਾਬੂ 'ਚ ਰੱਖਣ 'ਤੇ ਵਿਚਾਰ

**ਨਵੀਂ ਦਿੱਲੀ :** ਕੇਂਦਰ ਸਰਕਾਰ ਨੇ ਸੋਮਵਾਰ ਸੁਪਰੀਮ ਕੋਰਟ ਨੂੰ ਦੱਸਿਆ ਕਿ ਸ਼ਹਿਰੀ ਹਵਾਬਾਜ਼ੀ ਮੰਤਰਾਲਾ ਤਿਉਹਾਰਾਂ ਦੌਰਾਨ ਹਵਾਈ ਕਿਰਾਇਆਂ ਵਿੱਚ ਹੋਣ ਵਾਲੇ ਬੇਤਹਾਸ਼ਾ ਵਾਧੇ ਅਤੇ ਨਿੱਜੀ ਏਅਰਲਾਈਨਾਂ ਵੱਲੋਂ ਵਸੂਲੇ ਜਾਂਦੇ ਵਾਧੂ ਖਰਚਿਆਂ ਨੂੰ ਕਾਬੂ ਕਰਨ ਲਈ ਦਿਸ਼ਾ-ਨਿਰਦੇਸ਼ ਬਣਾਉਣ 'ਤੇ ਸਰਗਰਮੀ ਨਾਲ ਵਿਚਾਰ ਕਰ ਰਿਹਾ ਹੈ। ਸੁਪਰੀਮ ਕੋਰਟ ਵਿੱਚ ਇੱਕ ਲੋਕ ਹਿੱਤ ਪਟੀਸ਼ਨ ਰਾਹੀਂ ਹਵਾਈ ਕੰਪਨੀਆਂ ਦੀ ਮਨਮਰਜ਼ੀ ਨੂੰ ਰੋਕਣ ਲਈ ਰੈਗੂਲੇਟਰੀ ਦਿਸ਼ਾ-ਨਿਰਦੇਸ਼ ਤੈਅ ਕਰਨ ਦੀ ਮੰਗ ਕੀਤੀ ਗਈ ਸੀ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੀ ਬੈਂਚ ਨੇ ਇਸ ਮੁੱਦੇ ਨੂੰ 'ਬਹੁਤ ਗੰਭੀਰ' ਕਰਾਰ ਦਿੱਤਾ ਹੈ। ਅਦਾਲਤ ਨੇ ਕੇਂਦਰ ਸਰਕਾਰ ਨੂੰ ਇਸ ਮਾਮਲੇ 'ਤੇ ਚੱਲ ਰਹੀ ਵਿਚਾਰ-ਚਰਚਾ ਨੂੰ ਅੰਤਮ ਰੂਪ ਦੇਣ ਲਈ ਚਾਰ ਹਫਤਿਆਂ ਦਾ ਸਮਾਂ ਦਿੱਤਾ ਹੈ। ਬੈਂਚ ਨੇ ਕਿਹਾ, "ਇਹ ਬਹੁਤ ਗੰਭੀਰ ਚਿੰਤਾ ਦਾ ਵਿਸ਼ਾ ਹੈ, ਨਹੀਂ ਤਾਂ ਅਸੀਂ ਅਜਿਹੀਆਂ ਪਟੀਸ਼ਨਾਂ 'ਤੇ ਸੁਣਵਾਈ ਨਹੀਂ ਕਰਦੇ।" ਕੇਂਦਰ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲਿਸਟਰ ਜਨਰਲ ਅਨਿਲ ਕੌਸ਼ਿਕ ਨੇ ਕਿਹਾ ਕਿ ਮੰਤਰਾਲਾ ਇਸ ਮੁੱਦੇ ਦੇ ਸਾਰੇ ਪਹਿਲੂਆਂ ਨੂੰ ਘੋਖ ਰਿਹਾ ਹੈ, ਇਸ ਲਈ ਜਵਾਬ ਦਾਖਲ ਕਰਨ ਵਾਸਤੇ ਘੱਟੋ-ਘੱਟ ਤਿੰਨ ਹਫਤਿਆਂ ਦੀ ਲੋੜ ਹੈ। ਅਦਾਲਤ ਨੇ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 23 ਮਾਰਚ ਦੀ ਤਰੀਕ ਤੈਅ ਕੀਤੀ ਹੈ।

## ਮੁਹੰਮਦ ਦੀਪਕ ਰਾਹੁਲ ਨੂੰ ਮਿਲਿਆ



**ਕੋਟਦੁਆਰ :** ਇੱਥੇ ਪਟੇਲ ਮਾਰਗ 'ਤੇ ਦੁਕਾਨ ਦਾ ਨਾਂਅ ਬਦਲਣ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਚਰਚਾ ਵਿੱਚ ਆਏ 'ਮੁਹੰਮਦ' ਦੀਪਕ ਕੁਮਾਰ ਨਾਲ ਸੋਮਵਾਰ ਦਿੱਲੀ ਵਿੱਚ ਰਾਹੁਲ ਗਾਂਧੀ ਨੇ ਮੁਲਾਕਾਤ ਕੀਤੀ। ਇਸ ਦੌਰਾਨ ਰਾਹੁਲ ਗਾਂਧੀ ਨੇ ਇੱਕ ਵਾਰ ਫਿਰ ਦੀਪਕ ਕੁਮਾਰ ਨੂੰ ਇਨਸਾਨੀਅਤ ਦੀ ਮਿਸਾਲ ਦੱਸਿਆ। ਵਕੀਲ ਅਹਿਮਦ 30 ਸਾਲਾਂ ਤੋਂ 'ਬਾਬਾ ਸਕੂਲ ਡਰੈੱਸ' ਨਾਂਅ ਦੀ ਦੁਕਾਨ ਚਲਾ ਰਿਹਾ ਹੈ। 26 ਜਨਵਰੀ ਨੂੰ ਤਿੰਨ-ਚਾਰ ਨੌਜਵਾਨ ਨੇ ਖੁਦ ਨੂੰ ਬਜਰੰਗ ਦਲ ਦੇ ਮੈਂਬਰ ਦੱਸਦੇ ਹੋਏ ਦੁਕਾਨ ਦਾ ਨਾਂਅ ਬਦਲਣ ਦੀ ਧਮਕੀ ਦਿੱਤੀ। ਇਸ ਦੌਰਾਨ ਦੀਪਕ ਨੇ ਵਕੀਲ ਅਹਿਮਦ ਦਾ ਸਾਥ ਦਿੱਤਾ। ਜਦੋਂ ਨੌਜਵਾਨਾਂ ਨੇ ਉਸਨੂੰ ਨਾਂਅ ਪੁੱਛਿਆ ਤਾਂ ਉਸਨੇ ਕਿਹਾ ਕਿ ਉਸਦਾ ਨਾਂਅ ਮੁਹੰਮਦ ਦੀਪਕ ਹੈ।

## ਈਰਾਨ 'ਚੋਂ ਤੁਰੰਤ ਨਿਕਲਣ ਦੀ ਸਲਾਹ

**ਨਵੀਂ ਦਿੱਲੀ :** ਸਰਕਾਰ ਨੇ ਈਰਾਨ ਵਿੱਚ ਰਹਿਣ ਵਾਲੇ ਭਾਰਤੀ ਨਾਗਰਿਕਾਂ ਨੂੰ ਸੋਮਵਾਰ ਕਮਰਸ਼ੀਅਲ ਉਡਾਣਾਂ ਸਮੇਤ ਆਵਾਜਾਈ ਦੇ ਉਪਲਬਧ ਸਾਧਨਾਂ ਦੀ ਵਰਤੋਂ ਕਰਕੇ ਤੁਰੰਤ ਈਰਾਨ ਛੱਡਣ ਦੀ ਸਲਾਹ ਦਿੱਤੀ ਹੈ। ਸਰਕਾਰ ਨੇ ਸਾਰੇ ਭਾਰਤੀ ਨਾਗਰਿਕਾਂ ਨੂੰ ਆਪਣੇ ਯਾਤਰਾ ਅਤੇ ਇਮੀਗ੍ਰੇਸ਼ਨ ਦਸਤਾਵੇਜ਼ ਤਿਆਰ ਰੱਖਣ ਅਤੇ ਇਸ ਨਾਲ ਸੰਬੰਧਤ ਕਿਸੇ ਵੀ ਸਹਾਇਤਾ ਲਈ ਤੁਰੰਤ ਭਾਰਤੀ ਦੂਤਾਵਾਸ ਨਾਲ ਸੰਪਰਕ ਕਰਨ ਲਈ ਕਿਹਾ ਹੈ।

## ਲੁਧਿਆਣਾ ਤੋਂ ਦਰਭੰਗਾ ਜਾ ਰਹੀ ਬੱਸ ਪਲਟੀ, 6 ਮੌਤਾਂ



**ਲਖਨਊ :** ਲੁਧਿਆਣਾ ਤੋਂ ਦਰਭੰਗਾ (ਬਿਹਾਰ) ਜਾ ਰਹੀ ਡਬਲ-ਡੈਕਰ ਬੱਸ ਸੋਮਵਾਰ ਦੁਪਹਿਰ 3:30 ਵਜੇ ਦੇ ਕਰੀਬ ਪੂਰਵਾਂਚਲ ਐਕਸਪ੍ਰੈਸਵੇਅ 'ਤੇ ਪਲਟ ਗਈ। ਨਤੀਜੇ ਵਜੋਂ ਛੇ ਲੋਕਾਂ ਦੀ ਮੌਤ ਹੋ ਗਈ ਅਤੇ 16 ਜ਼ਖਮੀ ਹੋ ਗਏ। ਡਰਾਈਵਰ ਗੋਸਾਈਗੰਜ ਦੇ ਖੇਮਾ ਖੇੜਾ ਪਿੰਡ ਨੇੜੇ ਕੰਟਰੋਲ ਗੁਆ ਬੈਠਾ। ਲੋਕਾਂ ਨੇ ਦੱਸਿਆ ਕਿ ਹਾਦਸਾ ਡਰਾਈਵਰ ਨੂੰ ਨੀਂਦ ਆਉਣ ਕਾਰਨ ਹੋਇਆ।

## ਮੈਕਸੀਕੋ ਦਾ ਵੱਡਾ ਡਰੱਗ ਸਮੱਗਲਰ ਅਲ ਮੈਂਚੋ ਮਾਰਿਆ ਗਿਆ



**ਮੈਕਸੀਕੋ ਸਿਟੀ :** ਮੈਕਸੀਕੋ ਦੇ ਸਭ ਤੋਂ ਖਤਰਨਾਕ ਨਸ਼ਾ ਤਸਕਰਾਂ ਵਿੱਚੋਂ ਇੱਕ ਨੇਮੇਸੀਓ ਓਸੇਗੁਏਰਾ ਉਰਫ ਅਲ ਮੈਂਚੋ ਇੱਕ ਫੌਜੀ ਕਾਰਵਾਈ ਦੌਰਾਨ ਮਾਰਿਆ ਗਿਆ ਹੈ। ਇਸ ਘਟਨਾ ਤੋਂ ਬਾਅਦ ਪੂਰੇ ਇਲਾਕੇ ਵਿੱਚ ਹਿੰਸਾ ਫੈਲ ਗਈ ਹੈ। ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ 'ਤੇ ਅਮਰੀਕਾ ਵੱਲੋਂ ਲਗਾਤਾਰ ਦਬਾਅ ਬਣਾਇਆ ਜਾ ਰਿਹਾ ਸੀ ਕਿ ਉਹ ਉਨ੍ਹਾਂ ਨਸ਼ਾ ਤਸਕਰਾਂ ਖਿਲਾਫ ਸਖਤ ਕਾਰਵਾਈ ਕਰਨ ਜੋ ਅਮਰੀਕਾ ਵਿੱਚ ਸਿੰਥੈਟਿਕ ਨਸ਼ਾ ਸਪਲਾਈ ਕਰਦੇ ਹਨ। 60 ਸਾਲਾ ਮੈਂਚੋ ਸ਼ਕਤੀਸ਼ਾਲੀ ਜਾਲਿਸਕੋ ਨਿਊ ਜਨਰੇਸ਼ਨ ਕਾਰਟੇਲ ਦਾ ਮੁਖੀ ਸੀ। ਉਹ ਮੈਕਸੀਕੋ ਦੀਆਂ ਵਿਸ਼ੇਸ਼ ਫੌਜੀ ਟੁਕੜੀਆਂ ਵੱਲੋਂ ਕੀਤੇ ਗਏ ਅਪ੍ਰੇਸ਼ਨ ਦੌਰਾਨ ਜ਼ਖਮੀ ਹੋ ਗਿਆ ਤੇ ਬਾਅਦ ਵਿਚ ਹਿਰਾਸਤ ਵਿੱਚ ਦਮ ਤੋੜ ਗਿਆ। ਉਸ ਦੀ ਦੇਹ ਨੂੰ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਮੈਕਸੀਕੋ ਸਿਟੀ ਲਿਆਂਦਾ ਗਿਆ। ਇਸ ਕਾਰਨ ਕਈ ਕੌਮਾਂਤਰੀ ਏਅਰਲਾਈਨਾਂ ਨੇ ਇਸ ਇਲਾਕੇ ਵਿੱਚ ਆਪਣੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ। ਸੁਰੱਖਿਆ ਦੇ ਮੱਦੇਨਜ਼ਰ ਕਈ ਰਾਜਾਂ ਵਿੱਚ ਸਕੂਲਾਂ ਦੀ ਛੁੱਟੀ ਕਰ ਦਿੱਤੀ ਗਈ ਹੈ। ਇਸ ਅਪ੍ਰੇਸ਼ਨ ਵਿੱਚ ਅਮਰੀਕੀ ਖੁਫੀਆ ਤੰਤਰ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੇਵਿਟ ਨੇ ਸੋਸ਼ਲ ਮੀਡੀਆ 'ਤੇ ਪੁਸ਼ਟੀ ਕੀਤੀ ਕਿ ਅਮਰੀਕਾ ਨੇ ਇਸ ਕਾਰਵਾਈ ਲਈ ਅਹਿਮ ਜਾਣਕਾਰੀ ਸਾਂਝੀ ਕੀਤੀ ਸੀ। ਟਰੰਪ ਪ੍ਰਸ਼ਾਸਨ ਨੇ ਮੈਕਸੀਕੋ ਦੀ ਫੌਜ ਦੀ ਇਸ ਸਫਲਤਾ ਦੀ ਸ਼ਲਾਘਾ ਕੀਤੀ ਹੈ ਅਤੇ ਇਸ ਨੂੰ ਇੱਕ ਵੱਡੀ ਉਪਲਬਧੀ ਦੱਸਿਆ ਹੈ। ਇਹ ਕਾਰਵਾਈ ਹੁਣ ਤੱਕ ਦੀਆਂ ਸਭ ਤੋਂ ਵੱਡੀਆਂ ਕਾਰਵਾਈਆਂ ਵਿੱਚੋਂ ਇੱਕ ਮੰਨੀ ਜਾ ਰਹੀ ਹੈ, ਕਿਉਂਕਿ ਅਲ ਮੈਂਚੋ ਦੇ ਕਾਰਟੇਲ ਨੇ ਅਮਰੀਕਾ ਵਿੱਚ ਅਰਬਾਂ ਡਾਲਰਾਂ ਦੇ ਨਸ਼ੇ ਪਹੁੰਚਾਏ ਸਨ। ਅਲ ਮੈਂਚੋ ਦੀ ਮੌਤ ਦੀ ਖਬਰ ਫੈਲਦਿਆਂ ਹੀ ਉਸ ਦੇ ਗਰੋਹ ਦੇ ਮੈਂਬਰਾਂ ਨੇ ਕਈ ਰਾਜਾਂ ਵਿੱਚ ਹਾਈਵੇਅ ਜਾਮ ਕਰ ਦਿੱਤੇ ਅਤੇ ਗੱਡੀਆਂ ਤੇ ਦੁਕਾਨਾਂ ਨੂੰ ਅੱਗ ਲਗਾ ਦਿੱਤੀ। ਹਾਲਾਂਕਿ ਕਿਸੇ ਆਮ ਨਾਗਰਿਕ ਦੀ ਮੌਤ ਦੀ ਖਬਰ ਨਹੀਂ ਹੈ ਪਰ ਜਾਲਿਸਕੋ ਦੇ ਮਸ਼ਹੂਰ ਟੂਰਿਸਟ ਸਥਾਨ ਪੋਰਟੋ ਵੈਲਾਰਟਾ ਵਿੱਚ ਸੈਲਾਨੀਆਂ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਇਸੇ ਦੌਰਾਨ ਭਾਰਤੀ ਦੂਤਾਵਾਸ ਨੇ ਭਾਰਤੀ ਨਾਗਰਿਕਾਂ ਲਈ ਐਡਵਾਈਜ਼ਰੀ ਜਾਰੀ ਕਰਕੇ ਚੌਕਸ ਰਹਿਣ ਅਤੇ ਫਿਲਹਾਲ ਘਰਾਂ ਦੇ ਅੰਦਰ ਹੀ ਰਹਿਣ ਦੀ ਅਪੀਲ ਕੀਤੀ ਹੈ।

## ਮੁਕੁਲ ਰਾਏ ਦਾ ਦੇਹਾਂਤ

**ਕੋਲਕਾਤਾ :** ਸਾਬਕਾ ਕੇਂਦਰੀ ਰੇਲ ਰਾਜ ਮੰਤਰੀ ਮੁਕੁਲ ਰਾਏ (71) ਦਾ ਇੱਥੇ ਨਿੱਜੀ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਉਹ ਕਈ ਦਿਨਾਂ ਤੋਂ ਕੋਮਾ ਵਿੱਚ ਸਨ। ਮੁਕੁਲ ਰਾਏ ਉਨ੍ਹਾਂ ਚੋਣਵੇਂ ਆਗੂਆਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ 1998 ਵਿੱਚ ਮਮਤਾ ਬੈਨਰਜੀ ਨਾਲ ਮਿਲ ਕੇ ਤ੍ਰਿਣਮੂਲ ਕਾਂਗਰਸ ਦੀ ਨੀਂਹ ਰੱਖੀ ਸੀ। ਉਨ੍ਹਾ ਨੇ ਦੋ ਵਾਰ ਰਾਜ ਸਭਾ ਵਿੱਚ ਪੱਛਮੀ ਬੰਗਾਲ ਦੀ ਨੁਮਾਇੰਦਗੀ ਕੀਤੀ। ਯੂ ਪੀ ਏ-2 ਸਰਕਾਰ ਵੇਲੇ ਰੇਲ ਰਾਜ ਮੰਤਰੀ ਰਹੇ। ਲੀਡਰਸ਼ਿਪ ਨਾਲ ਮੱਤਭੇਦ ਹੋਣ ਕਾਰਨ ਉਹ 2017 ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। 2021 ਦੀਆਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਉਹ ਭਾਜਪਾ ਦੀ ਟਿਕਟ 'ਤੇ ਕ੍ਰਿਸ਼ਨਾਨਗਰ ਉੱਤਰੀ ਸੀਟ ਤੋਂ ਵਿਧਾਇਕ ਚੁਣੇ ਗਏ। ਹਾਲਾਂਕਿ, ਚੋਣਾਂ ਤੋਂ ਕੁਝ ਸਮੇਂ ਬਾਅਦ ਹੀ ਉਹ ਦੁਬਾਰਾ ਤ੍ਰਿਣਮੂਲ ਕਾਂਗਰਸ ਵਿੱਚ ਵਾਪਸ ਪਰਤ ਆਏ ਸਨ।



## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ 31 ਮਾਰਚ 2026 ਨੂੰ ਲੰਘ ਰਹੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਕਾਰਡ 'ਨਵਾਂ ਜ਼ਮਾਨਾ' ਦਫਤਰ ਆ ਕੇ 31 ਮਾਰਚ ਤੋਂ ਪਹਿਲਾਂ-ਪਹਿਲਾਂ ਬਾਅਦ ਦੁਪਹਿਰ ਰੀਨਿਊ ਕਰਵਾਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ।

*-ਮੈਨੇਜਰ*

## ਖਹਿਰਾ ਦੇ ਘਰ ਦਾ ਇਕ ਹਿਸਾ ਢਾਹਿਆ

**ਕਪੂਰਥਲਾ :** ਹਲਕਾ ਭੁਲੱਥ ਦੇ ਰਾਮਗੜ੍ਹ ਵਿੱਚ ਪੰਜਾਬ ਪੁਲਸ ਦੀ ਟੀਮ ਤੇ ਹੋਰ ਅਮਲੇ ਨੇ ਸੋਮਵਾਰ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਦੇ ਘਰ ਦਾ ਇੱਕ ਹਿੱਸਾ ਢਾਹ ਦਿੱਤਾ। ਖਹਿਰਾ ਜੇ ਸੀ ਬੀ ਮਸ਼ੀਨ ਅੱਗੇ ਬੈਠ ਗਏ ਅਤੇ ਪੰਜਾਬ ਸਰਕਾਰ ਤੇ ਪੁਲਸ ਖਿਲਾਫ ਧਰਨਾ ਸ਼ੁਰੂ ਕਰ ਦਿੱਤਾ।

ਪ੍ਰਸ਼ਾਸਨਕ ਸੂਤਰਾਂ ਨੇ ਕਿਹਾ ਕਿ ਉਹ ਸਿਰਫ ਉਨ੍ਹਾਂ ਢਾਂਚਿਆਂ ਨੂੰ ਹੀ ਢਾਹ ਰਹੇ ਹਨ, ਜੋ ਨਿਯਮਾਂ ਅਨੁਸਾਰ ਗੈਰ-ਕਾਨੂੰਨੀ ਹਨ। ਖਹਿਰਾ ਨੇ ਇਸ ਕਾਰਵਾਈ ਨੂੰ ਪੂਰੀ ਤਰ੍ਹਾਂ ਰਾਜਨੀਤੀ ਤੋਂ ਪ੍ਰੇਰਤ ਦੱਸਿਆ ਹੈ। ਉਨ੍ਹਾ ਕਿਹਾ ਕਿ ਬਿਨਾਂ ਕਿਸੇ ਨੋਟਿਸ ਜਾਂ ਸੁਣਵਾਈ ਦੇ ਉਨ੍ਹਾ ਦੇ ਘਰ ਦਾ ਹਿੱਸਾ ਢਾਹਿਆ ਜਾ ਰਿਹਾ ਹੈ। ਖਹਿਰਾ ਵੱਲੋਂ ਮਦਦ ਦੀ ਅਪੀਲ ਕਰਨ ਤੋਂ ਬਾਅਦ ਉਨ੍ਹਾ ਦੇ ਘਰ ਦੇ ਬਾਹਰ



ਸਮਰਥਕਾਂ ਦਾ ਭਾਰੀ ਇਕੱਠ ਹੋ ਗਿਆ, ਜਿਸ ਕਾਰਨ ਪੂਰਾ ਇਲਾਕਾ ਇੱਕ ਛਾਉਣੀ ਵਿੱਚ ਤਬਦੀਲ ਹੋ ਗਿਆ। ਪ੍ਰਦਰਸ਼ਨਕਾਰੀਆਂ ਅਤੇ ਪੁਲਸ ਵਿਚਾਲੇ ਟਕਰਾਅ ਵਾਲੀ ਸਥਿਤੀ ਬਣੀ ਰਹੀ। ਕਿਸੇ ਵੀ ਤਰ੍ਹਾਂ ਦੀ ਹਿੰਸਕ ਘਟਨਾ ਨੂੰ ਰੋਕਣ ਲਈ ਪੁਲਸ ਨੇ ਘਰ ਦੇ ਆਲੇ-ਦੁਆਲੇ ਦੇ ਇਲਾਕੇ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ।

## ਚੰਡੀਗੜ੍ਹ ਦੀ ਕੌਂਸਲਰ ਕਾਂਗਰਸ 'ਚ

**ਚੰਡੀਗੜ੍ਹ :** ਨਗਰ ਨਿਗਮ ਚੋਣਾਂ ਤੋਂ ਪਹਿਲਾਂ ਸੋਮਵਾਰ ਨੂੰ 'ਆਪ' ਕੌਂਸਲਰ ਪ੍ਰੇਮਲਤਾ ਨੇ ਕਾਂਗਰਸ ਦਾ ਪੱਲਾ ਫੜ ਲਿਆ। ਪ੍ਰੇਮਲਤਾ ਦੇ ਨਾਲ-ਨਾਲ 'ਆਪ' ਦੇ ਮਰਹੂਮ ਆਗੂ ਪ੍ਰਦੀਪ ਛਾਬੜਾ ਦੀ ਪਤਨੀ ਰਿਤੂ ਛਾਬੜਾ ਨੇ ਵੀ ਕਾਂਗਰਸ ਵਿੱਚ ਵਾਪਸੀ ਕਰ ਲਈ ਹੈ।

ਇਸ ਤੋਂ ਇਲਾਵਾ ਹਰਜਿੰਦਰ ਸਿੰਘ ਬਾਵਾ, ਕੁਲਦੀਪ ਸਿੰਘ ਕੁੱਕੀ ਅਤੇ ਯੇਂਕੀ ਕਾਲੀਆ ਵਰਗੇ ਕਈ ਹੋਰ ਆਗੂਆਂ ਨੇ ਵੀ ਕਾਂਗਰਸ ਦੀ ਮੈਂਬਰਸ਼ਿਪ ਹਾਸਲ ਕੀਤੀ। ਚੋਣਾਂ 2026 ਦੇ ਅੰਤ ਵਿੱਚ ਹੋਣੀਆਂ ਹਨ।

## ਇੰਗਲੈਂਡ ਤੋਂ ਆਏ ਤਰਲੋਚਨ ਮੁਠੱਡਾ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨ



**ਜਲੰਧਰ :** ਇੰਗਲੈਂਡ ਅੰਦਰ ਸਾਹਿਤਕ ਤੇ ਸੱਭਿਆਚਾਰਕ ਸਰਗਰਮੀਆਂ ਨਾਲ ਜੁੜੇ ਮਹੱਤਵਪੂਰਨ ਮੁੱਦਿਆਂ ਉਪਰ ਸਮੇਂ-ਸਮੇਂ ਲਿਖਣ ਵਾਲੇ ਆਪਣੀ ਜਨਮ ਭੋਇੰ ਪੰਜਾਬ ਅਤੇ ਦੇ ਪ੍ਰਦੇਸ ਅੰਦਰ ਲੋਕ ਸਰੋਕਾਰਾਂ ਨਾਲ ਜੁੜ ਕੇ ਰਹਿਣ ਵਾਲੇ ਤਰਲੋਚਨ ਸਿੰਘ ਮੁਠੱਡਾ ਗਲਾਸਗੋ (ਸਕਾਟਲੈਂਡ) ਨੇ ਸੋਮਵਾਰ ਦੇਸ਼ ਭਗਤ ਯਾਦਗਾਰ ਹਾਲ ਪੁੱਜ ਕੇ ਮਹਾਨ ਗ਼ਦਰੀ ਦੇਸ਼ ਭਗਤਾਂ ਅਤੇ ਆਜ਼ਾਦੀ ਸੰਗਰਾਮ ਦੇ ਇਨਕਲਾਬੀ ਯੋਧਿਆਂ ਨੂੰ ਸਿਜਦਾ ਕੀਤਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਸੱਭਿਆਚਾਰਕ ਵਿੰਗ ਪਰਵਾਰ ਨਾਲ ਜੁੜੇ ਲੇਖਕਾਂ, ਇਤਿਹਾਸਕਾਰਾਂ, ਰੰਗਕਰਮੀਆਂ ਨਾਲ ਉਹਨਾਂ ਦੀ ਮਿਲਣੀ ਮੌਕੇ ਤਰਲੋਚਨ ਮੁਠੱਡਾ ਨੇ ਇੰਗਲੈਂਡ ਦੇ ਤਾਜ਼ਾ ਹਾਲਾਤ, ਪਿਛਲੇ ਅਰਸੇ ਤੋਂ ਉੱਥੇ ਗਈ ਜੁਆਨੀ ਬਾਰੇ ਵਿਚਾਰਾਂ ਕੀਤੀਆਂ ਅਤੇ ਇਹ ਜਾਣਕਾਰੀ ਵੀ ਸਾਂਝੀ ਕੀਤੀ ਕਿ ਪੰਜਾਬ ਅਤੇ ਪੂਰੇ ਮੁਲਕ ਦੇ ਜੋ ਹਾਲਾਤ ਕਈ ਪੱਖਾਂ ਤੋਂ ਬਣਦੇ ਜਾ ਰਹੇ ਹਨ, ਉਸ ਬਾਰੇ ਵੀ ਉੱਥੇ ਵਸਦੇ ਸੁਹਿਰਦ ਪਰਵਾਰ ਕਾਫ਼ੀ ਚਿੰਤਾਤੁਰ ਹਨ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਮੁਹਿੰਮ ਸੰਬੰਧੀ 27 ਫਰਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ 'ਚ ਰੱਖੀ ਵਿਚਾਰ-ਚਰਚਾ, ਸਾਲ ਭਰ ਨਿਰੰਤਰ ਮੁਹਿੰਮ ਦੀ ਰੂਪ-ਰੇਖਾ ਅਤੇ ਇਸ ਦੀ ਸਿਖ਼ਰ 'ਤੇ ਪਹਿਲੀ ਨਵੰਬਰ ਨੂੰ ਹੋਣ ਵਾਲਾ 'ਮੇਲਾ ਗ਼ਦਰੀ ਬਾਬਿਆਂ ਦਾ' ਤੱਕ ਲਿਜਾਣ ਦੀ ਇਸ ਮੌਕੇ ਜਾਣਕਾਰੀ ਸਾਂਝੀ ਕਰਦਿਆਂ ਪਰਦੇਸ ਵਸਦੇ ਪੰਜਾਬੀਆਂ ਤੋਂ ਭਰਵੇਂ ਯੋਗਦਾਨ ਦੀ ਅਪੀਲ ਕੀਤੀ। ਕਮੇਟੀ ਆਗੂਆਂ ਨੇ ਹਾਲ ਅੰਦਰ ਲਾਇਬ੍ਰੇਰੀ, ਮਿਊਜ਼ੀਅਮ, ਫ਼ਿਲਮ ਥੀਏਟਰ, ਵੱਖ-ਵੱਖ ਹਾਲਾਂ ਦੀਆਂ ਲੋੜਾਂ ਦੀ ਪੂਰਤੀ ਲਈ ਚੁੱਕੇ ਜਾ ਰਹੇ ਕੰਮਾਂ-ਕਾਰਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਸਾਂਝੀ ਵਿਚਾਰ-ਚਰਚਾ ਦਾ ਸਾਰ ਤੱਤ ਇਹ ਸੀ ਕਿ ਪ੍ਰਸਪਰ ਸਹਿਯੋਗ ਅਤੇ ਜਾਣਕਾਰੀ ਉੱਥੋਂ ਦੀਆਂ ਸੰਸਥਾਵਾਂ ਅਤੇ ਕਮੇਟੀ ਦਰਮਿਆਨ ਭਵਿੱਖ ਵਿੱਚ ਹੋਰ ਵੀ ਵਧੇਰੇ ਨੇੜਿਓਂ ਜੁੜ ਕੇ ਰਹਿਣੀ ਚਾਹੀਦੀ ਹੈ।

ਤਰਲੋਚਨ ਮੁਠੱਡਾ ਦਾ ਕਮੇਟੀ ਵੱਲੋਂ ਸਨਮਾਨ ਚਿੰਨ੍ਹ ਅਤੇ ਪੁਸਤਕਾਂ ਦੇ ਸੈੱਟ ਨਾਲ ਸਨਮਾਨ ਕੀਤਾ ਗਿਆ। ਉਨ੍ਹਾਂ ਨਾਲ ਉਨ੍ਹਾਂ ਦੇ ਨਜ਼ਦੀਕੀ ਪਰਵਾਰ ਮੈਂਬਰ ਵੀ ਆਏ ਹੋਏ ਸਨ।

ਸਨਮਾਨ ਅਤੇ ਵਿਚਾਰ-ਚਰਚਾ ਮੌਕੇ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਦੇ ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਅਜਮੇਰ ਸਿੰਘ, ਚਰੰਜੀ ਲਾਲ ਕੰਗਣੀਵਾਲ, ਸੱਭਿਆਚਾਰਕ ਵਿੰਗ ਨਾਲ ਜੁੜੇ ਡਾ. ਹਰਜੀਤ, ਜਸਵਿੰਦਰ ਪੱਪੀ, ਕੁਲਵੰਤ ਕੌਰ ਨਗਰ (ਮਾਨਵਤਾ ਕਲਾ ਮੰਚ ਨਗਰ) ਸ਼ਾਮਲ ਸਨ।

## ਅੱਜ-ਨਾਮਾ

ਚੰਡੀਗੜ੍ਹੋਂ ਇੱਕ ਖਬਰ ਅਜੀਬ ਆ ਗਈ,
ਵੱਡੀ ਠੱਗੀ ਕੋਈ ਠੱਗ ਗਏ ਮਾਰ ਮੀਆਂ।
ਮਾਰ ਸਰਕਾਰ ਹਰਿਆਣੇ ਨੂੰ ਪਈ ਸਿੱਧੀ,
ਰਲ ਕੇ ਅਫਸਰਾਂ ਕੀਤਾ ਈ ਵਾਰ ਮੀਆਂ।
ਕਰੋੜਾਂ ਟੱਪੀ ਤੇ ਅਰਬਾਂ ਤੱਕ ਮਾਰ ਪੁੱਜੀ,
ਅਪਰਾਧੀ ਗਏ ਸਰਕਾਰ ਨੂੰ ਚਾਰ ਮੀਆਂ।
ਜਿਹੜੇ ਠੱਗਾਂ ਸੀ ਲੁੱਟ ਲਿਆ ਮਾਲ ਏਨਾ,
ਨਿਕਲ ਗਏ ਹੋਸੀ ਸਮੁੰਦਰੋਂ ਪਾਰ ਮੀਆਂ।
ਸਰਕਾਰ ਰਾਜ ਦੀ ਸੁਣੀ ਇਹ ਕਹੀ ਜਾਂਦੀ,
ਹੋਊਗੀ ਲੁੱਟ ਦੀ ਗਹਿਰੀ ਪੜਤਾਲ ਮੀਆਂ।
ਅਗਲੀ ਵਾਰ ਜੇ ਏਦਾਂ ਫਿਰ ਹੋ ਗਿਆ ਤਾਂ,
ਇਹ ਹੀ ਹੋਸੀ ਪੜਤਾਲਾਂ ਦਾ ਹਾਲ ਮੀਆਂ।

*-ਤੀਸ ਮਾਰ ਖਾਂ*

## ਜੇ ਐੱਨ ਯੂ 'ਚ ਟਕਰਾਅ, ਪ੍ਰਸ਼ਾਸਨ 'ਤੇ ਏ ਬੀ ਵੀ ਪੀ ਨੂੰ ਸ਼ਿਸ਼ਕਾਰਨ ਦਾ ਦੋਸ਼

**ਨਵੀਂ ਦਿੱਲੀ :** ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐੱਨ ਯੂ) ਵਿੱਚ ਐਤਵਾਰ ਦੇਰ ਰਾਤ ਦੋ ਵਿਦਿਆਰਥੀ ਗੁੱਟਾਂ ਵਿਚਾਲੇ ਹੋਈ ਹਿੰਸਕ ਝੜਪ ਵਿੱਚ ਕਈ ਵਿਦਿਆਰਥੀ ਜ਼ਖਮੀ ਹੋ ਗਏ। ਖੱਬੇ ਪੱਖੀ ਜਥੇਬੰਦੀਆਂ ਅਤੇ ਏ ਬੀ ਵੀ ਪੀ ਨੇ ਇੱਕ-ਦੂਜੇ 'ਤੇ ਹਿੰਸਾ ਭੜਕਾਉਣ ਦੇ ਦੋਸ਼ ਲਾਏ ਹਨ, ਜਦਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਕੈਂਪਸ ਵਿੱਚ ਅਨੁਸ਼ਾਸਨਹੀਣਤਾ ਫੈਲਾਉਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ।ਸੋਮਵਾਰ ਰਾਤ ਕਰੀਬ 1:30 ਵਜੇ ਵਾਈਸ ਚਾਂਸਲਰ (ਵੀ ਸੀ) ਵਿਰੁੱਧ ਚੱਲ ਰਿਹਾ ਪ੍ਰਦਰਸ਼ਨ ਹਿੰਸਕ ਰੂਪ ਧਾਰ ਗਿਆ, ਜਿਸ ਮਗਰੋਂ ਕੈਂਪਸ ਵਿੱਚ ਤਣਾਅ ਫੈਲ ਗਿਆ। ਜ਼ਿਕਰਯੋਗ ਹੈ ਕਿ ਖੱਬੇ ਪੱਖੀ ਜਥੇਬੰਦੀਆਂ ਦੀ ਹਮਾਇਤ ਵਾਲੀ ਜੇ ਐੱਨ ਯੂ ਸਟੂਡੈਂਟਸ ਯੂਨੀਅਨ (ਜੇ ਐੱਨ ਯੂ ਐੱਸ ਯੂ) ਨੇ ਐਤਵਾਰ ਰਾਤ ਈਸਟ ਗੇਟ ਵੱਲ 'ਸਮਤਾ ਜਲੂਸ' ਕੱਢਣ ਦਾ ਸੱਦਾ ਦਿੱਤਾ ਸੀ। ਵਿਦਿਆਰਥੀ ਵਾਈਸ ਚਾਂਸਲਰ ਸ਼ਾਂਤੀਸ਼੍ਰੀ ਧੂਲੀਪੁੜੀ ਪੰਡਿਤ ਦੇ ਅਸਤੀਫੇ ਅਤੇ ਇੱਕ ਵਿਦਿਆਰਥੀ ਨੂੰ ਕੱਢਣ (ਰਸਟੀਕੇਸ਼ਨ) ਦੇ ਹੁਕਮ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਸਨ। ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਨੇ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਬਜਾਏ ਏ ਬੀ ਵੀ ਪੀ ਦੇ ਮੈਂਬਰਾਂ ਨੂੰ ਟਕਰਾਅ ਦੀ ਖੁੱਲ੍ਹ ਦਿੱਤੀ। ਦੂਜੇ ਪਾਸੇ, ਸੱਜੇ ਪੱਖੀ ਵਿਦਿਆਰਥੀ ਜਥੇਬੰਦੀ ਏ ਬੀ ਵੀ ਪੀ ਨੇ ਖੱਬੇ ਪੱਖੀਆਂ'ਤੇ ਹਿੰਸਾ ਸ਼ੁਰੂ ਕਰਨ ਦੇ ਦੋਸ਼ ਮੜ੍ਹੇ ਹਨ। ਦੱਸਣਯੋਗ ਹੈ ਕਿ ਵੀ ਸੀ ਵੱਲੋਂ ਇੱਕ ਇੰਟਰਵਿਊ ਦੌਰਾਨ ਦਿੱਤੇ ਬਿਆਨ ਕਿ 'ਭਾਈਚਾਰੇ ਸਥਾਈ ਤੌਰ 'ਤੇ ਪੀੜਤ ਬਣ ਕੇ ਜਾਂ ਵਿਕਟਿਮ ਕਾਰਡ ਖੇਡ ਕੇ ਤਰੱਕੀ ਨਹੀਂ ਕਰ ਸਕਦੇ', ਕਾਰਨ ਵਿਵਾਦ ਖੜ੍ਹਾ ਹੋ ਗਿਆ ਸੀ। ਜੇ ਐੱਨ ਯੂ ਐੱਸ ਯੂ ਨੇ ਇਨ੍ਹਾਂ ਟਿੱਪਣੀਆਂ ਨੂੰ 'ਜਾਤੀਵਾਦੀ' ਅਤੇ ਪੱਛੜੇ ਭਾਈਚਾਰਿਆਂ ਪ੍ਰਤੀ 'ਸੰਵੇਦਨਹੀਣ' ਕਰਾਰ ਦਿੱਤਾ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਘਟਨਾ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ। ਪ੍ਰਸ਼ਾਸਨ ਅਨੁਸਾਰ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੇ ਕਈ ਅਕਾਦਮਿਕ ਇਮਾਰਤਾਂ ਨੂੰ ਤਾਲੇ ਲਗਾ ਦਿੱਤੇ ਸਨ ਅਤੇ ਲਾਇਬ੍ਰੇਰੀ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਜ਼ਬਰਦਸਤੀ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਲਈ ਡਰਾਇਆ-ਧਮਕਾਇਆ, ਜਿਸ ਕਾਰਨ ਝੜਪ ਹੋਈ। ਯੂਨੀਵਰਸਿਟੀ ਨੇ ਸਪੱਸ਼ਟ ਕੀਤਾ ਹੈ ਕਿ ਭਾਰਤੀ ਨਿਆ ਸੰਹਿਤਾ ਅਤੇ ਯੂਨੀਵਰਸਿਟੀ ਦੇ ਨਿਯਮਾਂ ਤਹਿਤ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ ਜੇ ਐੱਨ ਯੂ ਐੱਸ ਯੂ ਨੇ 26 ਫਰਵਰੀ ਨੂੰ ਸਿੱਖਿਆ ਮੰਤਰਾਲੇ ਤੱਕ 'ਲੌਂਗ ਮਾਰਚ' ਕਰਨ ਦਾ ਐਲਾਨ ਕੀਤਾ ਹੈ ਅਤੇ ਵਾਈਸ ਚਾਂਸਲਰ ਦੇ ਅਸਤੀਫੇ ਦੀ ਮੰਗ ਦੁਹਰਾਈ ਹੈ।



24-FEB-PAGE-1.qxd 2/23/2026 9:16 PM Page 2



## ਪੁਲਸ ਥਾਣਾ ਠੁੱਲੀਵਾਲ ਵਿਖੇ ਧਾਰਮਿਕ ਸਮਾਗਮ ਕਰਵਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੁਲਸ ਥਾਣਾ ਠੁੱਲੀਵਾਲ ਵਿਖੇ ਸਮੂਹ ਸਟਾਫ ਵੱਲੋਂ ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਥਾਣਾ ਮੁਖੀ ਗੁਰਪਾਲ ਸਿੰਘ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਧਾਰਮਿਕ ਸਮਾਗਮ ਸਿਰਫ਼ ਆਤਮਿਕ ਸ਼ਾਂਤੀ ਹੀ ਨਹੀਂ ਬਖ਼ਸ਼ਦੇ, ਸਗੋਂ ਸਾਨੂੰ ਸੱਚਾਈ ਅਤੇ ਨੈਤਿਕਤਾ ਦੇ ਰਸਤੇ 'ਤੇ ਤੁਰਨ ਦੀ ਪ੍ਰੇਰਨਾ ਵੀ ਦਿੰਦੇ ਹਨ।ਅੱਜ ਦੇ ਸਮੇਂ ਵਿੱਚ ਸਮਾਜ ਨੂੰ ਨਸ਼ਿਆਂ ਵਰਗੀ ਵੱਡੀ ਬੁਰਾਈ ਤੋਂ ਬਚਾਉਣ ਲਈ ਸਾਰਿਆਂ ਨੂੰ ਇਕੱਠੇ ਹੋ ਕੇ ਯਤਨ ਕਰਨ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਇਸ ਸਮੇਂ ਨੌਜਵਾਨ ਵਰਗ ਨੂੰ ਖੇਡਾਂ, ਸਿੱਖਿਆ ਅਤੇ ਸਮਾਜ ਸੇਵਾ ਦੇ ਕੰਮਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ।ਪੁਲਸ ਪ੍ਰਸ਼ਾਸਨ ਅਮਨ-ਸ਼ਾਂਤੀ ਬਣਾਈ ਰੱਖਣ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਿਹਾ ਹੈ।ਉਨ੍ਹਾਂ ਅਪੀਲ ਕੀਤੀ ਕਿ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਅਤੇ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਪੁਲਸ ਦਾ ਸਾਥ ਦੇਣ ਲਈ ਅੱਗੇ ਆਉਣ।ਇਸ ਸਮੇਂ ਪ੍ਰਬੰਧਕਾਂ ਵੱਲੋਂ ਵੱਖ-ਵੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਏ ਐਸ ਆਈ ਮਨਜਿੰਦਰ ਸਿੰਘ ਸ਼ੇਰਪੁਰ, ਏ ਐਸ ਆਈ ਰਵਿੰਦਰ ਸਿੰਘ, ਲਖਵੀਰ ਕੌਰ, ਹੌਲਦਾਰ ਦੀਪ ਸਿੰਘ, ਮੁਨਸ਼ੀ ਗੁਰਦੀਪ ਸਿੰਘ ਸਮੇਤ ਸਮੂਹ ਸਟਾਫ ਕਰਮਚਾਰੀ ਅਤੇ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

## ਡੀ ਸੀ ਮਾਡਲ ਸਕੂਲ 'ਚ ਹਰਬਲ ਗਾਰਡਨ ਦੀ ਸਥਾਪਨਾ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਦਿਆਰਥੀਆਂ ਨੂੰ ਵਾਤਾਵਰਣ ਦਾ ਸੰਦੇਸ਼ ਦੇਣ ਤੇ ਹਰਬਲ ਗਾਰਡਨ ਨੂੰ ਉਤਸ਼ਾਹਿਤ ਕਰਨ ਦੇ ਮਨੋਰਥ ਨਾਲ ਡੀਸੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿੱਚ ਹਰਬਲ ਗਾਰਡਨ ਸਥਾਪਤ ਕੀਤਾ ਗਿਆ ਹੈ। ਇਸ ਵਿਚ ਵਿਦਿਆਰਥੀਆਂ ਵੱਲੋਂ ਆਪਣੇ ਹੱਥਾਂ ਨਾਲ ਤੁਲਸੀ, ਲੈਮਨ ਗ੍ਰਾਸ, ਮੋਰਿੰਗਾ, ਅਰਜੁਨ, ਨਿੰਬੂ, ਮਹਿੰਦੀ, ਹਲਦੀ, ਅਦਰਕ, ਆਂਵਲਾ, ਐਲੋਵੇਰਾ ਸਮੇਤ ਹੋਰ ਪੌਦੇ ਲਾਏ ਗਏ ਹਨ। ਪ੍ਰਿੰਸੀਪਲ ਯਾਚਨਾ ਚਾਵਲਾ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਵਾਤਾਵਰਣ, ਵਣ ਤੇ ਕਲਾਈਮੇਟ ਚੇਂਜ ਮੰਤਰਾਲੇ ਵੱਲੋਂ 'ਮਿਸ਼ਨ ਲਾਈਫ' ਦੀ ਥੀਮ ਤਹਿਤ ਹੈਲਦੀ ਲਾਈਫ ਸਟਾਈਲ ਦਾ ਸੰਦੇਸ਼ ਦੇਣ ਦੇ ਮਨੋਰਥ ਨਾਲ ਇਸ ਤਰ੍ਹਾਂ ਦੇ ਗਾਰਡਨ ਸਕੂਲਾਂ ਵਿਚ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਕੂਲ ਦੇ ਪਲੇਅ ਗਰਾਊਂਡ ਵਿੱਚ ਵਿਦਿਆਰਥੀਆਂ ਨੇ ਹਰਬਲ ਗਾਰਡਨ ਬਣਾ ਕੇ ਉਸ ਵਿਚ ਪੌਦੇ ਲਾਉਣ ਦੇ ਨਾਲ-ਨਾਲ ਉਨ੍ਹਾਂ ਦੀ ਦੇਖਭਾਲ ਦਾ ਪ੍ਰਣ ਵੀ ਲਿਆ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਪੌਦਿਆਂ ਦੀ ਸਾਡੇ ਜੀਵਨ ਵਿਚ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਡਿਪਟੀ ਪ੍ਰਿੰਸੀਪਲ ਮਨੀਸ਼ ਬਾਂਗਾ, ਸੀਨੀਅਰ ਜੀਐੱਮ ਰਿਟਾਇਰਡ ਕਰਨਲ ਪਿਊਸ਼ ਬੇਰੀ, ਹੈੱਡ ਮਿਸਟਰੈਸ ਰਿਤਿਕਾ ਸੋਨੀ, ਡੀਜੀਐੱਮ ਐਡਮਿਨ ਅਨੂ ਸ਼ਰਮਾ, ਏਜੀਐੱਮ ਇਵੈਂਟ ਹੀਨਾ ਅਰੋੜਾ, ਈਕੋ ਕਲੱਬ ਇੰਚਾਰਜ ਸ਼ੈਲੀ ਦੁਆ ਸਮੇਤ ਹੋਰ ਹਾਜ਼ਰ ਸਨ।

## ਪਿੰਡਾਂ 'ਚ ਆਪ ਸਰਕਾਰ ਬਣਾਉਣ ਦੇ ਮੁੜ ਚਰਚੇ ਸ਼ੁਰੂ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਦੇ ਪਿੰਡਾਂ ਦੇ ਬਸ਼ਿੰਦਿਆਂ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਪ੍ਰਤੀ ਖੁਸ਼ੀਆਂ ਦਾ ਮਾਹੌਲ ਹੈ, ਕਿਉਂਕਿ ਪਿੰਡਾਂ ਅੰਦਰ ਪੰਜਾਬ ਸਰਕਾਰ ਨੇ ਜੋ ਵਿਕਾਸ ਕਾਰਜਾਂ ਦੀਆਂ ਹਨੇਰੀਆਂ ਲਿਆਂ ਦਿੱਤੀਆਂ ਹਨ।ਖੇਤੀ ਨੂੰ ਨਹਿਰੀ ਪਾਣੀ, ਬਿਨਾਂ ਸਿਫ਼ਾਰਸ਼ਾਂ ਤੋਂ ਸਰਕਾਰੀ ਨੌਕਰੀਆਂ ਮਿਲਣਾ, ਮੁਫ਼ਤ ਸਿਹਤ ਇਲਾਜ, ਮੁਫ਼ਤ ਬਿਜਲੀ ਦੀਆਂ ਸਹੂਲਤਾਂ ਨੇ ਪੰਜਾਬੀਆਂ ਨੂੰ ਬਾਗ਼ੋਬਾਗ ਕਰ ਦਿੱਤਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਮਾਲਵਾ ਜ਼ੋਨ ਕਿਸਾਨ ਵਿੰਗ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਅੱਕਾਂਵਾਲੀ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਜਿੱਥੇ ਲੋਕ ਉੱਥੇ ਸਰਕਾਰ ਤਾਹਿਤ ਪਾਰਟੀ ਵੱਲੋਂ ਹਲਕਾ ਸਰਦੂਲਗੜ੍ਹ ਦੇ ਪਿੰਡਾਂ ਅੰਦਰ ਸੰਬੋਧਨ ਕਰਦਿਆਂ ਕੀਤਾ। ਜ਼ਿਕਰ ਹੈ ਕਿ ਅੱਕਾਂਵਾਲੀ ਪਿਛਲੇ ਕਈ ਦਿਨਾਂ ਤੋਂ ਪਾਰਟੀ ਵੱਲੋਂ ਲੱਗੀ ਡਿਊਟੀ ਅਨੁਸਾਰ ਸਰਦੂਲਗੜ੍ਹ ਦੇ ਪਿੰਡਾਂ ਵਿੱਚ ਵਲੰਟੀਅਰਜ ਨੂੰ ਮਿਲ ਰਹੇ ਹਨ।ਉਨ੍ਹਾਂ ਕਿਹਾ ਕਿ 24 ਫਰਵਰੀ ਨੂੰ ਹਲਕਾ ਸਰਦੂਲਗੜ੍ਹ ਦੇ ਕਸਬਾ ਝੁਨੀਰ ਵਿਖੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹਲਕਾ ਸਰਦੂਲਗੜ੍ਹ ਨੂੰ ਵਿਕਾਸ ਕਾਰਜਾਂ ਲਈ ਵੱਡੇ ਐਲਾਨ ਕਰਨਗੇ ਤੇ ਇਸ ਫੇਰੀ ਤੋਂ ਬਾਅਦ ਮਾਨਸਾ ਜ਼ਿਲ੍ਹੇ ਦੀ ਸਿਆਸੀ ਫ਼ਿਜ਼ਾ ਹੀ ਬਦਲ ਜਾਵੇਗੀ, ਜਿਸਦਾ ਅਸਰ ਪੂਰੇ ਪੰਜਾਬ ਵਿੱਚ ਜਾਵੇਗਾ ਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਮੁੜ ਸਰਕਾਰ ਬਣਾਉਣ ਵਿੱਚ ਸਫਲ ਹੋਵੇਗੀ।ਉਨ੍ਹਾਂ ਕਿਹਾ ਕਿ ਵਿਰੋਧੀਆਂ ਦੇ ਸਾਰੇ ਭਰਮ ਭੁਲੇਖਿਆਂ ਨੂੰ ਦੂਰ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਦੇ ਕੰਮ ਕਰਨ ਦੀ ਲੋਕ ਤਾਰੀਫ਼ ਕਰ ਰਹੇ ਹਨ।

## ਕਿਸਾਨ ਅੰਦੋਲਨ ਦੇ ਸ਼ਹੀਦ ਸ਼ੁਭਕਰਨ ਸਿੰਘ ਨੂੰ ਸ਼ਰਧਾਂਜਲੀਆਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਸੈਂਕੜੇ ਕਿਸਾਨ ਮਜ਼ਦੂਰ ਬੀਬੀਆਂ ਟੋਲ ਪਲਾਜਾ ਘੱਗਾ ਦਿੱਲੀ ਜੰਮੂ ਕੱਟੜਾ ਐਕਸਪ੍ਰੈਸ ਵੇਅ ਵਿਖੇ ਕਿਸਾਨ ਅੰਦੋਲਨ 2 ਦੇ ਸ਼ਹੀਦ ਸ਼ੁਭਕਰਨ ਸਿੰਘ ਬੱਲੋ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਖਨੌਰੀ ਬਾਰਡਰ ਉੱਤੇ ਹਰਿਆਣਾ ਪੁਲਸ ਦੀ ਗੋਲੀ ਨਾਲ ਸ਼ਹੀਦ ਹੋਏ ਸ਼ੁਭਕਰਨ ਸਿੰਘ ਦੀ ਕੁਰਬਾਨੀ ਨੂੰ ਯਾਦ ਕੀਤਾ ਗਿਆ।ਅਮਰੀਕੀ ਸਾਮਰਾਜ ਅੱਗੇ ਗੋਡੇ ਟੇਕੀ ਖੜੇ ਭਾਰਤੀ ਰਾਜ ਪ੍ਰਬੰਧ ਖ਼ਿਲਾਫ ਸੰਘਰਸ਼ ਹੋਰ ਤਿੱਖਾ ਕਰਨ ਦਾ ਅਹਿਦ ਕੀਤਾ ਗਿਆ ਤੇ ਕਿਸਾਨਾਂ ਉੱਤੇ ਕੇਂਦਰ ਸਰਕਾਰ ਤੇ ਕੇਜਰੀਵਾਲ ਦੀ ਮਰਜ਼ੀ ਮੁਤਾਬਕ ਜਬਰ ਢਾਹੁਣ ਤੇ ਕਿਸਾਨਾਂ ਨਾਲ ਵਾਰ-ਵਾਰ ਮੀਟਿੰਗਾਂ ਰੱਖ ਕੇ ਮੁੱਕਰਨ ਵਾਲੀ ਭਗਵੰਤ ਮਾਨ ਦੀ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ। ਜਥੇਬੰਦੀ ਦੇ ਸੂਬਾਈ ਆਗੂ ਮਨਜੀਤ ਸਿੰਘ ਨਿਆਲ, ਗੁਰਦੇਵ ਸਿੰਘ ਗੱਜੂ ਮਾਜਰਾ, ਕਰਨੈਲ ਸਿੰਘ ਲੰਗ, ਗੁਰਪ੍ਰੀਤ ਕੌਰ ਬਰਾਸ, ਦਵਿੰਦਰ ਕੌਰ ਹਰਦਾਸਪੁਰ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੇ ਲੋਕਾਂ ਦੀ ਆਰਥਿਕਤਾ ਨੂੰ ਤਬਾਹ ਕਰ ਦਿੱਤਾ ਹੈ, ਜਿਸ ਕਾਰਨ ਕਿਸਾਨ ਤੇ ਮਜ਼ਦੂਰਾਂ ਦਾ ਲੱਕ ਟੁੱਟਿਆ ਪਿਆ ਹੈ।ਬਿਜਲੀ ਸੋਧ ਐਕਟ 2025, ਸੀਡ ਬਿਲ, ਰਾਮ ਜੀ ਰਾਮ ਸਕੀਮ, ਨਵੇਂ ਲੇਬਰ ਕੋਡ ਤੇ ਇੱਕ ਦੇਸ਼ ਇੱਕ ਭੂਮੀ ਰਿਜਰਵੇਸ਼ਨ ਦਾ ਕਾਨੂੰਨ ਰੱਦ ਕੀਤਾ ਜਾਵੇ, ਜੋ ਕਿ ਕਿਰਤੀ ਲੋਕਾਂ ਲਈ ਬਹੁਤ ਹੀ ਮਾਰੂ ਸਾਬਤ ਹੋਵੇਗੀ।

## ਨਿਰੰਕਾਰੀ ਮਿਸ਼ਨ ਵੱਲੋਂ ਪ੍ਰੋਜੈਕਟ ਅੰਮ੍ਰਿਤ ਦੇ ਚੌਥਾ ਪੜਾਅ ਤਹਿਤ ਲਾਇਆ ਕੈਂਪ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**-ਸਿਵਲ ਹਸਪਤਾਲ ਵਿਖੇ ਨਿਰੰਕਾਰੀ ਮਿਸ਼ਨ ਦੇ ਸੇਵਾਦਾਰਾਂ, ਸਾਧਸੰਗਤ ਤੇ ਹਸਪਤਾਲ ਦੇ ਅਧਿਕਾਰੀਆਂ ਦੇ ਸਹਿਯੋਗ ਨਾਲ ਸਫਾਈ ਅਭਿਆਨ ਚਲਾਇਆ ਗਿਆ, ਜਿਸ ਵਿੱਚ 100 ਤੋਂ ਵੱਧ ਭੈਣਾਂ ਤੇ ਮਹਾਂਪੁਰਸ਼ਾਂ ਨੇ ਹਿੱਸਾ ਲਿਆ।ਸ਼ੁਰੂਆਤ ਪ੍ਰਾਰਥਨਾ ਦੇ ਨਾਲ ਕੀਤੀ ਗਈ।ਬ੍ਰਾਂਚ ਮੁਖੀ ਵਿਜੇ ਕੁਮਾਰ ਨੇ ਦੱਸਿਆ ਕਿ ਸੰਤ ਨਿਰੰਕਰੀ ਮਿਸ਼ਨ ਨੇ ਬਾਬਾ ਹਰਦੇਵ ਸਿੰਘ ਦੀਆਂ ਪ੍ਰੇਰਨਾਦਾਇਕ ਸਿੱਖਿਆਵਾਂ ਨੂੰ ਅਪਣਾਉਂਦੇ ਹੋਏ ਸਾਲ 2023 ਵਿੱਚ ਭਾਰਤ ਸਰਕਾਰ ਦੇ ਸਹਿਯੋਗ ਨਾਲ ਮਿਲ ਕੇ ਪ੍ਰੋਜੈਕਟ ਅੰਮ੍ਰਿਤ ਸ਼ੁਰੂ ਕੀਤਾ ਗਿਆ ਸੀ, ਜਿਸ ਵਿੱਚ ਪਾਣੀ ਦੇ ਸਰੋਤ ਨੂੰ ਸਾਫ ਕਰਨਾ ਸਰਕਾਰੀ ਹਸਪਤਾਲਾਂ ਰੇਲਵੇ ਸਟੇਸ਼ਨਾਂ ਅਤੇ ਸਰਕਾਰੀ ਸਕੂਲਾਂ ਦੀ ਸਫਾਈ ਦਾ ਟੀਚਾ ਰੱਖਿਆ ਗਿਆ।ਸਤਿਗੁਰੂ ਮਾਤਾ ਸੁਦੀਕਸ਼ਾ ਮਹਾਰਾਜ ਦਾ ਸੰਦੇਸ਼ ਹਮੇਸ਼ਾ ਇਹੀ ਰਿਹਾ ਹੈ ਕਿ ਅਸੀਂ ਇਸ ਧਰਤੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਹੋਰ ਸੁੰਦਰ ਸਾਫ ਅਤੇ ਸੰਤੁਲਿਤ ਰੂਪ ਵਿੱਚ ਸੰਜੋਅ ਕੇ ਰੱਖੀਏ।ਪ੍ਰੋਗਰਾਮ ਦੇ ਅਖੀਰ ਵਿੱਚ ਸਤਸੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਜੇ ਕੁਮਾਰ ਨੇ ਫਰਮਾਇਆ ਕਿ ਪਾਣੀ ਨੂੰ ਸਾਫ ਸੁਥਰਾ ਰੱਖਣਾ ਤੇ ਚੁਗਿਰਦੇ ਨੂੰ ਸਾਫ-ਸੁਥਰਾ ਰੱਖਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ।

## ਤਰਕਸ਼ੀਲ ਸੁਸਾਇਟੀ ਵੱਲੋਂ ਕੌਮੀ ਗੀਤ ਤੋਂ ਪਹਿਲਾਂ 'ਵੰਦੇ ਮਾਤਰਮ' ਗਾਉਣ ਦੇ ਫ਼ਿਰਕੂ ਫੈਸਲੇ ਦਾ ਵਿਰੋਧ

**ਬਰਨਾਲਾ (ਰਾਜਿੰਦਰ ਬਰਾੜ)**

ਤਰਕਸ਼ੀਲ ਸੁਸਾਇਟੀ ਪੰਜਾਬ ਨੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਕੌਮੀ ਗੀਤ ਜਨ, ਗਨ, ਮਨ ਤੋਂ ਪਹਿਲਾਂ ਵੰਦੇ ਮਾਤਰਮ ਨੂੰ ਸਾਰੇ ਛੇ ਛੰਦਾਂ ਸਮੇਤ ਗਾਉਣ ਅਤੇ ਵਜਾਉਣ ਦੇ ਫ਼ਿਰਕੂ ਫੈਸਲੇ ਨੂੰ ਕੌਮੀ ਗੀਤ ਦਾ ਸਿੱਧਾ ਅਪਮਾਨ ਅਤੇ ਹਿੰਦੂ ਮੁਸਲਿਮ ਫ਼ਿਰਕੂ ਨਫ਼ਰਤ ਫੈਲਾਉਣ ਵਾਲਾ ਦੱਸਦਿਆਂ ਇਸ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਸਮੂਹ ਲੋਕ ਪੱਖੀ, ਧਰਮ ਨਿਰਪੱਖ ਅਤੇ ਨਿਆਂ ਪਸੰਦ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਖਾਸ ਕਰਕੇ ਅਧਿਆਪਕ ਤੇ ਵਿਦਿਆਰਥੀ ਜਥੇਬੰਦੀਆਂ ਨੂੰ ਇਸ ਵਿਵਾਦਤ ਫ਼ਿਰਕੂ ਫੈਸਲੇ ਦਾ ਡਟਵਾਂ ਵਿਰੋਧ ਕਰਨ ਦੀ ਅਪੀਲ ਕੀਤੀ। ਇਸ ਸਬੰਧੀ ਸੁਸਾਇਟੀ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ, ਸੁਰਜੀਤ ਟਿੱਬਾ, ਜਸਵਿੰਦਰ ਫਗਵਾੜਾ, ਜੋਗਿੰਦਰ ਕੁੱਲੇਵਾਲ ਅਤੇ ਸੁਮੀਤ ਅੰਮ੍ਰਿਤਸਰ ਨੇ ਤਰਕਸ਼ੀਲ ਭਵਨ ਤੋਂ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਵੰਦੇ ਮਾਤਰਮ ਦੇ ਤੀਜੇ ਛੰਦ ਤੋਂ ਬਾਅਦ ਦਾ ਸੰਦਰਭ ਮੁਸਲਿਮ ਫਿਰਕੇ ਨਾਲ ਲੜਨ ਅਤੇ ਉਸ ਨੂੰ ਦਬਾਉਣ ਦੀ ਤਕੀਦ ਕਰਦਾ ਹੈ ਅਤੇ ਮੋਦੀ ਹਕੂਮਤ ਵੱਲੋਂ ਕੌਮੀ ਗੀਤ ਦੇ ਗੁਣਗਾਣ ਤੋਂ ਪਹਿਲਾਂ ਵੰਦੇ ਮਾਤਰਮ ਦੇ ਵਿਵਾਦਤ ਛੰਦਾਂ ਨੂੰ ਸ਼ਾਮਿਲ ਕਰਕੇ ਹਿੰਦੂ ਮੁਸਲਿਮ ਦਾ ਵਿਵਾਦ ਹੋਰ ਭੜਕਾਉਣ ਦੀ ਫ਼ਿਰਕੂ ਸਿਆਸਤ ਕੀਤੀ ਗਈ। ਤਰਕਸ਼ੀਲ ਆਗੂਆਂ ਨੇ ਸਪੱਸ਼ਟ ਕੀਤਾ ਕਿ ਵੰਦੇ ਮਾਤਰਮ ਦਾ ਗੀਤ ਕੋਈ ਕੌਮੀ ਗੀਤ ਨਾ ਹੋ ਕੇ ਅਸਲ ਵਿੱਚ ਅੰਗਰੇਜ਼ ਭਗਤ ਬੰਕਿਮ ਚੰਦਰ ਚੈਟਰਜੀ ਵੱਲੋਂ 1882 ਵਿੱਚ ਲਿਖੇ ਨਾਵਲ 'ਆਨੰਦ ਮੱਠ' ਵਿੱਚ ਵਿਸ਼ਣੂ ਭਗਤ ਸੰਨਿਆਸੀ ਵਿਦਰੋਹੀਆਂ ਦਾ ਯੁੱਧ ਗੀਤ ਸੀ ਜਿਸ ਵਿੱਚ ਸੰਤਾਨ ਸੈਨਾ ਵੱਲੋਂ ਮੁਸਲਮਾਨਾਂ ਉਤੇ ਢਾਏ ਗਏ ਅੱਤਿਆਚਾਰਾਂ ਨੂੰ ਸ਼ਾਬਾਸ਼ ਦੇਣ ਅਤੇ ਗੌਰਵ ਦੇ ਰੂਪ ਵਿੱਚ ਬਿਆਨ ਕੀਤਾ ਗਿਆ ਹੈ ਅਤੇ ਇਹ ਕਿਸੇ ਵੀ ਤਰ੍ਹਾਂ ਸਮੂਹ ਦੇਸ਼ਵਾਸੀਆਂ ਅਤੇ ਫ਼ਿਰਕਿਆਂ ਦੀਆਂ ਭਾਵਨਾਵਾਂ ਦੀ ਪੂਰਤੀ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਭਾਜਪਾ ਹਕੂਮਤ ਦੇਸ਼ ਭਗਤੀ ਦੇ ਸੰਕਲਪ ਨੂੰ ਹਿੰਦੂ ਪ੍ਰਤੀਕਾਂ ਅਤੇ ਫ਼ਿਰਕੂ ਗੀਤਾਂ ਵਿੱਚ ਬਦਲ ਦੇਣ ਦੇ ਵਿਵਾਦ ਰਾਹੀਂ ਲਗਾਤਾਰ ਭੜਕਾ ਕੇ ਹਿੰਦੂ ਰਾਸ਼ਟਰ ਦੇ ਦੇਸ਼ ਵਿਰੋਧੀ ਏਜੰਡੇ ਨੂੰ ਅੱਗੇ ਵਧਾ ਰਹੀ ਹੈ।

ਉਨ੍ਹਾਂ ਨੇ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ - ਸੰਘ ਹਕੂਮਤ ਦੇਸ਼ ਵਿੱਚ ਵਿਕਰਾਲ ਰੂਪ ਧਾਰਨ ਕਰ ਚੁੱਕੀਆਂ ਬੇਰੁਜ਼ਗਾਰੀ, ਗਰੀਬੀ, ਭੁੱਖਮਰੀ, ਮਹਿੰਗਾਈ, ਖੁਦਕਸ਼ੀਆਂ, ਭ੍ਰਿਸ਼ਟਾਚਾਰ, ਬਿਜਲੀ ਸੋਧ ਬਿੱਲ, ਚਾਰ ਕਿਰਤ ਕਾਨੂੰਨ ਅਤੇ ਭਾਰਤ - ਅਮਰੀਕਾ ਮੁਕਤ ਵਪਾਰ ਸਮਝੌਤੇ ਵਜੋਂ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਅਤੇ ਆਮ ਲੋਕਾਂ ਵਿੱਚ ਵਧ ਰਹੀ ਬੇਚੈਨੀ ਤੋਂ ਧਿਆਨ ਪਾਸੇ ਹਟਾਉਣ ਲਈ ਜਾਣਬੁੱਝ ਕੇ ਹਿੰਦੂ-ਮੁਸਲਿਮ, ਮੰਦਰ-ਮਸਜਿਦ ਦੇ ਵਿਵਾਦ ਖੜ੍ਹੇ ਕਰ ਰਹੀ ਹੈ ਪਰ ਇਨਸਾਨੀਅਤ, ਜਮਹੂਰੀਅਤ ਨੂੰ ਪਿਆਰ ਕਰਨ ਵਾਲੇ ਕਰੋੜਾਂ ਲੋਕ ਭਾਜਪਾ-ਆਰ ਐੱਸ ਐੱਸ ਦੇ ਇਨ੍ਹਾਂ ਫ਼ਿਰਕੂ ਫਾਸ਼ੀਵਾਦੀ ਮਨਸੂਬਿਆਂ ਨੂੰ ਕਦੇ ਵੀ ਸਫ਼ਲ ਨਹੀਂ ਹੋਣ ਦੇਣਗੇ।

## ਰਾਸ਼ਟਰਪਤੀ ਟਰੰਪ ਦਾ ਪੁਤਲਾ ਫੂਕਿਆ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਝੜੌਦੀ ਵਿਖੇ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਕੇਂਦਰ ਸਰਕਾਰ ਵਲੋਂ ਅਮਰੀਕਾ ਨਾਲ ਕੀਤੇ ਕਿਸਾਨ ਮਾਰੂ ਸਮਝੌਤੇ ਦੇ ਵਿਰੋਧ 'ਚ ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਸਮਰਾਲਾ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਸੂਬਾਈ ਆਗੂ ਨਿੱਕਾ ਸਿੰਘ ਖੇੜਾ ਨੇ ਕਿਹਾ ਕਿ ਇਹ ਸਮਝੌਤਾ ਨਾ ਸਿਰਫ਼ ਦੇਸ਼ ਦੇ ਕਿਸਾਨਾਂ ਦੇ ਹਿੱਤਾਂ ਲਈ ਨੁਕਸਾਨਦੇਹ ਸਾਬਿਤ ਹੋਵੇਗਾ, ਸਗੋਂ ਪੂਰੇ ਦੇਸ਼ ਦੀ ਖੇਤੀਬਾੜੀ ਆਰਥਿਕਤਾ ਨੂੰ ਤਬਾਹ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਜੋ ਕਿ ਮੁੱਖ ਤੌਰ 'ਤੇ ਖੇਤੀ ਪ੍ਰਧਾਨ ਸੂਬਾ ਹੈ ਇਸ ਨਾਲ ਉਹ ਪੂਰੀ ਤਰ੍ਹਾਂ ਬਰਬਾਦ ਹੋ ਜਾਵੇਗਾ ਕਿਉਂਕਿ ਇਹ ਆਰਥਿਕ ਪੱਖ ਤੋਂ ਹੀ ਗੰਭੀਰ ਚਿੰਤਾ ਦਾ ਵਿਸ਼ਾ ਨਹੀਂ, ਸਗੋਂ ਇਸ ਸਰਹੱਦੀ ਸੂਬੇ ਵਿਚ ਸਮਾਜਿਕ ਤੇ ਰਣਨੀਤਕ ਪ੍ਰਭਾਵ ਵੀ ਪੈ ਸਕਦੇ ਹਨ। ਸੂਬਾਈ ਆਗੂ ਖੇੜਾ ਨੇ ਕਿਹਾ ਕਿ ਜਦੋਂ ਇਹ ਵਪਾਰ ਸਮਝੌਤਾ ਲਾਗੂ ਹੋ ਗਿਆ ਤਾਂ ਦੇਸ਼ ਵਿੱਚ ਸਸਤੇ ਖੇਤੀ ਉਤਪਾਦ ਘਰੇਲੂ ਉਤਪਾਦਾਂ ਦੀ ਥਾਂ ਲੈ ਲੈਣਗੇ। ਉਨ੍ਹਾਂ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਜਥੇਬੰਦੀ 'ਤੇ ਪੰਜਾਬ ਪੁਲਸ ਵੱਲੋਂ ਸਰਕਾਰ ਦੀ ਸ਼ਹਿ 'ਤੇ ਕੀਤਾ ਗਿਆ ਤਸ਼ੱਦਦ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ 10 ਮਾਰਚ ਨੂੰ ਬਰਨਾਲਾ ਵਿਖੇ ਵਿਸ਼ਾਲ ਕਿਸਾਨ ਰੈਲੀ 'ਚ ਸਾਥੀਆਂ ਨੂੰ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ।

## 2 ਮਾਰਚ ਦੀ 'ਪੰਜਾਬ ਬਚਾਓ' ਰੈਲੀ ਲਈ ਯੂਥ ਵਰਗ 'ਚ ਜੋਸ਼ : ਤਲਵਾਰ ਬਰਾੜ



**ਬਾਘਾ ਪੁਰਾਣਾ (ਮਨੀ ਸਿੰਗਲਾ)**-12 ਮਾਰਚ ਨੂੰ ਹੋਣ ਜਾ ਰਹੀ 'ਪੰਜਾਬ ਬਚਾਓ' ਰੈਲੀ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਤਿਆਰੀਆਂ ਨੂੰ ਹੋਰ ਤੇਜ਼ ਕੀਤਾ ਗਿਆ ਹੈ।ਪਾਰਟੀ ਦੇ ਯੂਥ ਆਗੂ ਤਲਵਾਰ ਸਿੰਘ ਬਰਾੜ ਨੇ ਕਿਹਾ ਕਿ ਰੈਲੀ ਨੂੰ ਕਾਮਯਾਬ ਬਣਾਉਣ ਲਈ ਨੌਜਵਾਨ ਵਰਗ ਵੱਡੀ ਭੂਮਿਕਾ ਨਿਭਾਅ ਰਿਹਾ ਹੈ ਅਤੇ ਖਾਸ ਕਰਕੇ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਦੀ ਮਿਹਨਤ ਕਾਬਿਲ-ਏ-ਤਾਰੀਫ਼ ਹੈ।ਤਲਵਾਰ ਸਿੰਘ ਬਰਾੜ ਨੇ ਦੱਸਿਆ ਕਿ ਸੁਖਜੀਤ ਸਿੰਘ ਮਾਹਲਾ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਤੇ ਸ਼ਹਿਰੀ ਇਲਾਕਿਆਂ ਵਿਚ ਡੋਰ-ਟੂ-ਡੋਰ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਰੈਲੀ ਵਿਚ ਵਧ-ਚੜ੍ਹ ਕੇ ਸ਼ਮੂਲੀਅਤ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਮਾਹਲਾ ਨੌਜਵਾਨਾਂ ਨੂੰ ਪਾਰਟੀ ਦੀ ਵਿਚਾਰਧਾਰਾ, ਸੂਬੇ ਦੇ ਮੁੱਦਿਆਂ ਤੇ ਪਾਰਟੀ ਵੱਲੋਂ ਪਹਿਲਾਂ ਕੀਤੇ ਗਏ ਵਿਕਾਸ ਕਾਰਜਾਂ ਬਾਰੇ ਵਿਸਥਾਰ ਨਾਲ ਜਾਣੂ ਕਰਾ ਰਹੇ ਹਨ।ਬਰਾੜ ਨੇ ਕਿਹਾ ਕਿ 12 ਮਾਰਚ ਦੀ ਰੈਲੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਹੋ ਰਹੀ ਹੈ, ਜਿਸ ਨੂੰ ਇਤਿਹਾਸਕ ਬਣਾਉਣ ਲਈ ਯੂਥ ਵਰਗ ਵਿਚ ਖਾਸ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਨੌਜਵਾਨ ਹੀ ਕਿਸੇ ਵੀ ਸਿਆਸੀ ਮੁਹਿੰਮ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਤੇ ਸੁਖਜੀਤ ਸਿੰਘ ਮਾਹਲਾ ਵੱਲੋਂ ਨੌਜਵਾਨਾਂ ਨੂੰ ਇਕਜੁੱਟ ਕਰਕੇ ਰੈਲੀ ਲਈ ਮਜ਼ਬੂਤ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ।ਉਨ੍ਹਾਂ ਹੋਰ ਕਿਹਾ ਕਿ ਸੁਖਜੀਤ ਸਿੰਘ ਮਾਹਲਾ ਨੇ ਸੋਸ਼ਲ ਮੀਡੀਆ ਤੇ ਮੈਦਾਨੀ ਪੱਧਰ ਦੋਹਾਂ ਥਾਵਾਂ 'ਤੇ ਸਰਗਰਮ ਰਹਿੰਦੇ ਹੋਏ ਰੈਲੀ ਦਾ ਸੰਦੇਸ਼ ਘਰ-ਘਰ ਤੱਕ ਪੁਚਾਇਆ ਹੈ। ਉਨ੍ਹਾਂ ਦੀ ਅਗਵਾਈ ਹੇਠ ਯੂਥ ਟੀਮ ਵੱਲੋਂ ਮੀਟਿੰਗਾਂ, ਸੰਪਰਕ ਅਭਿਆਨ ਤੇ ਤਿਆਰੀ ਮੀਟਿੰਗਾਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ।ਤਲਵਾਰ ਸਿੰਘ ਬਰਾੜ ਨੇ ਵਿਸ਼ਵਾਸ ਜਤਾਇਆ ਕਿ ਹਲਕਾ ਬਾਘਾ ਪੁਰਾਣਾ ਹਮੇਸ਼ਾਂ ਦੀ ਤਰ੍ਹਾਂ ਇਸ ਵਾਰ ਵੀ ਪਾਰਟੀ ਨੂੰ ਮਜ਼ਬੂਤ ਸਹਿਯੋਗ ਦੇਵੇਗਾ ਅਤੇ ਰੈਲੀ ਵਿੱਚ ਭਾਰੀ ਗਿਣਤੀ ਵਿੱਚ ਨੌਜਵਾਨ ਸ਼ਮੂਲੀਅਤ ਕਰ ਕੇ ਆਪਣਾ ਸਮਰਥਨ ਦਰਜ ਕਰਾਉਣਗੇ।

## ਸਾਹਿਤ ਸਭਾ ਜੀਰਾ ਦੀ ਮੀਟਿੰਗ 'ਚ ਸਮਾਗਮ ਸੰਬੰਧੀ ਵਿਚਾਰਾਂ

**ਜ਼ੀਰਾ (ਨਰਿੰਦਰ ਅਨੇਜਾ)**-ਸਾਹਿਤਕ ਸੰਸਥਾ ਸਾਹਿਬ ਰਜਿ: ਜੀਰਾ ਵੱਲੋਂ ਇੱਕ ਮਾਰਚ ਨੂੰ ਸਾਹਿਤ ਕਲਾ ਤੇ ਪੁਸਤਕ ਮੇਲਾ ਕਰਾਇਆ ਜਾ ਰਿਹਾ ਹੈ।ਇਸ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਸਭਾ ਦੇ ਪ੍ਰਧਾਨ ਦਲਜੀਤ ਰਾਏ ਕਾਲੀਆ ਦੀ ਪ੍ਰਧਾਨਗੀ ਹੇਠ ਹੋਈ।ਸ੍ਰੀ ਜੀਵਨ ਮਲ ਸਕੂਲ ਵਿਖੇ ਕਰਾਏ ਜਾ ਰਹੇ ਇਸ ਸਾਹਿਤ ਮੇਲੇ ਵਿੱਚ ਜਿੱਥੇ ਪੁਸਤਕ ਪ੍ਰਦਰਸ਼ਨੀਆਂ, ਕਲਾ ਪ੍ਰਦਰਸ਼ਨੀਆਂ ਇਸ ਮੇਲੇ ਦਾ ਸ਼ਿੰਗਾਰ ਹੋਣਗੀਆਂ, ਉਥੇ ਪੰਜਾਬ ਭਰ ਤੋਂ ਪੁੱਜੇ ਪ੍ਰਸਿੱਧ ਸਾਹਿਤਕਾਰ ਕਵੀ ਆਪਣੀਆਂ ਕਵਿਤਾਵਾਂ ਪੇਸ਼ ਕਰਨਗੇ।ਸਾਲਾਨਾ ਸਾਹਿਤ ਮੇਲੇ ਵਿੱਚ ਪੰਜਾਬੀ ਦੇ ਨਾਮਵਰ ਕਹਾਣੀਕਾਰ ਸਾਵਲ ਧਾਮੀ ਨੂੰ ਗੁਜਰ ਸਿੰਘ ਗਿੱਲ ਯਾਦਗਾਰੀ ਐਵਾਰਡ ਨਾਲ ਸਨਮਾਨਤ ਕੀਤਾ ਜਾਏਗਾ ਤੇ ਹਰਪਿੰਦਰ ਸਿੰਘ ਸੰਧੂ ਨੂੰ ਰੁੱਖਾਂ ਦਾ ਰਾਖਾ ਐਵਾਰਡ ਦੇ ਕੇ ਸਨਮਾਨਤ ਕੀਤਾ ਜਾਏਗਾ।ਸਭਾ ਦੇ ਪ੍ਰਧਾਨ ਦਲਜੀਤ ਰਾਏ ਕਾਲੀਆ ਵੱਲੋਂ ਵੱਖ-ਵੱਖ ਕੰਮਾਂ ਕਾਰਜਾਂ ਲਈ ਸਭਾ ਦੇ ਵੱਖ-ਵੱਖ ਅਹੁਦੇਦਾਰਾਂ ਤੇ ਮੈਂਬਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ। ਸਾਲਾਨਾ ਸਮਾਗਮ ਸਬੰਧੀ ਹੋਈ ਇਸ ਮੀਟਿੰਗ ਵਿੱਚ ਸਾਹਿਤਕਾਰ ਤਾਰਾ ਸਿੰਘ ਫੌਜੀ, ਹਰਦੀਪ ਸਿੰਘ ਸ਼ੇਰਗਿੱਲ, ਮੁਖਤਿਆਰ ਬਰਾੜ, ਜਸਵੰਤ ਭੱਟੀ, ਪ੍ਰਤਾਪ ਹੀਰਾ, ਮਨਦੀਪ ਸਿੰਘ ਮਲਸੀਆਂ ਕਲਾਂ, ਲੈਕਚਰਾਰ ਨਰਿੰਦਰ ਸਿੰਘ, ਮੇਜਰ ਸੰਧੂ, ਸੁਖਰਾਜ ਜੀਰਾ, ਕਾਲਾ ਬੇਰੀ ਵਾਲਾ, ਪ੍ਰਿਤਪਾਲ ਸਿੰਘ ਮਣਕੂ, ਰੱਬੀ ਸ਼ਾਇਰ ਸੁਰਿੰਦਰ ਕੁਮਾਰ ਗੁਰਲਾਲ ਸਿੰਘ ਵਰੋਲਾ ਤੇ ਸਾਹਿਤਕਾਰ ਗੁਰਚਰਨ ਨੂਰਪੁਰ ਆਦਿ ਲੇਖਕ ਸਾਹਿਤਕਾਰ ਹਾਜ਼ਰ ਸਨ।

## ਸੰਤ ਨਿਰੰਕਾਰੀ ਮਿਸ਼ਨ ਵੱਲੋਂ 'ਪ੍ਰੋਜੈਕਟ ਅੰਮ੍ਰਿਤ' ਦੇ ਚੌਥੇ ਪੜਾਅ ਦੀ ਸ਼ੁਰੂਆਤ



**ਰਾਜਪੁਰਾ (ਰਮੇਸ਼ ਕਟਾਰੀਆ)**-ਜਦੋਂ ਸੇਵਾ ਸਾਧਨਾ ਬਣ ਜਾਵੇ ਤੇ ਪ੍ਰਕਿਰਤੀ ਪ੍ਰਤੀ ਸੰਵੇਦਨਾ ਜੀਵਨ ਦਾ ਮੂਲ ਮੰਤਰ ਬਣੇ, ਤਾਂ ਪਵਿੱਤਰ ਸੰਕਲਪ ਜਨਮ ਲੈਂਦੇ ਹਨ।ਮਨੁੱਖੀ ਸੇਵਾ ਤੇ ਲੋਕ-ਭਲਾਈ ਦੀ ਇਸੀ ਅਦਭੁਤ ਚੇਤਨਾ ਨੂੰ ਸਾਕਾਰ ਰੂਪ ਦਿੰਦਿਆਂ ਸੰਤ ਨਿਰੰਕਾਰੀ ਮਿਸ਼ਨ ਵੱਲੋਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਅਸ਼ੀਰਵਾਦ ਨਾਲ ਜਿੱਥੇ 'ਪ੍ਰੋਜੈਕਟ ਅੰਮ੍ਰਿਤ' ਤਹਿਤ 'ਸਵੱਛ ਜਲ, ਸਵੱਛ ਮਨ' ਅਭਿਆਨ ਦਾ ਚੌਥੇ ਪੜਾਅ ਦੀ ਸ਼ੁਰੂਆਤ ਸਮੂਹ ਭਾਰਤ ਵਿੱਚ ਸ਼ਾਨਦਾਰ ਢੰਗ ਨਾਲ ਸ਼ੁਰੂ ਹੋਈ, ਉੱਥੇ ਸੰਤ ਨਿਰੰਕਾਰੀ ਮਿਸ਼ਨ ਦੀ ਬ੍ਰਾਂਚ ਰਾਜਪੁਰਾ ਵਿੱਚ ਜ਼ੋਨਲ ਇੰਚਾਰਜ ਪਟਿਆਲਾ ਸ਼੍ਰੀ ਰਾਧੇ ਸ਼ਾਮ ਜੀ ਦੀ ਅਗਵਾਈ ਹੇਠ ਸੰਤ ਨਿਰੰਕਾਰੀ ਭਵਨ, ਨਿਰੰਕਾਰੀ ਪਾਰਕ ਤੇ ਨਿਰੰਕਾਰੀ ਭਵਨ ਦੇ ਆਸ ਪਾਸ ਦੀ ਸੰਤ ਨਿਰੰਕਾਰੀ ਮਿਸ਼ਨ ਦੇ ਸੇਵਾ ਦਲ ਦੇ ਭਾਈਆਂ, ਭੈਣਾਂ ਤੇ ਸੰਗਤ ਵੱਲੋਂ ਸਾਫ ਸਫਾਈ ਕੀਤੀ ਗਈ।ਮਿਸ਼ਨ ਦੇ ਸਕੱਤਰ ਸ਼੍ਰੀ ਜੋਗਿੰਦਰ ਸੁਖੀਜਾ ਨੇ ਦੱਸਿਆ ਕਿ ਇਹ ਵਿਸ਼ਾਲ ਅਭਿਆਨ ਦੇਸ਼ ਭਰ ਵਿੱਚ 1500 ਤੋਂ ਵੱਧ ਸਥਾਨਾਂ 'ਤੇ ਇਕੱਠੇ ਕਰਾਇਆ ਜਾ ਰਿਹਾ ਹੈ, ਜਿਸ ਨਾਲ਼ ਜਲ ਸੰਰੱਖਣ ਤੇ ਸਾਫ਼ ਸਫ਼ਾਈ ਦਾ ਸੰਦੇਸ਼ ਸਮਾਜ ਦੇ ਹਰ ਵਰਗ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚੇਗਾ।

ਇਸ ਪਹਿਲ ਦਾ ਮੁੱਖ ਉਦੇਸ਼ ਲੋਕਾਂ ਨੂੰ ਜਾਗਰੂਕ ਕਰਾਉਣਾ ਹੈ ਕਿ ਜਲ ਸਿਰਫ਼ ਇੱਕ ਸਰੋਤ ਨਹੀਂ, ਸਗੋਂ ਜੀਵਨ ਦਾ ਆਧਾਰ ਤੇ ਪ੍ਰਭੂ ਦੀ ਅਮੋਲਕ ਦਾਤ ਹੈ, ਜਿਸ ਦੀ ਰੱਖਿਆ ਹਰ ਮਨੁੱਖ ਦੀ ਨੈਤਿਕ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਮਿਸ਼ਨ ਨੇ ਬਾਬਾ ਹਰਦੇਵ ਸਿੰਘ ਜੀ ਦੀ ਪ੍ਰੇਰਕ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ ਸਾਲ 2023 ਵਿੱਚ ਭਾਰਤ ਸਰਕਾਰ ਦੇ ਸੰਸਕ੍ਰਿਤੀ ਮੰਤਰਾਲੇ ਦੇ ਸਹਿਯੋਗ ਨਾਲ 'ਪ੍ਰੋਜੈਕਟ ਅੰਮ੍ਰਿਤ' ਦੀ ਸ਼ੁਰੂਆਤ ਕੀਤੀ ਸੀ।ਇਹ ਉਪਰਾਲਾ ਜਲ ਸੰਰੱਖਣ ਨੂੰ ਕੇਵਲ ਇੱਕ ਦਿਵਸ ਜਾਂ ਮੁਹਿੰਮ ਤੱਕ ਸੀਮਿਤ ਨਾ ਰੱਖ ਕੇ ਇਸ ਨੂੰ ਜੀਵਨ-ਸ਼ੈਲੀ ਤੇ ਸੰਸਕਾਰ ਵਜੋਂ ਅਪਨਾਉਣ ਦੀ ਪ੍ਰੇਰਨਾ ਦਿੰਦਾ ਹੈ।ਉਨ੍ਹਾਂ ਕਿਹਾ ਕਿ ਨਦੀਆਂ, ਝੀਲਾਂ, ਤਲਾਅ, ਖੂਹ ਤੇ ਝਰਨਿਆਂ ਵਰਗੇ ਕੁਦਰਤੀ ਜਲ ਸਰੋਤਾਂ ਦੀ ਸੰਭਾਲ ਅਤੇ ਸੰਵਰਧਨ ਲਈ ਸਮਰਪਤ ਇਸ ਜਨ-ਅੰਦੋਲਨ ਨੇ ਪਹਿਲੇ ਤਿੰਨ ਹਿੱਸਿਆਂ ਵਿੱਚ ਸੇਵਾ ਅਤੇ ਸਮਰਪਣ ਦੀ ਵਿਲੱਖਣ ਮਿਸਾਲ ਕਾਇਮ ਕੀਤੀ ਹੈ।ਹੁਣ ਚੌਥੇ ਚਰਣ ਨੂੰ ਹੋਰ ਵੱਡਾ ਅਤੇ ਸੁਚਾਰੂ ਯੋਜਨਾ ਨਾਲ ਲਾਗੂ ਕੀਤਾ ਜਾ ਰਿਹਾ ਹੈ ਤਾਂ ਜੁ ਪ੍ਰਕਿਰਤੀ ਪ੍ਰਤੀ ਜਾਗਰੂਕਤਾ ਤੇ ਭਾਗੀਦਾਰੀ ਦੀ ਮਜ਼ਬੂਤ ਚੇਤਨਾ ਦਾ ਵਿਸਤਾਰ ਹੋ ਸਕੇ।

## ਯੂਨਾਈਟਡ ਸਪੋਰਟਸ ਕਲੱਬ ਕਾਲਾਂਵਾਲੀ ਵੱਲੋਂ ਖੇਡ ਮੁਕਾਬਲੇ ਦੀਆਂ ਤਿਆਰੀਆਂ ਮੁਕੰਮਲ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਯੂਨਾਈਟਡ ਸਪੋਰਟਸ ਤੇ ਵੈਲਫੇਅਰ ਕਲੱਬ ਕਾਲਾਂਵਾਲੀ ਵੱਲੋਂ ਇੱਕ ਤੋਂ ਤਿੰਨ ਮਾਰਚ ਤੱਕ ਖੇਡ ਪ੍ਰਤੀਯੋਗਤਾ ਲਈ ਤਿਆਰੀਆਂ ਜ਼ੋਰਾਂ 'ਤੇ ਹਨ। ਵੈਲਫੇਅਰ ਕਲੱਬ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਸਰਾਂ ਤੇ ਪ੍ਰਧਾਨ ਜੈਮੀ ਦੰਦੀਵਾਲ ਨੇ ਦੱਸਿਆ ਕਿ ਇਸ ਤਿੰਨ ਦਿਨਾਂ ਸਪੋਰਟਸ ਮੀਟ ਦੌਰਾਨ ਕ੍ਰਿਕਟ ਮੈਚਾਂ ਤੋ ਬਿਨਾਂ ਵੱਖ-ਵੱਖ ਤਰ੍ਹਾਂ ਦੀਆਂ ਪੇਂਡੂ ਖੇਡਾਂ ਵੀ ਕਰਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕ੍ਰਿਕਟ ਮੈਚ ਦਾ ਪਹਿਲਾਂ ਇਨਾਮ 1 ਲੱਖ ਰੁਪਏ ਦੂਜਾ ਇਨਾਮ 71 ਹਜ਼ਾਰ ਰੁਪਏ ਤੇ ਮੈਨ ਆਫ਼ ਦਾ ਸੀਰੀਜ਼ ਲਈ ਬਛੇਰਾ ਸਮੇਤ ਹੋਰ ਬਹੁਤ ਸਾਰੇ ਇਨਾਮ ਦਿੱਤੇ ਜਾ ਰਹੇ ਹਨ। ਪ੍ਰਬੰਧਕਾਂ ਨੇ ਦੱਸਿਆ ਕਿ ਆਖਰੀ ਦਿਨ 3 ਮਾਰਚ ਦੇ ਖੁੱਲ੍ਹੇ ਅਖਾੜੇ ਵਿੱਚ ਪ੍ਰਸਿੱਧ ਪੰਜਾਬੀ ਕਲਾਕਾਰ ਹਰਫ ਚੀਮਾ ਤੇ ਜੈਨੀ ਜੌਹਲ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ। ਇਸ ਖੇਡ ਪ੍ਰਤੀਯੋਗਤਾਂ ਵਿਚ ਕੱਬਲ ਮੈਂਬਰ ਸੰਦੀਪ ਸਰਾਂ, ਵਿਮਲ ਸ਼ਰਮਾ, ਸੰਦੀਪ ਚਹਿਲ, ਯਾਦ ਸਰਾਂ, ਗੁਰਤੀਰਥ ਗਿੱਲ, ਲਖਵੀਰ ਚਹਿਲ, ਰਮਨ ਸਰਾਂ, ਮਨਮੋਹਨ ਸਰਾਂ, ਲਖਵੀਰ ਸਿੰਘ ਲੱਖਾ, ਅਮਿਤੋਜ ਸਰਾਂ ਤੇ ਉਨ੍ਹਾਂ ਦੇ ਸਾਥੀ ਵੀ ਆਪਣਾ ਵਿਸੇਸ਼ ਸਹਿਯੋਗ ਅਦਾ ਕਰਨਗੇ।

## ਲਟੌਰ 'ਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਏ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਦੇ ਲਈ ਪਿੰਡ ਲਟੌਰ ਵਿਖੇ ਕੈਂਪ ਦਾ ਆਯੋਜਨ ਕੀਤਾ ਗਿਆ।ਕੈਂਪ ਦਾ ਜਾਇਜ਼ਾ ਲੈਣ ਲਈ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਤੀਸ਼ ਲਟੌਰ (ਪੀਏ ਵਿਧਾਇਕ ਲਖਬੀਰ ਸਿੰਘ ਰਾਏ) ਵਿਸ਼ੇਸ਼ ਤੌਰ 'ਤੇ ਪਹੁੰਚੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਦੇ ਲੋਕਾਂ ਨੂੰ 10 ਲੱਖ ਰੁਪਏ ਤੱਕ ਦੀ ਸਿਹਤ ਬੀਮਾ ਯੋਜਨਾ ਦੇ ਵਿੱਚ ਸ਼ਾਮਿਲ ਕੀਤਾ ਗਿਆ ਹੈ।ਭਾਰਤ ਦੀ ਇਹ ਪਹਿਲੀ ਸਰਕਾਰ ਹੈ, ਜਿਸ ਨੇ ਲੋਕਾਂ ਨੂੰ ਇੰਨੀ ਵੱਡੀ ਸਕੀਮ ਦਿੱਤੀ ਹੋਵੇ।ਇਸ ਫੈਸਲੇ ਦੇ ਨਾਲ ਹੁਣ ਸੂਬੇ ਦਾ ਕੋਈ ਵੀ ਵਿਅਕਤੀ ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਬਾਵਜੂਦ ਬਿਮਾਰੀ ਦਾ ਸ਼ਿਕਾਰ ਨਹੀਂ ਹੋਵੇਗਾ।ਸਰਕਾਰ ਵੱਲੋਂ ਬਿਨਾਂ ਪੱਖਪਾਤ ਤੋਂ ਸੂਬੇ ਦੇ ਹਰ ਨਿਵਾਸੀ ਨੂੰ ਇਸ ਸਕੀਮ ਦਾ ਲਾਭ ਦਿੱਤਾ ਗਿਆ ਹੈ।ਭਾਵੇਂ ਉਹ ਅਮੀਰ ਹੋਵੇ, ਭਾਵੇਂ ਗਰੀਬ, ਭਾਵੇਂ ਉਹ ਜਰਨਲ ਹੋਵੇ, ਭਾਵੇਂ ਅਨੁਸੂਚਿਤ ਜਾਤੀ ਨਾਲ ਸਬੰਧਤ, ਭਾਵੇਂ ਉਹ ਆਮ ਨਾਗਰਿਕ ਹੋਵੇ, ਭਾਵੇਂ ਉਹ ਸਰਕਾਰੀ ਮੁਲਾਜ਼ਮ ਹੋਵੇ। ਸਰਕਾਰ ਦੀ ਇਸ ਯੋਜਨਾ ਦਾ ਲਾਭ ਸੂਬੇ ਦੇ ਹਰ ਨਿਵਾਸੀ ਨੂੰ ਲੈਣਾ ਚਾਹੀਦਾ ਹੈ।ਉਹਨਾਂ ਦੱਸਿਆ ਕਿ ਪਿੰਡ ਲਟੌਰ ਵਿਖੇ ਕੈਂਪ ਦਾ ਆਯੋਜਨ ਕੀਤਾ ਗਿਆ ਹੈ। ਜਿਸ ਦੇ ਵਿੱਚ ਪਹਿਲੇ ਦਿਨ 215 ਲੋਕਾਂ ਦੇ ਕਾਰਡ ਬਣਾਏ ਜਾ ਚੁੱਕੇ ਹਨ।ਆਉਣ ਵਾਲੇ ਦੋ ਦਿਨ ਹੋਰ ਇਹ ਕੈਂਪ ਜਾਰੀ ਰਹੇਗਾ।

## ਭਾਜਪਾ ਨੇ ਫੂਕਿਆ ਅਰਧ-ਨਗਨ ਵਿਰੋਧ ਪ੍ਰਦਰਸ਼ਨ ਵਾਲੇ ਕਾਂਗਰਸੀਆਂ ਦਾ ਪੁਤਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਨੇ ਮੋਗਾ ਵਿੱਚ ਭਾਰਤ ਵਿੱਚ ਹੋ ਰਹੇ ਏ.ਆਈ ਇਮਪੈਕਟ ਸੰਮੇਲਨ ਦੌਰਾਨ ਕਾਂਗਰਸੀ ਵਰਕਰਾਂ ਵੱਲੋਂ ਕੀਤੇ ਗਏ ਅਰਧ-ਨਗਨ ਵਿਰੋਧ ਪ੍ਰਦਰਸ਼ਨ ਦੇ ਵਿਰੋਧ ਵਿੱਚ ਸਖ਼ਤ ਨਾਰਾਜ਼ਗੀ ਪ੍ਰਗਟ ਕੀਤੀ।ਦੁੱਨੇਕੇ ਵਿੱਚ ਪਾਰਟੀ ਦੇ ਜ਼ਿਲ੍ਹਾ ਦਫ਼ਤਰ ਦੇ ਬਾਹਰ, ਭਾਜਪਾ ਆਗੂਆਂ ਅਤੇ ਵਰਕਰਾਂ ਨੇ ਕਾਂਗਰਸ ਪਾਰਟੀ ਦਾ ਪੁਤਲਾ ਸਾੜਿਆ ਅਤੇ ਇਸ ਘਟਨਾ ਦੀ ਨਿੰਦਾ ਕਰਦੇ ਹੋਏ ਨਾਅਰੇਬਾਜ਼ੀ ਕੀਤੀ।ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕਰਦੇ ਹੋਏ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਕਿਹਾ ਕਿ ਅਜਿਹੀ ਕਾਰਵਾਈ ਬਹੁਤ ਹੀ ਮੰਦਭਾਗੀ ਅਤੇ ਨਿੰਦਣਯੋਗ ਹੈ, ਇੱਕ ਮਹੱਤਵਪੂਰਨ ਅੰਤਰਰਾਸ਼ਟਰੀ ਮੰਚ 'ਤੇ, ਜਿੱਥੇ ਵੱਖ-ਵੱਖ ਦੇਸ਼ਾਂ ਦੇ ਪ੍ਰਤੀਨਿਧੀ, ਨੀਤੀ ਨਿਰਮਾਤਾ ਅਤੇ ਉਦਯੋਗ ਮਾਹਰ ਭਾਰਤ ਦੀ ਵਿਕਾਸ ਯਾਤਰਾ, ਨਿਵੇਸ਼ ਦੇ ਮੌਕਿਆਂ ਅਤੇ ਨਵੀਨਤਾ ਮਾਡਲ 'ਤੇ ਚਰਚਾ ਕਰਨ ਲਈ ਇਕੱਠੇ ਹੋਏ ਸਨ। ਉਨ੍ਹਾਂ ਦੋਸ਼ ਲਗਾਇਆ ਕਿ ਇਹ ਭਾਰਤੀ ਰਾਸ਼ਟਰੀ ਕਾਂਗਰਸ ਦੇ ਇਸ਼ਾਰੇ 'ਤੇ ਇੱਕ ਯੋਜਨਾਬੱਧ ਕਾਰਵਾਈ ਸੀ। ਡਾ. ਕਮਲ ਨੇ ਕਿਹਾ ਕਿ ਜਦੋਂ ਦੇਸ਼ ਵਿਸ਼ਵ ਪੱਧਰ 'ਤੇ ਆਪਣੀ ਆਰਥਿਕ ਤਾਕਤ, ਡਿਜੀਟਲ ਕ੍ਰਾਂਤੀ, ਸਟਾਰਟਅੱਪ ਈਕੋਸਿਸਟਮ ਅਤੇ ਮਜ਼ਬੂਤ ?ਲੋਕਤੰਤਰੀ ਪ੍ਰਣਾਲੀ ਦਾ ਪ੍ਰਦਰਸ਼ਨ ਕਰ ਰਿਹਾ ਹੈ, ਤਾਂ ਅਜਿਹਾ ਹੰਗਾਮਾ ਭਾਰਤ ਦੇ ਅੰਤਰਰਾਸ਼ਟਰੀ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਹੈ।ਭਾਜਪਾ ਆਗੂਆਂ ਨੇ ਕਿਹਾ ਕਿ ਭਾਰਤ ਇੱਕ ਗਲੋਬਲ ਸੁਪਰਪਾਵਰ ਵਜੋਂ ਉੱਭਰ ਰਿਹਾ ਹੈ।ਅਜਿਹੇ ਸਮੇਂ ਜਦੋਂ ਦੁਨੀਆ ਦੀਆਂ ਤਕਨਾਲੋਜੀ ਦਿੱਗਜਾਂ ਭਾਰਤ ਦੀ ਵਧਦੀ ਤਾਕਤ ਦਾ ਪ੍ਰਦਰਸ਼ਨ ਕਰ ਰਹੀਆਂ ਹਨ, ਕਾਂਗਰਸ ਵਰਕਰਾਂ ਨੇ ਵਿਰੋਧ ਪ੍ਰਦਰਸ਼ਨ ਕਰਕੇ ਭਾਰਤ ਦੀ ਛਵੀ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ।ਉਨ੍ਹਾਂ ਅੱਗੇ ਕਿਹਾ ਕਿ ਜਿਸ ਤਰੀਕੇ ਨਾਲ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ, ਉਨ੍ਹਾਂ ਦੇ ਸਹਿਯੋਗੀ ਸਮਾਜਵਾਦੀ ਪਾਰਟੀ ਦੇ ਨੇਤਾ ਅਖਿਲੇਸ਼ ਯਾਦਵ ਨੇ ਕਾਂਗਰਸ ਦੀ ਇਸ ਕਾਰਵਾਈ ਦੀ ਨਿੰਦਾ ਕੀਤੀ, ਉਹ ਸਾਬਤ ਕਰਦਾ ਹੈ ਕਿ ਦੇਸ਼ ਦੀ ਕੋਈ ਹੋਰ ਪਾਰਟੀ ਕਾਂਗਰਸ ਦੀਆਂ ਦੇਸ਼ ਵਿਰੋਧੀ ਗਤੀਵਿਧੀਆਂ ਦਾ ਸਮਰਥਨ ਨਹੀਂ ਕਰੇਗੀ। ਭਾਜਪਾ ਦਾ ਵਿਰੋਧ ਕਰਕੇ ਕਾਂਗਰਸ ਹੁਣ ਇੱਕ ਦੇਸ਼ ਵਿਰੋਧੀ ਪਾਰਟੀ ਬਣ ਗਈ ਹੈ। ਵਿਰੋਧ ਪ੍ਰਦਰਸ਼ਨ ਦੌਰਾਨ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਮੌਜੂਦ ਸਨ ਅਤੇ ਕਾਂਗਰਸ ਵਿਰੁੱਧ ਨਾਅਰੇਬਾਜ਼ੀ ਕੀਤੀ। ਇਸ ਮੌਕੇ ਗੁਰਬੀਰ ਸਿੰਘ ਧਰਮਕੋਟ, ਸੋਨੀ ਮੰਗਲਾ, ਹਰਮਨਦੀਪ ਮੀਤਾ, ਜੀਤਾ ਘੱਲਕਲਾਂ, ਸੰਜੀਵ ਕੁਮਾਰ, ਬਲਵੰਤ ਸਿੰਘ, ਸੁਰੇਂਦਰ ਸਿੰਘ, ਧੀਰਜ ਕੁਮਾਰ, ਸਤਨਾਮ ਸਿੰਘ, ਉਮਾਕਾਂਤ ਰਾਏ, ਸੁਖਚੈਨ ਸਿੰਘ, ਕਮਲਜੀਤ ਕੌਰ, ਸੁਰੇਂਦਰ ਸਿੰਘ, ਬਲਵਿੰਦਰ ਸਿੰਘ, ਬਿੰਦਰ ਸਿੰਘ, ਚਰਨਜੀਤ ਕੌਰ ਅਤੇ ਹੋਰ ਮੌਜੂਦ ਸਨ।

## ਜੰਗੀ ਪੱਧਰ ਕੀਤਾ ਜਾ ਰਿਹਾ ਹੈ ਸ਼ਹਿਰ ਦੇ ਵਾਰਡਾਂ 'ਚ ਵਿਕਾਸ : ਵਿਧਾਇਕ ਡਾ. ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਵਾਰਡ ਨੰਬਰ 6 ਅਧੀਨ ਆਉਂਦੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀਆਂ 10 ਕੱਚੀਆਂ ਗਲੀਆਂ ਵਿੱਚ 49 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ ਲਗਾਉਣ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਨਗਰ ਨਿਗਮ ਦੇ ਮੇਅਰ ਪ੍ਰਵੀਨ ਕੁਮਾਰ ਸ਼ਰਮਾ, ਕੌਂਸਲਰ ਅਰਵਿੰਦਰ ਸਿੰਘ ਹੈਪੀ ਕਾਨਪੁਰੀਆ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸਕੱਤਰ ਪਿਆਰਾ ਸਿੰਘ ਬੱਧਨੀ, ਕੌਂਸਲਰ ਜਗਦੀਪ ਸਿੰਘ ਦਮਨ, ਵਾਰਡ ਨਿਵਾਸੀਆਂ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਮੌਜੂਦ ਸਨ। ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਵਾਰਡ ਨੰਬਰ 6 ਦੀਆਂ ਗਲੀਆਂ ਲੰਬੇ ਸਮੇਂ ਤੋਂ ਕੱਚੀਆਂ ਪਈਆਂ ਸਨ, ਜਿਸ ਕਾਰਨ ਆਉਣ-ਜਾਣ ਵਿੱਚ ਕਾਫ਼ੀ ਮੁਸ਼ਕਲਾਂ ਸਾਹਮਣਾ ਕਰਨਾ ਪੈ ਰਿਹਾ ਸੀ। ਵਾਰਡ ਕੌਂਸਲਰ ਨੇ ਇਹ ਮੁੱਦਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ। ਇਸ ਤੋਂ ਬਾਅਦ, ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ 49 ਲੱਖ ਦੀ ਲਾਗਤ ਨਾਲ 10 ਕੱਚੀਆਂ ਗਲੀਆਂ 'ਤੇ ਇੰਟਰਲਾਕਿੰਗ ਟਾਈਲਾਂ ਲਗਾਉਣ ਦਾ ਕੰਮ ਸ਼ੁਰੂ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਹਰ ਵਾਰਡ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨਾ ਹੈ ਅਤੇ ਵਿਕਾਸ ਕਾਰਜ ਤੇਜ਼ੀ ਨਾਲ ਜਾਰੀ ਰਹਿਣਗੇ। ਉਨ੍ਹਾਂ ਅਪੀਲ ਕੀਤੀ ਕਿ ਕਿਸੇ ਵੀ ਵਾਰਡ ਨਿਵਾਸੀ ਨੂੰ ਕੋਈ ਵੀ ਸਮੱਸਿਆ ਆ ਰਹੀ ਹੈ, ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਅਤੇ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਨਗਰ ਨਿਗਮ ਦੇ ਮੇਅਰ ਪ੍ਰਵੀਨ ਕੁਮਾਰ ਸ਼ਰਮਾ ਅਤੇ ਕੌਂਸਲਰ ਅਰਵਿੰਦਰ ਸਿੰਘ ਕਾਨਪੁਰੀਆ ਵੱਲੋਂ ਸਾਂਝੇ ਰੂਪ ਵਿੱਚ ਵਾਰਡ ਦੇ ਵਿਕਾਸ ਕਾਰਜਾਂ ਦਾ ਆਰੰਭ ਕੀਤਾ ਅਤੇ ਮਠਿਆਈਆਂ ਤਕਸੀਮ ਕਰਕੇ ਵਾਰਡ ਵਾਸੀਆਂ ਦਾ ਧੰਨਵਾਦ ਕੀਤਾ।

## ਸਾਕਾ ਨਨਕਾਣਾ ਸਾਹਿਬ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਵਿਖੇ ਪੰਚਮੀ ਦਾ ਦਿਹਾੜਾ ਸੰਗਤਾਂ ਵੱਲੋਂ ਗੁਰੂ ਘਰ ਨਤਮਸਤਕ ਹੋ ਕੇ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਹ ਦਿਹਾੜਾ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸਮਰਪਤ ਕੀਤਾ ਗਿਆ ਅਤੇ ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਸਾਕਾ ਨਨਕਾਣਾ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਗੁਰਮਤਿ ਸਮਾਗਮ ਵੀ ਕਰਾਇਆ ਗਿਆ।ਪੰਚਮੀ ਦੇ ਪਵਿੱਤਰ ਦਿਹਾੜੇ ਮੌਕੇ ਤੜਕ ਸਵੇਰੇ ਕਿਵਾੜ ਖੁੱਲ੍ਹਣ ਮਗਰੋਂ ਸੰਗਤਾਂ ਵੱਡੀ ਗਿਣਤੀ ਵਿਚ ਗੁਰੂ ਘਰ ਨਤਮਸਤਕ ਹੋਈਆਂ।ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਤੇ ਕਥਾ ਪ੍ਰਵਾਹ ਰਾਹੀਂ ਗਿਆਨੀ ਪ੍ਰਿਤਪਾਲ ਸਿੰਘ ਨੇ ਸੰਗਤਾਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾ ਸਤਿਕਾਰ ਭੇਟ ਕੀਤਾ।ਗੁਰੂ ਦਰਬਾਰ ਵਿਚ ਨਤਮਸਤਕ ਹੋਣ ਵਾਲੀਆਂ ਸੰਗਤਾਂ ਨੇ ਗੁਰੂ ਘਰ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਪੰਗਤ ਸੰਗਤ ਕਰਕੇ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।ਸਾਕਾ ਨਨਕਾਣਾ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਸਮਰਪਤ ਕਰਾਏ ਗੁਰਮਤਿ ਸਮਾਗਮ ਦੌਰਾਨ ਉਚੇਚੇ ਤੌਰ 'ਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਤੇ ਜਥੇਦਾਰ ਜਸਮੇਰ ਸਿੰਘ ਲਾਛੜੂ ਵੀ ਉਚੇਚੇ ਤੌਰ 'ਤੇ ਪੁੱਜੇ।ਗੁਰਮਤਿ ਸਮਾਗਮ ਦੌਰਾਨ ਢਾਡੀ ਕਵੀ ਜੱਥਿਆਂ ਵਿਚ ਅਮਰੀਕ ਸਿੰਘ ਜਨੇਤਪੁਰ, ਬੀਬੀ ਮੁਖ਼ਤਿਆਰ ਕੌਰ, ਬੀਬੀ ਜਸਵੀਰ ਕੌਰ ਫੱਗੂਵਾਲਾ, ਗੁਰਪਿਆਰ ਸਿੰਘ ਜੌਹਰ, ਸੁਖਜਿੰਦਰ ਸਿੰਘ ਚੰਗਿਆੜਾ, ਰਵਿੰਦਰ ਸਿੰਘ ਸ਼ੇਰਗਿੱਲ ਨੇ ਸੰਗਤਾਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਇਤਿਹਾਸ ਨੂੰ ਆਪਣੀਆਂ ਵਾਰਾਂ ਰਾਹੀਂ ਪੇਸ਼ ਕੀਤਾ।

ਇਕੱਠ ਨੂੰ ਸੰਬੋਧਨ ਕਰਦਿਆਂ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤਰੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਸਾਕਾ ਨਨਕਾਣਾ ਦੇ ਸਮੂਹ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਆਪਣੇ ਗੁਰਧਾਮਾਂ ਨੂੰ ਬਚਾਉਣ ਲਈ ਸੈਂਕੜੇ ਸਿੰਘਾਂ ਅਤੇ ਸਿੰਘਣੀਆਂ ਨੇ ਸ਼ਹੀਦੀਆਂ, ਜਿਨ੍ਹਾਂ ਦੀਆਂ ਲਾਸਾਨੀ ਸ਼ਹਾਦਤਾਂ ਸਾਡੇ ਲਈ ਹਮੇਸ਼ਾ ਚਾਨਣ ਮੁਨਾਰਾ ਰਹਿ ਕੇ ਕੰਮ ਕਰਦੀਆਂ ਰਹਿਣਗੀਆਂ।ਪ੍ਰੋ. ਬਡੂੰਗਰ ਨੇ ਕਿਹਾ ਕਿ ਅਮਰ ਸ਼ਹੀਦ ਭਾਈ ਲਛਮਣ ਸਿੰਘ ਅਜਿਹੇ ਸ਼ਹੀਦ ਸਨ, ਜਿਨ੍ਹਾਂ ਦੀ ਸ਼ਹੀਦੀ ਸਿੱਖੀ ਸਿਦਕ ਸਵਾਸਾਂ ਨਾਲ ਨਿਭੀ, ਜੋ ਜੰਡ ਨਾਲ ਪੁੱਠਾ ਟੰਗ ਕੇ ਸਾੜ ਦਿੱਤੇ ਗਏ ਅਤੇ ਇਸ ਘਟਨਾ ਨੇ ਸਾਰੇ ਪੰਥ ਨੂੰ ਹਿਲਾ ਕੇ ਰੱਖ ਦਿੱਤਾ ਸੀ।ਉਨ੍ਹਾਂ ਕਿਹਾ ਕਿ ਮਹੰਤਾਂ ਦੀ ਅੰਗਰੇਜ਼ਾਂ ਦੀ ਸ਼ਹਿ 'ਤੇ ਗੁਰਦੁਆਰਿਆਂ ਅੰਦਰ ਮਨਮਤ ਤੇ ਮਨਮਰਜ਼ੀਆਂ ਦਾ ਅੰਤ ਕਰਨ ਲਈ ਅਰਦਾਸ ਸੋਧਣ ਉਪਰੰਤ ਆਪਣੀਆਂ ਸ਼ਹੀਦੀਆਂ ਦਿੱਤੀਆਂ, ਜਿਸ ਨੂੰ ਵੇਖ ਕੇ ਆਖ਼ਰ ਸਰਕਾਰ ਨੂੰ ਝੁਕਣਾ ਪਿਆ।

## ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਚੇਅਰਮੈਨ ਹੋਏ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਪ ਪਾਰਟੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਆਮ ਆਦਮੀ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮੋਗਾ ਰਹੇ ਹਰਮਨਜੀਤ ਸਿੰਘ ਬਰਾੜ ਦੀਦਾਰੇ ਵਾਲਾ ਪਾਰਟੀ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਅੱਕੇ ਸ਼੍ਰੋਮਣੀ ਅਕਾਲੀ ਦਲ ਦੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਮੋਗਾ ਜ਼ਿਲ੍ਹੇ ਦੀ ਸਮੁੱਚੀ ਲੀਡਰਸ਼ਿਪ ਜਿਸ ਵਿੱਚ ਕੋਰ ਕਮੇਟੀ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ, ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ ਭੰਗੇਰੀਆਂ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਖਣਮੁੱਖ ਭਾਰਤੀ ਪੱਤੋ, ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ, ਹਲਕਾ ਨਿਹਾਲ ਸਿੰਘ ਵਾਲਾ ਦੇ ਇੰਚਾਰਜ ਰਾਜਵਿੰਦਰ ਸਿੰਘ ਧਰਮਕੋਟ, ਸੁਖਹਰਪ੍ਰੀਤ ਸਿੰਘ ਰੋਡੇ ਸ਼੍ਰੋਮਣੀ ਕਮੇਟੀ ਮੈਂਬਰ ਤੋਂ ਇਲਾਵਾ ਦਰਜਾ ਬ ਦਰਜਾ ਲੀਡਰਸ਼ਿਪ ਹਾਜ਼ਰ ਸੀ। ਇਸ ਮੌਕੇ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰਮਨਜੀਤ ਸਿੰਘ ਬਰਾੜ ਦੀਦਾਰੇਵਾਲਾ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਸਰਗਰਮੀਆਂ ਅਤੇ ਲੋਕ-ਹਿਤੈਸ਼ੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਹਾਲੀਆ ਵਿੱਚ ਹੜ੍ਹਾਂ ਦੌਰਾਨ ਪਾਰਟੀ ਪ੍ਰਧਾਨ ਵੱਲੋਂ ਕਿਸਾਨਾਂ ਅਤੇ ਮਜ਼ਦੂਰਾਂ ਲਈ ਕੀਤੀ ਗਈ ਵੱਡੀ ਮਦਦ ਨੇ ਲੋਕਾਂ ਦੇ ਦਿਲ ਜਿੱਤੇ ਹਨ, ਜਿਸ ਕਾਰਨ ਆਮ ਆਦਮੀ ਪਾਰਟੀ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਸਮੇਤ ਬਾਘਾਪੁਰਾਣਾ ਹਲਕੇ ਦੇ ਕਈ ਵੱਡੇ ਆਗੂ ਵੀ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਹਨ।ਇਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਵੇਂ ਸ਼ਾਮਿਲ ਹੋਏ ਆਗੂਆਂ ਨੂੰ ਪੂਰਾ ਮਾਣ-ਸਨਮਾਨ ਦੇਣ ਦਾ ਭਰੋਸਾ ਦਿਵਾਇਆ ਅਤੇ ਕਿਹਾ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਬਣਦਾ ਸਤਿਕਾਰ ਅਤੇ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰੇਗੀ ਅਤੇ ਹਰਮਨਜੀਤ ਸਿੰਘ ਬਰਾੜ ਅਤੇ ਉਸ ਦੇ ਸਾਥੀਆਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਹੋਰ ਵੱਡਾ ਬਲ ਮਿਲਿਆ ਹੈ। ਸੰਨੀ ਗਿੱਲ ਨੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਆਪਣੀ ਸਰਕਾਰ ਬਣਾਏਗਾ ਅਤੇ ਸਰਕਾਰ ਆਉਣ 'ਤੇ ਸੂਬੇ ਨੂੰ ਵਿਕਾਸ ਅਤੇ ਅਮਨ ਸ਼ਾਂਤੀ ਵੱਲ ਲਿਜਾਇਆ ਜਾਵੇਗਾ। ਇਸ ਮੌਕੇ ਤੇ ਪਾਰਟੀ ਵਿੱਚ ਸ਼ਾਮਲ ਹੋਣ ਵੇਲੇ ਹਰਮਨਜੀਤ ਸਿੰਘ ਬਰਾੜ ਨੇ ਕਿਹਾ ਕਿ ਉਹ ਸੁਖਬੀਰ ਸਿੰਘ ਬਾਦਲ ਦੀ ਸੂਬੇ ਦੇ ਲੋਕਾਂ ਪ੍ਰਤੀ ਵਚਨਬੱਧਤਾ ਤੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਲੋਕ ਹਿਤ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਹੀ ਉਹ ਪਾਰਟੀ ਵਿੱਚ ਸ਼ਾਮਲ ਹੋਏ ਹਨ ਤੇ ਪਾਰਟੀ ਹਾਈ ਕਮਾਂਡ ਉਨ੍ਹਾਂ ਨੂੰ ਜੋ ਵੀ ਜੁੰਮੇਵਾਰੀ ਸੌਂਪੇਗੀ ਉਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਹੋਰਨਾਂ ਤੋਂ ਸੀਨੀਅਰ ਆਗੂ ਰਾਜਵੰਤ ਸਿੰਘ ਮਾਹਲਾ, ਸੁਖਜੀਤ ਸਿੰਘ ਮਾਹਲਾ, ਜਸਪ੍ਰੀਤ ਸਿੰਘ ਮਾਹਲਾ, ਰਵਦੀਪ ਸਿੰਘ ਸੰਘਾ ਦਾਰਾਪੁਰ ਸਰਕਲ ਪ੍ਰਧਾਨ ਵੀ ਹਾਜ਼ਰ ਸਨ।

## ਅੱਠ ਯੂ ਜੀ ਸੀ ਨੈੱਟ ਪਾਸ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਨੇ ਇੱਕ ਵੱਡੀ ਵਿਦਿਅਕ ਪ੍ਰਾਪਤੀ ਨੂੰ ਮਨਾਉਂਦਿਆਂ ਅੱਠ ਯੋਗ ਵਿਦਿਆਰਥੀਆਂ ਨੂੰ ਯੂ.ਜੀ.ਸੀ. ਨੈੱਟ ਪ੍ਰੀਖਿਆ ਵਿੱਚ ਸਫਲ ਹੋਣ ਲਈ ਵਧਾਈ ਦਿੱਤੀ ਹੈ।ਇਹ ਪ੍ਰਾਪਤੀ ਉਨ੍ਹਾਂ ਨੂੰ ਅਸਿਸਟੈਂਟ ਪ੍ਰੋਫੈਸਰਸ਼ਿਪ, ਪੀ ਐਚ ਡੀ ਦਾਖਲੇ ਤੇ ਕੁਝ ਮਾਮਲਿਆਂ ਵਿੱਚ ਜੂਨੀਅਰ ਰਿਸਰਚ ਫੈਲੋਸ਼ਿਪ ਲਈ ਯੋਗ ਬਣਾਉਂਦੀ ਹੈ।ਸਫਲ ਵਿਦਿਆਰਥੀਆਂ ਵਿੱਚ ਲਵਪ੍ਰੀਤ ਕੌਰ (ਇਤਿਹਾਸ), ਅਰਸ਼ਦੀਪ ਸਿੰਘ (ਜਿਸ ਨੇ ਜੇ ਆਰ ਐਫ ਹਾਸਲ ਕੀਤਾ), ਜਸਪ੍ਰੀਤ ਕੌਰ (ਸਿੱਖਿਆ), ਮਨਵੀਰ ਕੌਰ (ਕਾਮਰਸ ਐਂਡ ਮੈਨੇਜਮੈਂਟ), ਰਾਮ ਲਾਲ ਯਾਦਵ (ਫਿਜ਼ੀਕਲ ਐਜੂਕੇਸ਼ਨ), ਨੇਹਾ (ਫਿਜ਼ੀਕਲ ਐਜੂਕੇਸ਼ਨ), ਕਾਜਲ (ਫਿਜ਼ੀਕਲ ਐਜੂਕੇਸ਼ਨ) ਤੇ ਜਸਪ੍ਰੀਤ ਕੌਰ (ਅੰਗਰੇਜ਼ੀ) ਸ਼ਾਮਲ ਹਨ।ਕੈਂਪਸ ਵਿੱਚ ਆਯੋਜਤ ਦਿਲ ਨੂੰ ਛੂਹਣ ਵਾਲੇ ਸਨਮਾਨ ਸਮਾਰੋਹ ਵਿੱਚ ਵਾਈਸ-ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਇਨ੍ਹਾਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਅਧਿਆਪਕਾਂ ਤੇ ਸਾਥੀ ਵਿਦਿਆਰਥੀਆਂ ਵੱਲੋਂ ਗਰਮਜੋਸ਼ੀ ਨਾਲ ਵਧਾਈ ਦਿੱਤੀ ਗਈ।ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਵਾਈਸ-ਚਾਂਸਲਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਇਹ ਸਫਲਤਾ ਯੂਨੀਵਰਸਿਟੀ ਦੀ ਵਿਦਿਅਕ ਉੱਤਮਤਾ ਪ੍ਰਤੀ ਵਚਨਬੱਧਤਾ ਤੇ ਨੌਜਵਾਨਾਂ ਨੂੰ ਗੁਣਵੱਤਾ ਵਾਲੀ ਸਿੱਖਿਆ ਰਾਹੀਂ ਸਸ਼ਕਤ ਕਰਨ ਦੇ ਮਿਸ਼ਨ ਦਾ ਪ੍ਰਤੀਬਿੰਬ ਹੈ।ਉਨ੍ਹਾਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਪੂਰੇ ਵਿਦਿਅਕ ਸਮੂਹ ਨੂੰ ਪ੍ਰੇਰਿਤ ਕਰਦੀਆਂ ਹਨ ਤੇ ਸੰਸਥਾ ਦੀ ਵਿਆਪਕ ਵਿਦਿਆਰਥੀ ਸਹਾਇਤਾ ਪ੍ਰਤੀ ਵਚਨਬੱਧਤਾ ਨੂੰ ਮਜ਼ਬੂਤ ਕਰਦੀਆਂ ਹਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

24-Feb-PAGE-3.qxd 2/23/2026 10:58 PM Page 1



# ਭੁੱਲਰ ਨੇ 43 ਕਰੋੜ 43 ਲੱਖ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੇ ਰੱਖੇ ਨੀਂਹ ਪੱਥਰ

**ਪੱਟੀ, (ਬਲਦੇਵ ਸਿੰਘ ਸੰਧੂ)**

ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਲੱਗਭਗ 43 ਕਰੋੜ 43 ਲੱਖ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਜਿਵੇਂ ਪੱਟੀ-ਸਰਹਾਲੀ ਰੋਡ ਤੋਂ ਅੰਮ੍ਰਿਤਸਰ-ਤਰਨ ਤਾਰਨ, ਸਰਹਾਲੀ-ਹਰੀਕੇ (ਐੱਨਐੱਚ.-54) ਰੋਡ ਵਾਇਆ ਪ੍ਰਿੰਗੜੀ, ਪੱਟੀ ਸਰਹਾਲੀ ਸ਼ਹਿਰੀ ਪੌਰਸ਼ਨ, ਪੱਟੀ ਤੋ ਤਰਨਤਾਰਨ ਰਸੂਲਪੁਰ ਰੋਡ ਤੋਂ ਮਾਹੀ ਪੈਲੇਸ, ਹਰੀਕੇ ਤੋ ਮਰੜ ਸੜਕਾਂ ਦਾ ਅਤੇ ਸਪੈਸ਼ਲ ਰਿਪੇਅਰ ਦੇ ਕੰਮ, ਪਿੰਡ ਚੂਸਲੇਵਾੜ ਬੇਹਕਾ ਵਿੱਚ ਪੈਂਦੇ ਸੋਏ ਦੇ ਉਪਰ ਨਵੇਂ ਪੁਲ ਬਣਾਉਣ ਦਾ ਨੀਂਹ ਪੱਥਰ ਰੱਖਦੇ ਹੋਏ ਕਿਹਾ ਕਿ ਮਾਨ ਸਰਕਾਰ ਦੀ ਅਗਵਾਈ ਹੇਠ ਚਾਰ ਸਾਲਾਂ ਵਿੱਚ ਪੰਜਾਬ ਨੇ ਤਰੱਕੀ ਦੀ ਨਵੀਂ ਦਿਸ਼ਾ ਵੇਖੀ ਹੈ।ਸਕੂਲਾਂ ਦੀ ਬਦਲਦੀ ਤਸਵੀਰ, ਮੁਫ਼ਤ ਇਲਾਜ ਦੀ ਸਹੂਲਤ, ਮੁਫ਼ਤ ਬਿਜਲੀ ਦੇ ਨਾਲ 24 ਘੰਟੇ ਬਿਜਲੀ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਅਤੇ ਹਰ ਘਰ ਤੱਕ ਵਿਕਾਸ ਪਹੁੰਚਾਇਆ ਹੈ। ਸੜਕਾਂ ਦੀ ਮੁਰੰਮਤ ਲਈ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਆਮ ਲੋਕਾਂ ਖ਼ਾਸ ਕਰਕੇ ਪੇਂਡੂ ਵਸੋਂ ਨੂੰ ਸਹੂਲਤ ਪ੍ਰਦਾਨ ਕਰਨਾ ਅਤੇ ਸ਼ਹਿਰ ਆਉਣ-ਜਾਣ ਤੇ ਵਸਤਾਂ ਦੀ ਢੋਆ-ਢੁਆਈ ਲਈ ਇਹ ਸੜਕਾਂ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਹਨ।ਇਨ੍ਹਾਂ ਸੜਕਾਂ ਦੇ ਨਿਰਮਾਣ ਤੇ ਜ਼ੋਰ ਦਿੰਦਿਆਂ ਉਹਨਾਂ ਕਿਹਾ ਕਿ ਸੜਕਾਂ ਦੇ ਨਿਰਮਾਣ ਲਈ ਇਕ-ਇਕ ਪੈਸੇ ਨੂੰ ਤਰਕਸੰਗਤ ਢੰਗ ਨਾਲ ਵਰਤਿਆ ਜਾਵੇਗਾ।ਇਸ ਮੌਕੇ ਚੇਅਰਮੈਨ ਦਿਲਬਾਗ ਸਿੰਘ ਪੀ ਏ, ਚੇਅਰਮੈਨ ਗੁਰਪਿੰਦਰ ਸਿੰਘ ਉਪਲ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋਂ, ਵਾਇਸ ਮੀਡੀਆ ਇੰਚਾਰਜ ਮੋਹਿਤ ਅਰੋੜਾ ਪੱਟੀ, ਐਡਵੋਕੇਟ ਮਨਦੀਪ ਸਿੰਘ ਭੁੱਲਰ, ਸਰਪੰਚ ਗੁਰਬਿੰਦਰ ਸਿੰਘ ਕਾਲੇਕੇ, ਸਰਪੰਚ ਗੁਰਪ੍ਰਤਾਪ ਸਿੰਘ ਲਾਡੀ ਬੁਰਜ, ਮਲਕੀਅਤ ਸਿੰਘ ਮੱਲ੍ਹ, ਵਿਪਨ ਕੁਮਾਰ ਸ਼ਹਿਰੀ ਪ੍ਰਧਾਨ, ਰਾਜੀਵ ਕੁਮਾਰ ਗੱਬਰ, ਐਡਵੋਕੇਟ ਵਰੁਣ ਜੈਨ, ਵਿਮਲ ਕੁਮਾਰ, ਅਮਨ ਕੁਮਾਰ ਵਿਪੀ, ਚੰਦਨ ਅਰੋੜਾ, ਰਾਜ ਕੁਮਾਰ ਅਰੋੜਾ, ਜੱਜ ਸਿੰਘ ਮਾਲੜਾ, ਪੁਨੀਤ ਜੈਨ ਆਦਿ ਹਾਜ਼ਰ ਸਨ।



# ਕਿਸਾਨੀ ਮੋਰਚੇ ਦੇ ਸ਼ਹੀਦ ਸ਼ੁਭਕਰਨ ਸਿੰਘ ਬੱਲੋ ਦੀ ਬਰਸੀ ਮਨਾਈ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਉਤੇ ਸੈਂਕੜੇ ਕਿਸਾਨਾਂ ਮਜ਼ਦੂਰਾਂ ਬੀਬੀਆਂ ਵੱਲੋਂ ਦਿੱਲੀ ਅੰਦੋਲਨ -2 ਦੇ ਸ਼ਹੀਦ ਸ਼ੁਭਕਰਨ ਬੱਲੋ ਸਮੇਤ ਸਾਰੇ ਸ਼ਹੀਦਾਂ ਨੂੰ ਦੋ ਮਿੰਟ ਮੌਨ ਧਾਰ ਕਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੂਚਾਹਲ, ਜਨਰਲ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਨੇ ਕਿਹਾ ਕਿ ਜਿਵੇਂ ਕੇਂਦਰ ਸਰਕਾਰ ਵੱਲੋਂ ਅਮਰੀਕਾ ਨਾਲ ਵਪਾਰਕ ਸੰਧੀ ਕਰਨ ਤੇ ਬਿਜਲੀ ਸੋਧ ਬਿੱਲ 2025 ਅਤੇ ਬੀਜ ਐਕਟ 2025 ਲਾਗੂ ਕਰਨ ਤੇ ਨਵੇਂ ਲੇਬਰ ਕੋਡ ਲਿਆ ਕੇ ਕਾਰਪੋਰੇਟ ਕੰਪਨੀਆਂ ਦੇ ਹਵਾਲੇ ਸਾਰੇ ਜਨਤਕ ਅਦਾਰੇ ਆਰਥਿਕ ਸੋਮੇ ਤੇ ਖੇਤੀ ਸੈਕਟਰ ਦਾ ਮਨਸੂਬਾ ਬਣਾ ਲਿਆ ਹੈ, ਇਸ ਲਈ ਕਿਸਾਨ ਲਹਿਰ ਦੇ ਸ਼ਹੀਦਾਂ ਨੂੰ ਯਾਦ ਕਰਕੇ ਹੀ ਅਸੀਂ ਆਪਣੀ ਹੋਂਦ ਧਰਤੀ, ਹਵਾ, ਪਾਣੀ ਤੇ ਖੇਤੀ ਨੂੰ ਬਚਾ ਸਕਦੇ ਹਾਂ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ 7 ਜਨਵਰੀ ਤੇ ਹੁਣ 20 ਫਰਵਰੀ ਨੂੰ ਕਿਸਾਨ ਮੰਗਾਂ ਦੀ ਹੱਲ ਲਈ ਕਿਸਾਨ ਆਗੂਆਂ ਨਾਲ ਮੀਟਿੰਗ ਰੱਖ ਕੇ ਮੁੱਕਰ ਚੁੱਕੀ ਹੈ। ਇਸ ਲਈ ਮੁੱਖ ਮੰਤਰੀ ਸਮੇਤ ਮੰਤਰੀਆਂ ਤੇ ਵਿਧਾਇਕਾਂ ਦਾ ਪੰਜਾਬ ਭਰ ਵਿੱਚ ਆਉਣ ਆਉਣ ਉਤੇ ਭਾਰੀ ਵਿਰੋਧ ਕੀਤਾ ਜਾਵੇਗਾ ਤੇ ਸਵਾਲ ਪੁੱਛੇ ਜਾਣਗੇ। ਕਿਸਾਨ ਆਗੂਆਂ ਨੇ ਇਕੱਠ ਵੱਲੋਂ ਪਾਸ ਕੀਤੇ ਮਤਿਆਂ ਰਾਹੀਂ ਮੰਗ ਕੀਤੀ ਕਿ ਦਿੱਲੀ ਅੰਦੋਲਨ ਟੂ ਦੇ ਸ਼ਹੀਦਾਂ ਦੇ ਪਰਿਵਾਰਾਂ ਤੇ ਜਖਮੀਆਂ ਨੂੰ ਮੁਆਵਜ਼ਾ ਦਿੱਤਾ ਜਾਵੇ ਤਿੰਨ ਕਰੋੜ 77 ਲੱਖ ਰੁਪਏ ਟਰਾਲੀਆਂ ਸਮੇਤ ਸਾਰੇ ਨਸ਼ਟ ਤੇ ਚੋਰੀ ਹੋਏ ਸਮਾਨ ਦੀ ਭਰਪਾਈ ਕਰਨ ਤੋਂ ਇਲਾਵਾ ਕਈ ਹੋਰ ਮੰਗਾਂ ਦਾ ਜ਼ਿਕਰ ਕੀਤਾ। ਇਸ ਮੌਕੇ ਜਰਨੈਲ ਸਿੰਘ ਨੂਰਦੀ, ਰੇਸ਼ਮ ਸਿੰਘ ਘੁਰਕਵਿੰਡ, ਫਹਿਤ ਸਿੰਘ ਪਿੱਦੀ, ਗੁਰਦਿਆਲ ਸਿੰਘ ਮੀਆਂ ਪਿੰਡ, ਸੁਖਵਿੰਦਰ ਸਿੰਘ ਦੁਗੱਲਵਾਲਾ, ਪਰਮਜੀਤ ਸਿੰਘ ਛੀਨਾ, ਦਿਲਬਾਗ ਸਿੰਘ ਪਹੂਵਿੰਡ, ਨਿਸ਼ਾਨ ਸਿੰਘ ਸਹਾਬਪੁਰ, ਬਲਜਿੰਦਰ ਸਿੰਘ ਸੇਰੋ, ਮਨਜਿੰਦਰ ਸਿੰਘ ਗੋਹਲਵੜ, ਸੁਖਚੈਨ ਸਿੰਘ ਅਲੋਵਾਲ, ਨਿਰੰਜਨ ਸਿੰਘ ਬਗਰਾੜੀ, ਮਨਜੀਤ ਸਿੰਘ ਕਰਮੂਵਾਲਾ, ਸਰਵਣ ਸਿੰਘ ਵਲੀਪੁਰ, ਬੀਬੀ ਦਵਿੰਦਰ ਕੌਰ, ਬੀਬੀ ਮਨਜੀਤ ਕੌਰ ਮੋਹਨਪੁਰ, ਬੀਬੀ ਰਣਜੀਤ ਕੌਰ ਕੱਲਾ ਆਦਿ ਆਗੂ ਹਾਜ਼ਰ ਸਨ।

# ਸਕੂਲ 'ਚ ਬੱਚਿਆਂ ਤੋਂ ਮਿੱਡ-ਡੇ-ਮੀਲ ਦੇ ਜੂਠੇ ਭਾਂਡੇ ਨਾ ਮੰਜਵਾਉਣ ਦੀ ਗੁਹਾਰ

**ਵੇਰਕਾ (ਰਾਣਾ)**

ਸਿੱਖਿਆ ਵਿਭਾਗ ਪੰਜਾਬ ਸਰਕਾਰ ਦੇ ਸ: ਸੀਨੀ: ਸੈ: ਸਕੂਲ ਕੋਹਾਲੀ, ਜ਼ਿਲਾ ਅੰਮ੍ਰਿਤਸਰ ਵਿਖੇ 6ਵੀਂ ਕਲਾਸ ਤੋਂ ਲੈ ਕੇ 8ਵੀਂ ਜਮਾਤ ਦੇ ਬੱਚਿਆਂ ਨੂੰ ਮਿੱਡ-ਡੇ-ਮੀਲ ਤਹਿਤ ਮਿਲਣ ਵਾਲਾ ਖਾਣਾ ਖੁਆਏ ਜਾਣ ਉਪਰੰਤ ਬੱਚਿਆਂ ਪਾਸੋਂ ਜੂਠੇ ਭਾਂਡੇ ਮੰਜਵਾਉਣ ਦਾ ਸਮਾਚਾਰ ਮਿਲਿਆ ਹੈ।ਇਸ ਸੰਬੰਧ ਵਿੱਚ ਵਿਭਾਗ ਦੇ ਉਚ ਅਧਿਕਾਰੀ ਵੀ ਭਲੀਭਾਂਤ ਜਾਣੂੰ ਹਨ।ਪ੍ਰੰਤੂ ਉਕਤ ਸਕੂਲ ਮੁਖੀ ਖਿਲਾਫ ਕੋਈ ਕਾਰਵਾਈ ਕਰਨ ਤੋਂ ਅਸਮਰੱਥ ਹਨ ਜਿਸ ਕਾਰਨ ਉਪਰੋਕਤ ਵਰਤਾਰਾ ਨਿਰੰਤਰ ਬਾਦਸਤੂਰ ਜਾਰੀ ਹੈ।ਇੱਥੇ ਦੱਸਣਯੋਗ ਹੈ ਕਿ ਰਾਜ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਅੰਦਰ ਪੜ੍ਹਨ ਵਾਲੇ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਨੂੰ ਮਿੱਡ-ਡੇ-ਮੀਲ ਸਕੀਮ ਤਹਿਤ ਪੌਸ਼ਟਿਕ ਭੋਜਨ ਖੁਆਇਆ ਜਾਂਦਾ ਹੈ।ਸਰਕਾਰੀ ਸੀਨੀ: ਸੈ: ਸਕੂਲ ਕੋਹਾਲੀ ਵਿਖੇ ਵੀ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਖੁਆਉਣ ਉਪਰੰਤ ਜੂਠੇ ਭਾਂਡੇ ਵੀ ਮੰਜਵਾਏ ਜਾਦੇ ਹਨ ਜਿਸ ਕਾਰਨ ਬੱਚਿਆਂ ਦੇ ਵਾਰਿਸ/ਮਾਪਿਆਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮਿੱਡ-ਡੇ-ਮੀਲ ਰਸੋਈਘਰ ਦੀ ਹਾਲਤ ਵੀ ਅਤਿਅੰਤ ਤਰਸਯੋਗ ਹੈ।ਬੱਚਿਆਂ ਦੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਵੀ ਠੀਕ ਨਹੀਂ ਹੈ।ਇਸ ਦੌਰਾਨ ਸਕੂਲ ਮੁਖੀ ਵੱਲੋਂ ਜਿੱਥੇ ਸਰਕਾਰ ਤੇ ਸਿੱਖਿਆ ਵਿਭਾਗ ਦੇ ਹੁਕਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ ਉੱਥੇ ਹੀ ਬਾਲ ਸੁਰੱਖਿਆ ਅਧਿਕਾਰ ਕਾਨੂੰਨ ਦਾ ਵੀ ਜਾਣਬੁੱਝ ਕੇ ਉਲੰਘਣ ਕੀਤਾ ਜਾਂਦਾ ਹੈ।ਇਸ ਸੰਬੰਧੀ ਸਕੂਲ ਵਿੱਚ ਪੜ੍ਹਨ ਵਾਲੇ ਗਰੀਬ ਬੱਚਿਆਂ ਦੇ ਮਾਂ-ਪਿਓ ਵੱਲੋਂ ਉਨ੍ਹਾਂ ਪਾਸੋਂ ਜੂਠੇ ਭਾਂਡੇ ਨਾ ਮੰਜਵਾਏ ਜਾਣ ਬਾਬਤ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸਰਕਾਰ ਅਤੇ ਚੇਅਰਮੈਨ ਪੰਜਾਬ ਰਾਜ ਬਾਲ ਸੁਰੱਖਿਆ ਅਧਿਕਾਰ ਕਮਿਸ਼ਨ ਪਾਸੋਂ ਇਨਸਾਫ ਦੀ ਗੁਹਾਰ ਲਗਾਈ ਹੈ।



# ਪੁਰਾਣਾ ਸ਼ਾਲਾ ਵਿਖੇ 32 ਲੱਖ ਦੀ ਲਾਗਤ ਵਾਲੇ ਆਧੁਨਿਕ ਸਟੇਡੀਅਮ ਦਾ ਕੰਮ ਆਰੰਭ



**ਗੁਰਦਾਸਪੁਰ, (ਜਨਕ ਮਹਾਜਨ)**

ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਕਸਬਾ ਪੁਰਾਣਾ ਸ਼ਾਲਾ ਵਿਖੇ 32 ਲੱਖ ਰੁਪਏ ਦੀ ਲਾਗਤ ਨਾਲ 1 ਏਕੜ ਵਿਚ ਆਧੁਨਿਕ ਸਟੇਡੀਅਮ ਤੋਂ ਇਲਾਵਾ 12 ਲੱਖ ਦੀ ਲਾਗਤ ਨਾਲ ਸੀਵਰੇਜ ਤੇ ਸੁੰਦਰ ਪਾਰਕ ਦੀ ਉਸਾਰੀ ਦਾ ਕਾਰਜ ਆਰੰਭ ਕਰ ਦਿੱਤਾ ਗਿਆ ਹੈ। ਗੱਲਬਾਤ ਕਰਦਿਆਂ ਚੇਅਰਮੈਨ ਬਲਜੀਤ ਸਿੰਘ ਖ਼ਾਲਸਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪਿੰਡ ਦੀ ਨੁਹਾਰ ਬਦਲਣ ਲਈ ਵਚਨਬੱਧ ਹਨ ਤੇ ਅਧੂਰੇ ਕੰਮ ਪਹਿਲ ਦੇ ਅਧਾਰ 'ਤੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਲਾਕੇ ਅੰਦਰ ਵਿਕਾਸ ਕਾਰਜਾਂ ਦੀ ਝੜੀ ਲੱਗੀ ਹੋਈ ਹੈ ਜਿਸ ਤਹਿਤ ਪਿੰਡ ਅੰਦਰ ਆਧੁਨਿਕ ਸਟੇਡੀਅਮ ਤੋਂ ਇਲਾਵਾ ਸੀਵਰੇਜ, ਪਾਰਕ ਦੀ ਉਸਾਰੀ ਦੇ ਨਾਲ ਨਾਲ ਇਲਾਕੇ ਦੀਆਂ ਸੜਕਾਂ ਦੀ ਮੁਰੰਮਤ ਕਰਕੇ ਨਵੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਅਗਵਾਈ ਵਾਲੀ ਸਰਕਾਰ ਵਲੋਂ ਸਿਹਤ, ਸਿੱਖਿਆ ਤੋਂ ਇਲਾਵਾ ਹੁਣ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ ਜਿਸ ਤਹਿਤ ਪਿੰਡਾਂ ਅੰਦਰ ਆਧੁਨਿਕ ਖੇਡ ਸਟੇਡੀਅਮਾਂ ਦੀ ਉਸਾਰੀ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਾਫ਼ ਸੁਥਰਾ ਸ਼ਾਸਨ ਮੁਹੱਈਆ ਕਰਵਾਉਣ ਦੇ ਨਾਲ ਨਾਲ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਕੇ ਸਰਕਾਰ ਵਲੋਂ ਮਿਸਾਲ ਕਾਇਮ ਕੀਤੀ ਹੈ।

# ਕੈਬਨਿਟ ਮੰਤਰੀ ਕਟਾਰੂਚੱਕ ਨੇ ਧਾਰੀਵਾਲ ਵਿਖੇ ਅੰਬੇਡਕਰ ਭਵਨ ਦਾ ਰੱਖਿਆ ਨੀਂਹ ਪੱਥਰ

**ਧਾਰੀਵਾਲ,(ਮਨਦੀਪ ਵਿੱਕੀ)**

ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਆਪਣੇ ਅਖਤਿਆਰੀ ਫੰਡ ਵਿੱਚੋਂ ਪੰਜ ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਦੇ ਹੋਏ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਧਾਰੀਵਾਲ ਵਿਖੇ ਡਾਕਟਰ ਅੰਬੇਡਕਰ ਭਵਨ ਦੀ ਉਸਾਰੀ ਦਾ ਦਾ ਨੀਂਹ ਪੱਥਰ ਰੱਖਿਆ ਅਤੇ ਪੰਜ ਲੱਖ ਰੁਪਏ ਹੋਰ ਜਾਰੀ ਕਰਨ ਦਾ ਵਾਅਦਾ ਕੀਤਾ। ਇਸ ਤੋਂ ਇਲਾਵਾ ਆਪ ਪਾਰਟੀ ਦੇ ਸੀਨੀਅਰ ਆਗੂ ਡਾਕਟਰ ਕਮਲਜੀਤ ਸਿੰਘ ਕੇ.ਜੇ. ਅਤੇ ਪ੍ਰੇਮ ਸਿੰਘ ਸਿੰਘਪੁਰੀਆਂ ਵੱਲੋਂ ਇੱਕ-ਇਕ ਲੱਖ ਰੁਪਏ, ਸ਼੍ਰੀ ਗੁਰੂ ਰਵਿਦਾਸ ਸਭਾ ਧਾਰੀਵਾਲ (ਰਜਿ. 202) ਦੇ ਪ੍ਰਧਾਨ ਮਾਸਟਰ ਪ੍ਰਕਾਸ਼ ਚੰਦ ਅਤੇ ਪ੍ਰੈਸ਼ ਸੱਕਤਰ ਹਰਭਜਨ ਸਿੰਘ ਵੱਲੋ 50-50 ਹਜ਼ਾਰ ਰੁਪਏ ਦਾ ਭਵਨ ਦੀ ਉਸਾਰੀ ਕਰਨ ਲਈ ਯੋਗਦਾਨ ਪਾਇਆ। ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜਗਰੂਪ ਸਿੰਘ ਸੇਖਵਾਂ, ਮਾਰਕੀਟ ਕਮੇਟੀ ਧਾਰੀਵਾਲ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ,ਨਗਰ ਕੌਂਸਲ ਪ੍ਰਧਾਨ ਅਸ਼ਵਨੀ ਦੁੱਗਲ, ਰਵਿਦਾਸ ਸਭਾ ਦੇ ਜਨਰਲ ਸਕੱਤਰ ਬਲਕਾਰ ਸਿੰਘ ਆਦਿ ਆਗੂ ਮੌਜੂਦ ਸਨ। ਇਸ ਮੌਕੇ ਸ਼੍ਰੀ ਗੁਰੂ ਰਵਿਦਾਸ ਸਭਾ ਧਾਰੀਵਾਲ (ਰਜਿ. 202) ਦੇ ਪ੍ਰਬੰਧਾਂ ਹੇਠ ਹੋਏ ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਟਾਰੂਚੱਕ ਨੇ ਕਿਹਾ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਸਾਰੇ ਧਰਮਾਂ ਦਾ ਸਤਿਕਾਰ ਕਰਦੀ ਹੈ ਅਤੇ ਸਾਰੇ ਵਰਗਾਂ ਨੂੰ ਵੱਖ ਵੱਖ ਸਹੂਲਤਾਂ ਪ੍ਰਦਾਨ ਕਰ ਰਹੀ ਹੈ। ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ-ਪੁਰਬ ਪੂਰਾ ਸਾਲ ਮਨਾਇਆ ਗਿਆ ਅਤੇ ਹੁਣ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਪੂਰਾ ਸਾਲ ਮਨਾਉਣ ਲਈ ਸ੍ਰੀ ਗੁਰੂ ਰਵਿਦਾਸ ਜੀ ਤੇ ਤੱਪ ਅਸਥਾਨ ਸ੍ਰੀ ਖੁਰਾਲਗੜ੍ਹ ਸਹਿਬ ਤੋਂ 6 ਫਰਵਰੀ ਤੋਂ ਆਰੰਭਤਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗੁਰੂ ਰਵਿਦਾਸ ਜੀ ਦੇ ਧਾਰਮਿਕ ਸਥਾਨ ਡੇਰਾ ਸੱਚ ਖੰਡ ਬੱਲਾਂ ਵਿਖੇ 10 ਏਕੜ ਜ਼ਮੀਨ ਵਿੱਚ ਅਧਿਐਨ ਸੈਂਟਰ ਬਣੇਗਾ ਜਿਸ ਵਿੱਚ ਸਮਾਜ ਦੇ ਬੱਚੇ ਗੁਰੂ ਰਵਿਦਾਸ ਜੀ ਦੀ ਬਾਣੀ ਦੀ ਐਧਿਆਨ ਸਿੱਖਿਆ ਗ੍ਰਹਿਣ ਕਰਨਗੇ। ਉਨ੍ਹਾਂ ਦੱਸਿਆ ਪੰਜਾਬ ਸਰਕਾਰ ਵੱਲੋਂ 12 ਸਪੈਸ਼ਲ ਰੇਲ ਗੱਡੀਆਂ ਪੰਜਾਬ ਵਿੱਚ ਵੱਖ ਵੱਖ ਥਾਂਵਾਂ ਤੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਜਨਮ ਭੂਮੀ ਕਾਸ਼ੀ ਲਈ ਸੰਗਤਾਂ ਦੇ ਨਤਮਸਤਕ ਹੋਣ ਲਈ ਚਲਾਈਆਂ ਜਾਣਗੀਆਂ। ਹਲਕਾ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕੈਬਨਿਟ ਮੰਤਰੀ ਕਟਾਰੂਚੱਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਧਾਰੀਵਾਲ ਵਿੱਚ ਡਾਕਟਰ ਅੰਬੇਡਕਰ ਭਵਨ ਤਿਆਰ ਹੋਣ ਨਾਲ ਇਲਾਕੇ ਨਿਵਾਸੀਆਂ ਨੂੰ ਕਾਫੀ ਫਾਇਦਾ ਹੋਵੇਗਾ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਧਾਰੀਵਾਲ ਦੇ ਪ੍ਰਧਾਨ ਗਿਆਨੀ ਮਾਸਟਰ ਪ੍ਰਕਾਸ਼ ਚੰਦ, ਸਕੱਤਰ ਬਲਕਾਰ ਸਿੰਘ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਹਲਕਾ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦਾ ਗੁਰੂ ਰਵਿਦਾਸ ਜੀ ਦੀ ਯਾਦਗਾਰੀ ਤਸਵੀਰ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਸਤਿਸੰਗ ਦੌਰਾਨ ਉਕਤ ਆਗੂਆਂ ਨਾਲ ਆਪ ਪਾਰਟੀ ਦੇ ਸੀਨੀਅਰ ਆਗੂ ਡਾਕਟਰ ਕਮਲਜੀਤ ਸਿੰਘ ਕੇ.ਜੇ., ਚੇਅਰਮੈਨ ਭੁਪਿੰਦਰ ਸਿੰਘ ਰਿੰਕਾ, ਪ੍ਰਧਾਨ ਅਸ਼ਵਨੀ ਦੁੱਗਲ, ਵਾਈਸ ਪ੍ਰਧਾਨ ਦੀਪਕ ਕੁਮਾਰ ਰਿੰਟੂ, ਨੋਨੀ ਖੋਸਲਾ, ਨਰਾਇਣ ਮਲਹੋਤਰਾ, ਐੱਸਡੀਓ ਚਮਨ ਲਾਲ ਸਿੰਘ, ਐੱਸਡੀਓ ਇੰਜ. ਕਸਤੂਰੀ ਲਾਲ, ਸਰਪੰਚ ਨੰਦ ਲਾਲ ਕਲਿਆਣਪੁਰ, ਐੱਸ. ਸੀ. ਵਿੰਗ ਜ਼ਿਲ੍ਹਾ ਪ੍ਰਧਾਨ ਜਸਵਿੰਦਰਪਾਲ ਜੋਗੋਵਾਲ, ਬੀਬੀ ਸੁਖਵਿੰਦਰ ਕੌਰ ਬਾਜਵਾ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕੇ ਦੀਆਂ ਸ਼ਖਸੀਅਤਾਂ ਅਤੇ ਸੰਗਤਾਂ ਹਾਜ਼ਰ ਸਨ।



# 19ਵਾਂ ਸਾਲਾਨਾ ਸਮਾਗਮ 'ਮੀਟ 2026' ਬੜੀ ਧੂਮਧਾਮ ਨਾਲ ਕਰਵਾਇਆ




**ਝਬਾਲ (ਹਰਜਿੰਦਰ ਸਿੰਘ ਸੋਨੀ)**

ਅੰਮ੍ਰਿਤਸਰ ਇਸਟੀਚਿਊਟਸ ਜਿਸ ਵਿੱਚ ਅੰਮ੍ਰਿਤਸਰ ਕਾਲਜ ਆਫ਼ ਨਰਸਿੰਗ (ਏ ਸੀ ਐੱਨ) ਅਤੇ ਅੰਮ੍ਰਿਤਸਰ ਇਸਟੀਚਿਊਟ ਆਫ਼ ਪੈਰਾਮੈਡੀਕਲ ਸਾਇੰਸਿਜ਼ (ਏ ਆਈ ਪੀ ਐਸ )ਸ਼ਾਮਲ ਹਨ, ਵੱਲੋਂ ਆਪਣਾ 19ਵਾਂ ਸਾਲਾਨਾ ਸਮਾਗਮ ਮੀਟ 2026 (ਫਰੈਸ਼ਰ ਅਤੇ ਵਿਦਾਇਗੀ ਪਾਰਟੀ) ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।ਇਹ ਸਮਾਗਮ ਮੈਨੇਜਿੰਗ ਡਾਇਰੈਕਟਰ ਡਾ. ਨਿਪੁਨ ਪਾਸੀ ਅਤੇ ਡਾ. ਮਹਿਕ ਪਾਸੀ ਦੀ ਯੋਗ ਰਹਿਨੁਮਾਈ, ਨੈਤਿਕ ਤੇ ਵਿੱਤੀ ਸਹਿਯੋਗ ਅਤੇ ਅਗਵਾਈ ਹੇਠ ਸਫਲਤਾਪੂਰਵਕ ਨੇਪਰੇ ਚੜ੍ਹਿਆ।ਇਸ ਮੌਕੇ ਸੰਸਥਾ ਦੇ ਪ੍ਰਿੰ. ਡਾ. ਸੰਦੀਪ ਸਿੰਘ ਨੇ ਸਮੂਹ ਸਟਾਫ ਅਤੇ ਮੈਨੇਜਮੈਂਟ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਹ ਸਮਾਗਮ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦਾ ਪ੍ਰਤੀਕ ਹੈ।ਸਮਾਗਮ ਦੌਰਾਨ ਸਾਲ 2025-2026 ਦੇ ਬੈਸਟ ਟੀਚਰ ਐਵਾਰਡ ਨਾਲ, ਪ੍ਰੋ. ਸੁਖਰਾਜ ਅਤੇ ਪ੍ਰੋ. ਜਸਵਿੰਦਰ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਡਾ. ਸਿੰਘ ਨੇ ਐਲਾਨ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਸੰਸਥਾ ਵੱਲੋਂ ਸਮਾਜਿਕ ਜਾਗਰੂਕਤਾ ਲਈ ਨੁੱਕੜ ਨਾਟਕ ਲੜੀ ਸ਼ੁਰੂ ਕੀਤੀ ਜਾ ਰਹੀ ਹੈ।ਸਮਾਗਮ ਦੀ ਸਫਲਤਾ ਵਿੱਚ ਪ੍ਰਿੰਸੀਪਲ ਦਿਲੀਪ ਕੁਮਾਰ, ਪ੍ਰੋ. ਰਾਜਬੀਰ ਕੌਰ, ਪ੍ਰੋ. ਨੇਹਾ, ਪ੍ਰੋ. ਪ੍ਰੋ. ਭਦੀਪ,ਪ੍ਰੋ. ਰੋਜ਼ੀ, ਪ੍ਰੋ. ਰਵਨੀਤ, ਪ੍ਰੋ. ਨਵਜੋਤ, ਪ੍ਰੋ. ਨਵਨੀਤ, ਪ੍ਰੋ. ਨਵਰੀਤ ਅਤੇ ਅਕਾਊਂਟੈਂਟ ਮਨਿੰਦਰ ਸਮੇਤ ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਸਬਜ਼ੀ ਮੰਡੀ ਵੱਲਾ ਦੇ ਪ੍ਰਬੰਧਾਂ 'ਤੇ ਲੱਗੀ ਸਵਾਲਾਂ ਦੀ ਝੜੀ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਦੇ ਪ੍ਰਧਾਨ ਭੁਪਿੰਦਰ ਸਿੰਘ ਤੀਰਥਪੁਰਾ ਨੇ ਸਬਜ਼ੀ ਮੰਡੀ ਮੰਡੀ ਅੰਮ੍ਰਿਤਸਰ (ਵੱਲਾ) ਦੇ ਪ੍ਰਬੰਧਾਂ 'ਤੇ ਗੰਭੀਰ ਦੋਸ਼ ਲਾਉਂਦਿਆਂ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ।ਉਨ੍ਹਾਂ ਨੇ ਕਿਹਾ ਕਿ ਇਸ ਮੰਡੀ ਦਾ ਪ੍ਰਬੰਧ ਬੁਰੀ ਤਰ੍ਹਾਂ ਖਰਾਬ ਹੋਇਆ ਹੈ।ਇਸ ਮੰਡੀ ਦੀਆਂ ਸਾਰੀਆਂ ਸੜਕਾਂ ਤੇ ਨਜਾਇਜ਼ ਕਬਜ਼ੇ ਕਰਕੇ ਮਾਲ ਵੇਚਿਆ ਜਾ ਰਿਹਾ ਹੈ।ਮੰਡੀ ਦੇ ਅੰਦਰ ਆਪਣੇ ਸਾਧਨਾਂ ਟਰੈਕਟਰ ਟਰਾਲੀਆਂ, ਘੜੁੱਕੇ, ਟੈਂਪੂ ਜਾਂ ਹੋਰ ਸਾਧਨਾਂ ਮੰਡੀ ਅੰਦਰ ਵੜਨਾ ਮੁਸ਼ਕਲ ਬਣਿਆ ਹੋਇਆ ਹੈ ਜਿਸ ਕਾਰਨ ਮੇਨ ਸੜਕ ਤੇ ਵੀ ਜਾਮ ਲੱਗ ਜਾਂਦਾ ਹੈ।ਇਸ ਸਬੰਧੀ ਪਹਿਲਾਂ ਵੀ ਕਈ ਵਾਰ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਅਤੇ ਸਬਜੀ ਮੰਡੀ ਆੜ੍ਹਤੀ ਐਸੋਸੀਏਸ਼ਨ ਨੂੰ ਦੱਸਿਆ ਗਿਆ ਹੈ।ਇਥੋਂ ਤੱਕ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਵੀ ਲਿਆ ਕਿ ਇਸ ਮੰਡੀ ਦੀ ਵਿਵਸਥਾ ਸੁਧਾਰਨ ਦੀ ਮੰਗ ਕੀਤੀ ਗਈ ਪ੍ਰੰਤੂ ਕਿਸੇ ਵੀ ਅਧਿਕਾਰੀ ਨੇ ਇਨ੍ਹਾਂ ਸਮੱਸਿਆਵਾਂ ਦੇ ਪੱਕੇ ਹੱਲ ਵੱਲ ਧਿਆਨ ਨਹੀਂ ਦਿੱਤਾ।ਜੇਕਰ ਜ਼ਿਲਾ ਪ੍ਰਸ਼ਾਸਨ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੇ ਇਨ੍ਹਾਂ ਮੁਸ਼ਕਲਾਂ ਨੂੰ ਹੱਲ ਕਰਨ ਵੱਲ ਧਿਆਨ ਨਾ ਦਿੱਤਾ ਤਾਂ ਜਥੇਬੰਦੀ ਇੱਕ ਹਫਤੇ ਬਾਅਦ ਸਖਤ ਐਕਸ਼ਨ ਲੈਣ ਲਈ ਮਜਬੂਰ ਹੋਵੇਗੀ।ਇਸ ਸਮੇਂ ਪ੍ਰਧਾਨ ਭੁਪਿੰਦਰ ਸਿੰਘ ਤੀਰਥਪੁਰ, ਲਖਬੀਰ ਸਿੰਘ ਨਿਜ਼ਾਮਪੁਰ, ਤਰਸੇਮ ਸਿੰਘ ਨੰਗਲ, ਅਵਤਾਰ ਸਿੰਘ ਵਡਾਲਾ ਜੌਹਲ, ਧਰਮਿੰਦਰ ਸਿੰਘ ਕਿਲਾ, ਰਾਜਬੀਰ ਫਤਿਹਪੁਰ, ਜੱਸਵਿੰਦਰ ਸਿੰਘ, ਜਸਪਾਲ ਸਿੰਘ ਨਬੀਪੁਰ, ਮਹਿਲ ਸਿੰਘ, ਪ੍ਰਤਾਪ ਸਿੰਘ ਛਾਪਾ, ਕਰਨੈਲ ਸਿੰਘ ਨਵਾਂ ਪਿੰਡ ਅਤੇ ਗੁਰਮੇਜ ਸਿੰਘ ਮੱਖਨਵਿੰਡੀ ਮੌਜੂਦ ਸਨ।



# ਭਾਈ ਸਤਿੰਦਰਬੀਰ ਸਿੰਘ ਅਮਰੀਕਾ ਦਾ ਖਾਸ ਸਨਮਾਨ



**ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)**

ਪਿੰਡ ਮਾਨ ਸੈਂਡਵਾਲ ਵਿਚ ਹੋਏ ਕੀਰਤਨ ਸਮਾਗਮ ਮੌਕੇ ਭਾਈ ਸਤਿੰਦਰਬੀਰ ਸਿੰਘ ਅਮਰੀਕਾ ਵਾਲਿਆਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।ਆਪਣੀ ਰਸਭਿੰਨੀ ਆਵਾਜ਼ ਨਾਲ ਸੰਗਤਾਂ ਨੂੰ ਗੁਰਬਾਣੀ ਕੀਰਤਨ ਸੁਣਾ ਕੇ ਨਿਹਾਲ ਕੀਤਾ।ਅਮਰੀਕਾ ਰਹਿ ਰਹੇ ਭਾਈ ਸਾਹਿਬ ਕਾਫੀ ਅਰਸੇ ਬਾਅਦ ਆਪਣੇ ਪਿੰਡ ਆਏ ਹਨ ਤੇ ਕੀਰਤਨ ਸਮਾਗਮ ਵਿੱਚ ਹਾਜ਼ਰੀ ਭਰੀ ਹੈ।ਇਸ ਦੌਰਾਨ ਸ਼ਬਦ ਸਾਂਝ ਲਾਇਬ੍ਰੇਰੀ ਮਾਨ ਸੈਂਡਵਾਲ ਵੱਲੋਂ ਭਾਈ ਸਾਹਿਬ ਦਾ ਸਨਮਾਨ ਕੀਤਾ ਗਿਆ।ਇਸ ਸੰਬੰਧੀ ਗੱਲ ਕਰਦਿਆਂ ਲਾਇਬ੍ਰੇਰੀ ਇੰਚਾਰਜ ਜਸਦੇਵ ਮਾਨ ਨੇ ਕਿਹਾ ਕੇ ਭਾਈ ਸਤਿੰਦਰਬੀਰ ਸਿੰਘ ਸਾਡੇ ਪਿੰਡ ਤੇ ਇਲਾਕੇ ਦਾ ਮਾਣ ਹਨ।ਉਨ੍ਹਾਂ ਦਮਦਮੀ ਟਕਸਾਲ ਚੌਂਕ ਮਹਿਤਾ ਤੋਂ ਗੁਰਬਾਣੀ ਸੰਗੀਤ ਦੀ ਵਿਦਿਆ ਹਾਸਲ ਕੀਤੀ।ਲਾਇਬ੍ਰੇਰੀ ਇੰਚਾਰਜ ਜਸਦੇਵ ਮਾਨ ਨੇ ਕਿਹਾ ਕਿ ਇਹ ਸਾਡੇ ਲਈ ਬੜੇ ਮਾਣ ਦੀ ਗੱਲ ਹੈ ਕਿ ਅਸੀਂ ਆਪਣੀ ਸੰਸਥਾ ਵੱਲੋਂ ਭਾਈ ਸਤਿੰਦਰਬੀਰ ਸਿੰਘ ਦਾ ਸਨਮਾਨ ਕਰ ਰਹੇ ਹਾਂ।ਇਸ ਮੌਕੇ ਸਰਪੰਚ ਜਸਪਾਲ ਸਿੰਘ ਮਾਨ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਜਿੰਦਰ ਸਿੰਘ ਨੇ ਭਾਈ ਸਤਿੰਦਰਬੀਰ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਹ ਸਾਡੇ ਇਲਾਕੇ ਦੀ ਸ਼ਾਨ ਹਨ।ਇਸ ਮੌਕੇ ਇਕਬਾਲ ਸਿੰਘ ਸ਼ੇਰਾ, ਸਤਪਾਲ ਸਿੰਘ ਕੈਨੇਡਾ, ਭਾਈ ਹਰਵਿੰਦਰ ਸਿੰਘ ਰਾਗੀ, ਸੁਖਬੀਰਪਾਲ ਸਿੰਘ ਸੰਧੂ, ਜਸਪਿੰਦਰ ਸਿੰਘ, ਅਮਰਜੀਤ ਸਿੰਘ, ਜਸਵੰਤ ਸਿੰਘ, ਹਰਦੇਵ ਸਿੰਘ ਆਦਿ ਹਾਜ਼ਰ ਸਨ।

# 2 ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਪੁਲਿਸ ਨੇ ਦੋ ਵੱਖ-ਵੱਖ ਮਾਮਲਿਆਂ ਵਿਚ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ ਕੀਤੇ ਹਨ। ਥਾਣਾ ਦੀਨਾਨਗਰ ਦੇ ਏ.ਐਸ.ਆਈ. ਬਲਕਾਰ ਸਿੰਘ ਨੇ ਸਮੇਤ ਪੁਲਿਸ ਬਹਿਰਾਮਪੁਰ ਰੋਡ ਨੇੜੇ ਰੇਲਵੇ ਫਾਟਕ ਤੋਂ ਰਾਜ ਕੁਮਾਰ ਉਰਫ ਲੀਲਾ ਪੁੱਤਰ ਸੰਸਾਰ ਚੰਦ ਵਾਸੀ ਬੇ ਦੀਨਾਨਗਰ ਨੂੰ ਕਾਬੂ ਕਰਕੇ ਉਸ ਪਾਸੋਂ ਬ੍ਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿੱਚੋਂ 7 ਗ੍ਰਾਮ ਹੈਰੋਇਨ 600 ਰੁਪਏ ਡਰੱਗ ਮਨੀ ਬ੍ਰਾਮਦ ਹੋਈ ਹੈ। ਥਾਣਾ ਸਿਟੀ ਗੁਰਦਾਸਪੁਰ ਪੁਲਿਸ ਦੇ ਐਸ.ਆਈ. ਰਛਪਾਲ ਸਿੰਘ ਨੇ ਸਮੇਤ ਪੁਲਿਸ ਪਾਰਟੀ ਟੀ. ਪੁਆਇੰਟ ਨੇੜੇ ਸ਼ਮਸ਼ਾਨਘਾਟ ਕਾਲਾਬਾਲਾ ਮੋੜ ਤੋਂ ਹਰਜੀਤ ਸਿੰਘ ਉਰਫ ਮੱਘਰ ਪੁੱਤਰ ਕੁਲਵਿੰਦਰ ਸਿੰਘ, ਸ਼ਮਸ਼ੇਰ ਸਿੰਘ ਉਰਫ ਸ਼ੇਰਾ ਪੁੱਤਰ ਸਿਕੰਦਰ ਸਿੰਘ ਵਾਸੀ ਪੰਡੋਰੀ ਥਾਣਾ ਘੁੰਮਾਣ ਜੋ ਸਮਸ਼ਾਨਘਾਟ ਦੇ ਅੰਦਰ ਲੁੱਕ ਛਿੱਪ ਕੇ ਨਸ਼ੇ ਦਾ ਸੇਵਨ ਕਰ ਰਹੇ ਸੀ, ਜਿਨ੍ਹਾਂ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ, ਉਕਤ ਵਿਅਕਤੀਆਂ ਪਾਸੋਂ ਇਕ ਸਿਲਵਰ ਪੰਨੀ, ਲਾਈਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਪੁਲਿਸ ਨੇ ਦੋਵਾਂ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਪ੍ਰਧਾਨ ਮੰਤਰੀ ਦੇ ਵਿਚਾਰ ਨੌਜਵਾਨਾਂ ਲਈ ਮਾਰਗ-ਦਰਸ਼ਕ : ਕ੍ਰਿਤੀ ਅਰੋੜਾ



**ਛੇਹਰਟਾ (ਮਨੋਜ ਕੁਮਾਰ)** - ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਦੇ ਦਫ਼ਤਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਸਿੱਧ ਪ੍ਰੋਗਰਾਮ 'ਮਨ ਕੀ ਬਾਤ' ਦਾ 131ਵਾਂ ਐਪੀਸੋਡ ਸਮੂਹਿਕ ਤੌਰ 'ਤੇ ਸੁਣਿਆ ਗਿਆ। ਪ੍ਰੋਗਰਾਮ ਦੌਰਾਨ ਤਕਨਾਲੋਜੀ, ਖੇਡਾਂ ਤੇ ਭਾਰਤੀ ਪ੍ਰਤਿਭਾ ਬਾਰੇ ਪ੍ਰਧਾਨ ਮੰਤਰੀ ਦੇ ਵਿਚਾਰਾਂ ਨੇ ਮੌਜੂਦ ਵਰਕਰਾਂ ਤੇ ਨਾਗਰਿਕਾਂ ਵਿਚ ਨਵਾਂ ਉਤਸ਼ਾਹ ਤੇ ਪ੍ਰੇਰਨਾ ਦਾ ਸੰਚਾਰ ਕੀਤਾ। ਪ੍ਰੋਗਰਾਮ ਤੋਂ ਬਾਅਦ ਕੌਂਸਲਰ ਕ੍ਰਿਤੀ ਅਰੋੜਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਵਿਚਾਰ ਨੌਜਵਾਨਾਂ ਲਈ ਮਾਰਗਦਰਸ਼ਕ ਹਨ। ਉਨ੍ਹਾਂ ਨੌਜਵਾਨਾਂ ਨੂੰ ਖੇਡਾਂ ਤੇ ਤਕਨਾਲੋਜੀ ਦੋਵਾਂ ਵਿਚ ਅੱਗੇ ਵਧ ਕੇ ਰਾਸ਼ਟਰ ਨਿਰਮਾਣ ਵਿਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਅੰਮ੍ਰਿਤਸਰ ਭਾਜਪਾ ਦੇ ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸ਼ੈਂਟੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਪੰਜਾਬ ਤੇ ਪੰਜਾਬੀਅਤ ਦੇ ਹਿੱਤ ਵਿਚ ਸਮਰਪਣ ਭਾਵਨਾ ਨਾਲ ਕੰਮ ਕਰ ਰਹੀ ਹੈ। ਅਜਿਹੇ ਯਤਨ ਪਹਿਲਾਂ ਕਦੇ ਦੇਖਣ ਨੂੰ ਨਹੀਂ ਮਿਲੇ। ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਅਸੀਂ ਸਾਰੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਪੂਰਨ ਬਹੁਮਤ ਵਾਲੀ ਭਾਜਪਾ ਸਰਕਾਰ ਬਣਾ ਕੇ ਪ੍ਰਧਾਨ ਮੰਤਰੀ ਦੇ ਹੱਥ ਮਜ਼ਬੂਤ ਕਰੀਏ ਤੇ ਇਕ ਵਿਕਸਤ ਪੰਜਾਬ ਲਈ ਰਾਹ ਪੱਧਰਾ ਕਰੀਏ।

# ਬਲਾਕ ਘਰੋਟਾ ਦੇ ਛੇ ਪਿੰਡਾਂ ਨੂੰ ਆਂਗਣਵਾੜੀ ਸੈਂਟਰ ਸਮਰਪਿਤ




**ਪਠਾਨਕੋਟ (ਦਵਿੰਦਰ ਸਿੰਘ)**

ਵਿਧਾਨ ਸਭਾ ਹਲਕਾ ਭੋਆ ਦੇ ਬਲਾਕ ਘਰੋਟੇ ਅੰਦਰ 60 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਆਂਗਣਵਾੜੀ ਸੈਂਟਰਾਂ ਦਾ ਸ਼ੁਭ ਆਰੰਭ ਕੀਤਾ ਗਿਆ ਹੈ ਅਤੇ ਆਉਣ ਵਾਲੇ ਕੁਝ ਹੀ ਦਿਨਾਂ ਦੇ ਵਿੱਚ ਬਲਾਕ ਘਰੋਟਾ ਦੇ ਤਿੰਨ ਹੋਰ ਪਿੰਡਾਂ ਅੰਦਰ ਆਂਗਣਵਾੜੀ ਸੈਂਟਰ ਦਾ ਨਿਰਮਾਣ ਕਰਕੇ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਬਲਾਕ ਘਰੋਟਾ ਦੇ ਪਿੰਡ ਅਖਰੋਟਾ ਵਿਖੇ ਨਵੇਂ ਬਣਾਏ ਗਏ ਆਂਗਣਵਾੜੀ ਸੈਂਟਰ ਦਾ ਉਦਘਾਟਨ ਕਰਨ ਮਗਰੋਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਦੀਪ ਕੁਮਾਰ ਬਲਾਕ ਪ੍ਰਧਾਨ, ਅਸ਼ਵਨੀ ਕੁਮਾਰ ਮੈਂਬਰ ਜ਼ਿਲ੍ਹਾ ਪਰਿਸ਼ਦ, ਬੌਬੀ ਸੈਨੀ, ਸਰਪੰਚ ਸੁਮਿਤਾ, ਨਰੇਸ਼ ਕੁਮਾਰ, ਜਸਬੀਰ ਸਿੰਘ, ਤਰਲੋਕ ਸਿੰਘ, ਅਮਨਦੀਪ ਸਿੰਘ, ਸੁਭਾਸ਼, ਰਾਜ ਕੁਮਾਰ ਐੱਸਡੀਓ ਗਗਨਦੀਪ ਸਿੰਘ, ਪਿੰਕਾ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਅਤੇ ਅਹੁਦੇਦਾਰ ਹਾਜ਼ਰ ਸਨ।ਇਸ ਮੌਕੇ ਕਟਾਰੂਚੱਕ ਨੇ ਕਿਹਾ ਕਿ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਵਿਧਾਨ ਸਭਾ ਹਲਕਾ ਭੋਆ ਦੇ ਕਰੀਬ 32 ਪਿੰਡਾਂ ਅੰਦਰ ਆਂਗਣਵਾੜੀਆਂ ਦੇ ਨਿਰਮਾਣ ਕਾਰਜ ਚੱਲ ਰਹੇ ਹਨ ਅਤੇ ਅੱਜ ਬਲਾਕ ਘਰੋਟਾ ਦੇ ਅੰਦਰ ਪੰਜਾਬ ਸਰਕਾਰ ਵੱਲੋਂ ਕਰੀਬ 9 ਆਂਗਣਵਾੜੀ ਸੈਂਟਰ ਤਿਆਰ ਕੀਤੇ ਗਏ ਹਨ ਜਿਸ ਵਿੱਚ ਫਰੀਦਾ ਨਗਰ, ਖੋਬਾ, ਬਡਾਲਾ, ਕਾਨਵਾਂ ਘਰੋਟਾ ਕਲਾਂ ਅਤੇ ਅਖਰੋਟਾ ਜੋ ਕਿ ਪੂਰੀ ਤਰ੍ਹਾਂ ਨਾਲ ਬਣ ਕੇ ਤਿਆਰ ਹੋ ਗਏ ਹਨ ਅਤੇ ਪਿੰਡ ਕਟਾਰੂ ਚੱਕ, ਸਮਰਾਲਾ ਅਤੇ ਰਾਜਪੂਰਾ ਵਿੱਚ ਬਹੁਤ ਹੀ ਜਲਦੀ ਆਂਗਣਵਾੜੀ ਸੈਂਟਰ ਬਣ ਕੇ ਤਿਆਰ ਹੋ ਜਾਣਗੇ।ਉਨ੍ਹਾਂ ਦੱਸਿਆ ਕਿ ਹਰੇਕ ਆਂਗਣਵਾੜੀ ਸੈਂਟਰ ਦੇ ਨਿਰਮਾਣ ਤੇ ਕਰੀਬ 10 ਲੱਖ ਰੁਪਏ ਖਰਚ ਕੀਤੇ ਗਏ ਹਨ।

# ਮਾਨ ਸੈਂਡਵਾਲ 'ਚ ਪੁਸਤਕ ਪ੍ਰਦਰਸ਼ਨੀ ਲਗਾਈ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**

ਪਿੰਡ ਮਾਨ ਸੈਂਡਵਾਲ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਹਾਨ ਕੀਰਤਨ ਸਮਾਗਮ ਕਰਵਾਇਆ ਗਿਆ ਜਿਸ ਵਿਚ ਵੱਖ ਵੱਖ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਨੇ ਹਾਜ਼ਰੀ ਭਰੀ।ਇਸ ਦੌਰਾਨ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ। ਇਹ ਪੁਸਤਕ ਪ੍ਰਦਰਸ਼ਨੀ ਇਕਬਾਲ ਸਿੰਘ ਸ਼ੇਰਾ ਅਤੇ ਉਨ੍ਹਾਂ ਦੇ ਭਰਾ ਸਤਪਾਲ ਸਿੰਘ ਮਾਨ ਕੈਨੇਡਾ ਵੱਲੋਂ ਸ਼ਬਦ ਸਾਂਝ ਲਾਇਬ੍ਰੇਰੀ ਮਾਨ ਸੈਂਡਵਾਲ ਦੇ ਸਹਿਯੋਗ ਨਾਲ ਲਗਾਈ ਗਈ।ਇਸ ਪੁਸਤਕ ਪ੍ਰਦਰਸ਼ਨੀ ਵਿੱਚ ਬੱਚਿਆਂ ਨੂੰ ਕਵਿਤਾਵਾਂ ਕਹਾਣੀਆਂ ਅਤੇ ਵਿਗਿਆਨਕ ਵਿਸ਼ਿਆਂ ਨਾਲ ਸੰਬੰਧਤ ਪੁਸਤਕਾਂ ਮੁਫਤ ਵਿਚ ਦਿੱਤੀਆਂ ਗਈਆਂ। ਇਸਦੇ ਨਾਲ ਹੀ ਬੱਚਿਆਂ ਨੂੰ ਕਾਪੀਆਂ ਅਤੇ ਪੈਨ ਪੈਨਸਲਾਂ ਅਤੇ ਟਾਫੀਆਂ ਦਿੱਤੀਆਂ ਗਈਆਂ। ਬੱਚਿਆਂ ਨੇ ਇਸ ਪੁਸਤਕ ਪ੍ਰਦਰਸ਼ਨੀ ਵਿੱਚ ਬਹੁਤ ਦਿਲਚਸਪੀ ਵਿਖਾਈ ਅਤੇ ਆਪਣੀ ਪਸੰਦ ਮੁਤਾਬਕ ਕਿਤਾਬਾਂ ਲਈਆਂ।ਇਸ ਸੰਬੰਧੀ ਗੱਲ ਕਰਦਿਆਂ ਲਾਇਬ੍ਰੇਰੀ ਇੰਚਾਰਜ ਜਸਦੇਵ ਮਾਨ ਨੇ ਦੱਸਿਆ ਕਿ ਇਹ ਪੁਸਤਕ ਪ੍ਰਦਰਸ਼ਨੀ ਇਕਬਾਲ ਸਿੰਘ ਸ਼ੇਰਾ ਅਤੇ ਸਤਪਾਲ ਸਿੰਘ ਮਾਨ ਦੇ ਵਿਸ਼ੇਸ਼ ਸਹਿਯੋਗ ਨਾਲ ਲਗਾਈ ਗਈ ਹੈ।ਇਸ ਵਾਸਤੇ ਅਸੀਂ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ ਕਿਉਂਕ ਅਜਿਹੇ ਉਪਰਾਲਿਆਂ ਨਾਲ ਬੱਚੇ ਸਾਹਿਤ ਅਤੇ ਕਿਤਾਬਾਂ ਨਾਲ ਜੁੜਦੇ ਹਨ।ਇਸ ਮੌਕੇ ਜਸਪਾਲ ਸਿੰਘ ਸਰਪੰਚ, ਜਸਬੀਰ ਸਿੰਘ ਸਰਪੰਚ ਭਾਲੋਵਾਲੀ , ਇਕਬਾਲ ਸਿੰਘ ਸ਼ੇਰਾ, ਸਤਪਾਲ ਸਿੰਘ ਕੈਨੇਡਾ, ਕੁਲਬੀਰ ਕੌਰ ਭੁੱਲਰ ਕੈਨੇਡਾ, ਭਾਈ ਹਰਦੀਪ ਸਿੰਘ, ਗਿੰਦਰ ਮਾਨ, ਜਗਤਾਰ ਸਿੰਘ, ਅਮਰਜੀਤ ਸਿੰਘ ਆਦਿ ਹਾਜ਼ਰ ਸਨ।



# ਠੱਗੀ ਮਾਰਨ ਵਾਲੇ ਦੋ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਠੱਗੀ ਮਾਰਨ ਵਾਲੇ ਦੋ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਜਾਂਚ ਦੌਰਾਨ ਪਾਇਆ ਕਿ ਪ੍ਰਿਤਪਾਲ ਸਿੰਘ ਰਾਹੁਲ ਹੇਅਰ, ਵਿੱਕੀ ਹੇਅਰ ਪੁੱਤਰ ਜਗੀਰ ਸਿੰਘ ਵਾਸੀ ਗੁਰਦਾਸਪੁਰ, ਸਤਨਾਮ ਸਿੰਘ ਕਾਹਲੋਂ ਵਾਸੀ ਲੋਹਗੜ੍ਹ ਥਾਣਾ ਦੀਨਾਨਗਰ ਨੇ ਸ਼ਿਕਾਇਤਕਰਤਾ ਵਿਕਾਸ ਸ਼ਰਮਾ ਐਡਵੋਕੇਟ ਪੁੱਤਰ ਜੋਗਿੰਦਰ ਪਾਲ ਵਾਸੀ ਗੁਰਦਾਸਪੁਰ ਨੂੰ ਇਲੂ ਵਰਲਡ ਨਾਮ ਦੀ ਕੰਪਨੀ ਵਿੱਚ ਇਨਵੈਸਟਮੈਂਟ ਕਰਨ ਦੇ ਨਾਮ 'ਤੇ 10 ਲੱਖ ਰੁਪਏ ਦਾ ਚੈੱਕ ਲੈ ਕੇ ਆਪਣੇ ਖਾਤੇ ਵਿੱਚ ਕੈਸ਼ ਕਰਵਾ ਲਿਆ। ਕੁਝ ਸਮੇਂ ਬਾਅਦ ਸ਼ਿਕਾਇਤਕਰਤਾ ਵੱਲੋਂ ਵਾਰ-ਵਾਰ ਪੁੱਛਣ ਤੇ ਕਥਿਤ ਦੋਸ਼ੀਆਂ ਨੇ 5 ਲੱਖ ਰੁਪਏ ਵਾਪਿਸ ਕਰ ਦਿੱਤੇ ਅਤੇ ਬਾਕੀ ਰਹਿੰਦੀ ਰਕਮ 5 ਲੱਖ ਰੁਪਏ ਦਾ ਲਿਖਤੀ ਇਕਰਾਰ ਕਰਕੇ ਸ਼ਿਕਾਇਤਕਰਤਾ ਨੂੰ ਵਾਪਿਸ ਨਹੀਂ ਕੀਤੇ ਹਨ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਉਕਤ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਸ਼ੈਰੀ ਕਲਸੀ ਨੇ ਦੁਨੀਆਂ ਸੰਧੂ 'ਚ ਲਿੰਕ ਸੜਕ ਦੀ ਉਸਾਰੀ ਦਾ ਰੱਖਿਆ ਨੀਂਹ ਪੱਥਰ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਹਲਕੇ ਦੇ ਪਿੰਡਾਂ ਅੰਦਰ ਕਰੋੜਾਂ ਰੁਪਏ ਦੇ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਪਿੰਡ ਵਾਸੀਆਂ ਦੀ ਸਹੂਲਤ ਲਈ ਵਿਕਾਸ ਕਾਰਜ ਜਾਰੀ ਹਨ।ਵਿਧਾਇਕ ਸ਼ੈਰੀ ਕਲਸੀ ਨੇ ਪਿੰਡ ਦੁਨੀਆਂ ਸੰਧੂ ਵਿਖੇ ਲਿੰਕ ਸੜਕ ਦੀ ਉਸਾਰੀ ਲਈ ਨੀਂਹ ਪੱਥਰ ਰੱਖਣ ਉਪਰੰਤ ਕਿਹਾ ਕਿ ਪਿੰਡਾਂ ਦੀਆਂ ਲਿੰਕ ਸੜਕਾਂ ਬਣਾਉਣ ਦੇ ਕੰਮ, ਪਿੰਡਾਂ ਵਿੱਚ ਗੰਦੇ ਪਾਣੀ ਦੀ ਸਮੱਸਿਆਂ ਵਾਸਤੇ ਸੀਵਰੇਜ ਪਾਉਣ ਦੇ ਕੰਮ, ਖੇਡ ਮੈਦਾਨ ਤਿਆਰ ਕਰਨ ਸਮੇਤ ਵੱਖ-ਵੱਖ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਕੇ ਹੱਲ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਸਰਬਪੱਖੀ ਵਿਕਾਸ ਉਨਾਂ ਦੀ ਪਹਿਲੀ ਤਰਜੀਹ ਹੈ ਅਤੇ ਹਲਕੇ ਦੇ ਵਿਕਾਸ ਕੰਮਾਂ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ।ਉਨ੍ਹਾਂ ਕਿਹਾ ਕਿ ਬਟਾਲਾ ਹਲਕੇ ਦੇ ਲੋਕਾਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ।ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਕਾਂ ਨੂੰ ਚੌੜਾ ਕੀਤਾ ਗਿਆ ਹੈ।ਸ਼ਹਿਰ ਵਿਚਲੇ ਚੌਕਾਂ ਨੂੰ ਚੌੜਿਆਂ ਕਰਕੇ ਖੂਬਸੂਰਤ ਦਿੱਖ ਦਿੱਤੀ ਗਈ ਹੈ।ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹੈ।ਵਾਰਡਾਂ ਵਿੱਚ ਗਲੀਆਂ ਦੇ ਨਿਰਮਾਣ ਕਾਰਜ ਚੱਲ ਰਹੇ ਹਨ ਅਤੇ ਜਿਨਾਂ ਵਾਰਡਾਂ ਵਿੱਚ ਗਲੀਆਂ ਬਣਾਉਣ ਦਾ ਕੰਮ ਰਹਿ ਗਿਆ ਹੈ, ਉਥੇ ਵੀ ਜਲਦ ਕੰਮ ਸ਼ੁਰੂ ਕਰਵਾਇਆ ਜਾਵੇਗਾ।



# ਮਜੀਠਾ ਵਿਖੇ 3 ਰੋਜ਼ਾ ਸਾਲਾਨਾ ਮਹਾਨ ਕਥਾ ਕੀਰਤਨ ਸਮਾਗਮ

**ਮਜੀਠਾ (ਸੋਇਮ ਆਨੰਦ)**

ਧੰਨ ਧੰਨ ਬਾਬਾ ਭਾਈ ਸਾਲੋ ਜੀ,ਧੰਨ ਧੰਨ ਬਾਬਾ ਦੀਪ ਸਿੰਘ ਸ਼ਹੀਦ,ਸਿੱਖ ਸੇਵਕ ਜਥੇ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਦਾਣਾ ਮੰਡੀ ਮਜੀਠਾ ਵਿਖੇ ਪੰਦਰਵਾਂ ਤਿੰਨ ਰੋਜ਼ਾ ਮਹਾਨ ਕਥਾ ਕੀਰਤਨ ਸਮਾਗਮ ਹੋਇਆ ।ਜਿਸ ਵਿੱਚ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ ਪੰਥ ਪ੍ਰਸਿੱਧ ਰਾਗੀ ਭਾਈ ਸਿਮਰਪ੍ਰੀਤ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਗਿਆਨੀ ਕੁਲਵੰਤ ਸਿੰਘ ਕਥਾਵਾਚਕ ਅਤੇ ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਮਨੋਹਰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ । ਸਮਾਗਮ ਦੀ ਸੰਪੂਰਨਤਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਭਾਈ ਪ੍ਰੇਮ ਸਿੰਘ ਅਰਦਾਸੀਆ ਸਿੱਖ ਸ੍ਰੀ ਹਰਿਮੰਦਰ ਸਾਹਿਬ ਨੇ ਕੀਤੀ । ਸਟੇਜ ਦੀ ਸੇਵਾ ਬਾਬਾ ਸੁਖਪਾਲ ਨੇ ਕੀਤੀ । ਇਸ ਮੌਕੇ ਹਲਕਾ ਵਿਧਾਇਕ ਗਨੀਵ ਕੌਰ ਮਜੀਠੀਆ ਨਾਲ ਸਿਆਸੀ ਸਕੱਤਰ ਐਡਵੋਕੇਟ ਰਾਕੇਸ਼ ਪ੍ਰਾਸ਼ਰ , ਸਾਬਕਾ ਪ੍ਰਧਾਨ ਤਰੁਨ ਅਬਰੋਲ, ਪ੍ਰਧਾਨ ਸਲਵੰਤ ਸਿੰਘ ਸੇਠ,ਦੁਰਗਾ ਦਾਸ, ਨਰੇਸ਼ ਕੁਮਾਰ, ਪ੍ਰਿੰਸ ਨਈਅਰ , ਬਿੱਲਾ ਆੜ੍ਹਤੀਆ,ਪ੍ਰਿੰਸ ਨਈਅਰ, ਕੌਂਸਲਰ ਕਾਂਗਰਸੀ ਬਲਾਕ ਪ੍ਰਧਾਨ ਨਵਦੀਪ ਸਿੰਘ ਸੋਨਾ, ਅਨੂਪ ਸਿੰਘ ਸੰਧੂ,ਭੁਪਿੰਦਰ ਸਿੰਘ ਗਿੱਲ ਮਜੀਠਾ, ਪ੍ਰਧਾਨ ਬਿਸ਼ਨ ਸਿੰਘ,ਬਾਬਾ ਬਲਦੇਵ ਸਿੰਘ, ਪ੍ਰਿਤਪਾਲ ਸਿੰਘ, ਜਰਨੈਲ ਸਿੰਘ, ਬਾਬਾ ਕੁਲਦੀਪ ਸਿੰਘ, ਲਾਲ ਸਿੰਘ, ਭੁਪਿੰਦਰ ਸਿੰਘ ਦਿਹਾਤੀ, ਸੁਖਪਾਲ ਸਿੰਘ ਜੇਈ, ਹਰਪਾਲ ਸਿੰਘ, ਸੁਖਜੀਤ ਸਿੰਘ,ਅਵਤਾਰ ਸਿੰਘ ,ਸੁਖਦੇਵ ਸਿੰਘ, ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ ।



# ਸੰਤ ਬਾਬਾ ਉਜਾਗਰ ਸਿੰਘ ਨਮਿੱਤ ਗੁਰਮਤਿ ਸਮਾਗਮ ਕਰਵਾਇਆ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

1947 ਦੀ ਭਾਰਤ -ਪਾਕਿ ਵੰਡ ਦੌਰਾਨ ਪਿੰਡ ਚਵਿੰਡਾ (ਪਾਕਿਸਤਾਨ) ਵਿਖੇ ਸ਼ਹੀਦੀ ਜਾਮ ਪੀਣ ਵਾਲੇ ਸੰਤ ਬਾਬਾ ਉਜਾਗਰ ਸਿੰਘ ਦੀ ਯਾਦ ਮਨਾਉਂਦੇ ਹੋਏ ਗੁਰਦੁਆਰਾ ਸਿੰਘ ਸਭਾ ਮੁਹੱਲਾ ਧਰਮਪੁਰਾ ਕਾਦੀਆਂ ਵਿਖੇ ਇੱਕ ਗੁਰਮਤਿ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਭਾਈ ਸਤਿੰਦਰਬੀਰ ਸਿੰਘ ਦੇ ਜਥੇ ਵੱਲੋਂ ਇਲਾਹੀ ਬਾਣੀ ਦੇ ਮਨੋਹਰ ਕੀਰਤਨ ਨਾਲ ਜੁੜੀਆਂ ਸੰਗਤਾਂ ਨੂੰ ਨਿਹਾਲ ਕੀਤਾ। ਇਹ ਗੁਰਮਤਿ ਸਮਾਗਮ ਚਵਿੰਡਾ ਪਰਿਵਾਰ ਕਾਦੀਆਂ ਵੱਲੋਂ ਕਰਵਾਇਆ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਗੁਰਿੰਦਰ ਪਾਲ ਸਿੰਘ ਗੋਰਾ ਤੋਂ ਇਲਾਵਾ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੱਡੀ ਗਿਣਤੀ ਵਿੱਚ ਪੁੱਜੀਆਂ। ਰਾਗੀ ਜਥੇ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਜਥੇਦਾਰ ਗੋਰਾ ਨੇ ਕਿਹਾ ਕਿ ਚਵਿੰਡਾ ਪਰਿਵਾਰ ਵੱਲੋਂ ਹਰ ਸਾਲ ਸੰਤ ਬਾਬਾ ਉਜਾਗਰ ਸਿੰਘ ਦੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾ ਕੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਨਾਲ ਜੋੜਿਆ ਜਾਂਦਾ ਹੈ। ਇਸ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਗੁਰਿੰਦਰ ਪਾਲ ਸਿੰਘ ਗੋਰਾ ਦੇ ਨਾਲ ਸ. ਕਰਤਾਰ ਸਿੰਘ ਬਾਜਵਾ, ਗੁਰਦੁਆਰਾ ਕਮੇਟੀ ਪ੍ਰਧਾਨ ਤਿਰਲੋਕ ਸਿੰਘ ਰਜ਼ਾਦਾ, ਗਿਆਨੀ ਸੁਰਜੀਤ ਸਿੰਘ ਸ. ਬਾਬਾ ਦਲੇਰ ਸਿੰਘ ਲੀਲ੍ਹ ਕਲਾਂ ਕੁਲਵਿੰਦਰ ਸਿੰਘ ਬਾਜਵਾ ,ਨਰਿੰਦਰ ਸਿੰਘ ਬਾਜਵਾ ਸਮੇਤ ਸਮੂਹ ਚਵਿੰਡਾ ਪਰਿਵਾਰ ਹਾਜ਼ਰ ਸੀ। ਅਰਦਾਸ ਉਪਰੰਤ ਸੰਗਤਾਂ ਵਾਸਤੇ ਗੁਰੂ ਕਾ ਲੰਗਰ ਅਟੁੱਟ ਵਰਤਿਆ।



# ਅਤਿ-ਅਧੁਨਿਕ ਡੀ.ਆਰ.ਐਕਸ. ਲੈਬ ਦਾ ਉਦਘਾਟਨ

**ਛੇਹਰਟਾ (ਮਨੋਜ ਕੁਮਾਰ)** - ਰਣਜੀਤ ਪੁਰਾ, ਜੀ.ਟੀ ਰੋਡ (ਨੇੜੇ ਪੁਤਲੀਘਰ) ਵਿਚ ਅਤਿ ਅਧੁਨਿਕ ਡੀ.ਆਰ.ਐਕਸ. ਲੈਬ ਦਾ ਉਦਘਾਟਨ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ (ਸ਼ਹਿਰੀ) ਦੇ ਸਾਬਕਾ ਪ੍ਰਧਾਨ ਅਸ਼ਵਨੀ ਕੁਮਾਰ ਪੱਪੂ ਨੇ ਕੀਤਾ। ਇਸ ਮੌਕੇ ਲੈਬ ਦੇ ਸੀ.ਈ.ਓ. ਤੇ ਕੋ-ਫਾਊਂਡਰ ਤਰੁਣ ਧਵਨ ਨੇ ਦੱਸਿਆ ਕਿ ਇਹ ਪੂਰੀ ਤਰ੍ਹਾਂ ਆਟੋਮੈਟਿਕ ਲੈਬਾਰਟਰੀ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਕੈਂਸਰ, ਥਾਇਰਾਇਡ, ਵਿਟਾਮਿਨ, ਸਿਹਤ ਅਦਿ ਸਬੰਧੀ ਜਿਹੜੇ ਸੈਂਪਲ ਟੈਸਟਾਂ ਲਈ ਮੁੰਬਈ, ਦਿੱਲੀ, ਬੈਂਗਲੌਰ, ਹੈਦਰਾਬਾਦ ਆਦਿ ਸ਼ਹਿਰਾਂ ਵਿਚ ਭੇਜੇ ਜਾਂਦੇ ਸਨ ਅਤੇ ਰਿਪੋਰਟਾਂ ਆਉਣ ਵਿਚ ਤਿੰਨ ਦਿਨ ਲੱਗ ਜਾਂਦੇ ਹਨ, ਉਹ ਸਾਰੇ ਟੈਸਟ ਹੁਣ ਇਸ ਲੈਬ ਵਿਚ ਹੋ ਸਕਣਗੇ। ਮਰੀਜ਼ ਦੀ ਰਿਪੋਰਟ ਦੋ-ਤਿੰਨ ਘੰਟੇ ਵਿਚ ਵੀ ਮਿਲ ਜਾਵੇਗੀ, ਜਿਸ ਨਾਲ ਮਰੀਜ਼ ਦਾ ਇਲਾਜ ਵੀ ਤੁਰੰਤ ਸ਼ੁਰੂ ਹੋ ਸਕੇਗਾ। ਹੁਣ ਰਿਪੋਰਟ ਲਈ ਦੋ-ਤਿੰਨ ਦਿਨ ਉਡੀਕ ਨਹੀਂ ਕਰਨੀ ਪਵੇਗੀ। ਇਸ ਮੌਕੇ ਲੈਬ ਦੇ ਸੀ.ਐਮ.ਓ ਤੇ ਕੋ-ਫਾਊਂਡਰ ਡਾ. ਦੀਪਤੀ, ਅਭਿਸ਼ੇਕ ਮਦਾਨ, ਸੀਨੀਅਰ ਫਾਰਮੇਸੀ ਅਧਿਕਾਰੀ ਮਨੋਜ ਕੁਮਾਰ, ਆਪਰੇਸ਼ਨ ਹੈੱਡ ਅਮਿਤ ਵਰਮਾ, ਸੇਲ ਵਾਈਸ ਪ੍ਰੈਸੀਡੈਂਟ ਸੰਦੀਪ ਸ਼ਰਮਾ, ਪੰਜਾਬ ਪੁਲਿਸ ਦੇ ਇੰਸਪੈਕਟਰ ਮਨਿੰਦਰ ਸਿੰਘ ਵੀ ਮੌਜੂਦ ਸਨ।



# ਡਾ. ਲਖਵਿੰਦਰ ਸਿੰਘ ਦੇ ਸਪੁੱਤਰ ਦੇ ਵਿਆਹ ਸਮਾਗਮ 'ਚ ਪਹੁੰਚੇ ਆਗੂਆਂ ਵੱਲੋਂ ਜੋੜੀ ਨੂੰ ਅਸ਼ੀਰਵਾਦ

**ਕਾਦੀਆਂ ( ਯਾਦਵਿੰਦਰ ਸਿੰਘ ਮਲਹੋਤਰਾ)**

ਐਨ ਆਰ ਆਈ ਗੁਰਸੇਵਕ ਸਿੰਘ ਪੁੱਤਰ ਡਾਕਟਰ ਲਖਵਿੰਦਰ ਸਿੰਘ ਸੰਧੂ ਔਲਖ ਵਾਸੀ ਔਲਖ ਕਲਾਂ ਦੇ ਵਿਆਹ ਸਮਾਗਮ ਮੌਕੇ ਕਾਮਰੇਡ ਅਜੀਤ ਸਿੰਘ ਠੱਕਰ ਸੰਧੂ ਅਤੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਡਾਕਟਰ ਰਮੇਸ਼ ਕੁਮਾਰ ਬਾਲੀ ਅਤੇ ਆਰ ਐਮ ਪੀ ਡਾਕਟਰਾਂ ਦੇ ਵੱਲੋਂ ਨਵੀਂ ਜੋੜੀ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਗੁਰਸੇਵਕ ਸਿੰਘ ਅਤੇ ਉਨਾਂ ਦੀ ਪਤਨੀ ਹਰਸ਼ਦੀਪ ਕੌਰ ਪੁੱਤਰੀ ਕਵਲਜੀਤ ਸਿੰਘ ਵਾਸੀ ਪਿੰਡ ਦਬੁਰਜੀ ਨੂੰ ਜਿੱਥੇ ਆਏ ਹੋਏ ਵੱਖ ਵੱਖ ਆਗੂਆਂ ਦੇ ਵੱਲੋਂ ਆਸ਼ੀਰਵਾਦ ਦਿੱਤਾ ਗਿਆ ਉੱਥੇ ਹੀ ਭਵਿੱਖ ਵਿੱਚ ਸਮਾਜ ਪ੍ਰਤੀ ਨੇਕ ਕੰਮਾਂ ਵਿੱਚ ਹਿੱਸਾ ਪਾਉਣ ਦੇ ਲਈ ਪ੍ਰੇਰਿਤ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਡਾਕਟਰ ਲਖਵਿੰਦਰ ਸਿੰਘ ਸੰਧੂ ਔਲਖ ਆਰ ਐਮ ਪੀ ਡਾਕਟਰ ਹਨ ਅਤੇ ਉਹ ਵੱਖ-ਵੱਖ ਥਾਵਾਂ 'ਤੇ ਮੈਡੀਕਲ ਕੈਂਪ ਲਗਾ ਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਵੀ ਦਿੰਦੇ ਹਨ। ਵੱਖ ਵੱਖ ਆਗੂਆਂ ਨੇ ਲਖਵਿੰਦਰ ਸਿੰਘ ਸੰਧੂ ਔਲਖ ਦੇ ਸਮੁੱਚੇ ਪਰਿਵਾਰ ਨੂੰ ਵਧਾਈ ਦਿੱਤੀ ।



24-Feb-PAGE-4.qxd 2/23/2026 10:43 PM Page 1



# ਮੋਦੀ ਦੀ ਇਜ਼ਰਾਈਲ ਯਾਤਰਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 25 ਫਰਵਰੀ ਦੀ ਪ੍ਰਸਤਾਵਤ ਇਜ਼ਰਾਈਲ ਯਾਤਰਾ ਅਜਿਹੇ ਸਮੇਂ ਹੋ ਰਹੀ ਹੈ, ਜਦ ਪੂਰਾ ਮੱਧ-ਪੂਰਬ ਅਸਾਧਾਰਨ ਤਨਾਅ ਵਿੱਚੋਂ ਲੰਘ ਰਿਹਾ ਹੈ। ਇਹ ਯਾਤਰਾ ਸਿਰਫ ਇੱਕ ਨਿਯਮਤ ਡਿਪਲੋਮੈਟਿਕ ਪ੍ਰੋਗਰਾਮ ਨਹੀਂ ਹੈ, ਸਗੋਂ ਅਜਿਹੇ ਭੂ-ਸਿਆਸੀ ਮਾਹੌਲ ਵਿੱਚ ਲਿਆ ਗਿਆ ਫੈਸਲਾ ਹੈ, ਜਿਸ ਦੇ ਦੂਰਗਾਮੀ ਕੂਟਨੀਤਕ ਸੰਦੇਸ਼ ਨਿਕਲ ਸਕਦੇ ਹਨ। ਸਵਾਲ ਇਹ ਹੈ ਕਿ ਕੀ ਭਾਰਤ ਨੇ ਇਸ ਯਾਤਰਾ ਦੇ ਸਮੇਂ ਤੇ ਉਸ ਦੇ ਸੰਭਾਵਤ ਅਸਰ 'ਤੇ ਲੋੜੀਂਦੀ ਸੰਵੇਦਨਸ਼ੀਲਤਾ ਦਿਖਾਈ ਹੈ? ਖਾਸਕਰ ਉਦੋਂ ਜਦ ਭਾਰਤ ਨੇ ਸੋਮਵਾਰ ਈਰਾਨ ਵਿੱਚ ਰਹਿੰਦੇ ਆਪਣੇ ਨਾਗਰਿਕਾਂ ਨੂੰ ਕਿਹਾ ਹੈ ਕਿ ਉਹ ਫੌਰਨ ਈਰਾਨ ਛੱਡ ਦੇਣ। ਯਾਨੀ ਈਰਾਨ 'ਤੇ ਅਮਰੀਕੀ ਹਮਲਾ ਕਿਸੇ ਵੀ ਸਮੇਂ ਹੋ ਸਕਦਾ ਹੈ।

ਇਜ਼ਰਾਈਲ ਨੇ ਲਗਾਤਾਰ ਈਰਾਨ ਖਿਲਾਫ ਸਖਤ ਰੁਖ ਅਪਣਾਇਆ ਹੋਇਆ ਹੈ। ਕਈ ਮੁਸਲਮ ਦੇਸ਼ਾਂ ਨੇ ਖੇਤਰ ਵਿੱਚ ਫੌਜੀ ਤਨਾਅ ਤੋਂ ਬਚਣ ਦੀ ਅਪੀਲ ਕੀਤੀ ਹੈ। ਅਜਿਹੇ ਸਮੇਂ ਵਿੱਚ ਮੋਦੀ ਦਾ ਇਜ਼ਰਾਈਲ ਜਾਣਾ ਕੁਦਰਤੀ ਤੌਰ 'ਤੇ ਪ੍ਰਤੀਕਾਤਮਕ ਅਰਥ ਪੈਦਾ ਕਰਦਾ ਹੈ, ਚਾਹੇ ਭਾਰਤ ਦੀ ਅਧਿਕਾਰਕ ਮਣਸ਼ਾ ਕੁਝ ਵੀ ਕਿਉਂ ਨਾ ਹੋਵੇ। ਭਾਰਤ ਕਾਫੀ ਚਿਰ ਤੋਂ ਰਣਨੀਤਕ ਸੰਤੁਲਨ ਦੀ ਨੀਤੀ 'ਤੇ ਚਲਦਾ ਆਇਆ ਹੈ, ਇੱਕ ਪਾਸੇ ਇਜ਼ਰਾਈਲ ਨਾਲ ਮਜ਼ਬੂਤ ਰੱਖਿਆ ਸਹਿਯੋਗ ਤੇ ਦੂਜੇ ਪਾਸੇ ਖਾੜੀ ਦੇਸ਼ਾਂ ਤੇ ਈਰਾਨ ਨਾਲ ਡੂੰਘੇ ਆਰਥਿਕ ਤੇ ਊਰਜਾ ਸੰਬੰਧ, ਪਰ ਹਾਲੀਆ ਸਾਲਾਂ ਵਿੱਚ ਇਸ ਸੰਤੁਲਨ ਦੀ ਧਾਰਨਾ ਕਮਜ਼ੋਰ ਪੈਂਦੀ ਦਿਸ ਰਹੀ ਹੈ। ਜੇ ਭਾਰਤ ਦੀ ਵਿਦੇਸ਼ ਨੀਤੀ ਦੀ ਸਭ ਤੋਂ ਵੱਡੀ ਤਾਕਤ ਉਸ ਦੀ ਕੂਟਨੀਤੀ ਰਹੀ ਹੈ ਤਾਂ ਉਸ ਨੂੰ ਪ੍ਰਤੀਕਾਂ ਦੀ ਸਿਆਸਤ ਨਾਲ ਵੀ ਓਨੀ ਹੀ ਸਾਵਧਾਨੀ ਵਰਤਣੀ ਚਾਹੀਦੀ ਹੈ। ਮੋਦੀ ਦੀ ਇਜ਼ਰਾਈਲ ਯਾਤਰਾ ਪ੍ਰਤੀਕਾਂ ਦੀ ਸਿਆਸਤ ਦਾ ਹੀ ਹਿੱਸਾ ਹੈ। ਇਜ਼ਰਾਈਲ ਵੱਲੋਂ ਗਾਜ਼ਾ ਵਿੱਚ ਫਲਸਤੀਨੀਆਂ ਦੇ ਨਸਲਘਾਤ ਦੀ ਅਨੇਕਾਂ ਦੇਸ਼ਾਂ ਨੇ ਨਿੰਦਾ ਕੀਤੀ ਹੈ। ਇੱਕ ਪਾਸੇ ਭਾਰਤ ਫਲਸਤੀਨ ਦੀ ਹਮਾਇਤ ਕਰਦਾ ਹੈ ਤਾਂ ਦੂਜੇ ਪਾਸੇ ਮੋਦੀ ਇਜ਼ਰਾਈਲ ਜਾ ਕੇ ਪ੍ਰਧਾਨ ਮੰਤਰੀ ਨੇਤਨਯਾਹੂ, ਜਿਸ ਨੂੰ ਕਈ ਦੇਸ਼ ਅਪਰਾਧੀ ਮੰਨਦੇ ਹਨ, ਦਾ ਹੌਸਲਾ ਵਧਾਉਣ ਵਾਲੇ ਹਨ। ਈਰਾਨ-ਅਮਰੀਕਾ ਜੰਗ ਦੇ ਮਾਹੌਲ ਵਿੱਚ ਮੋਦੀ ਦਾ ਨੇਤਨਯਾਹੂ ਨੂੰ ਜਨਤਕ ਤੌਰ 'ਤੇ ਮਿਲਣਾ ਭਾਰਤ ਦੀ ਉਸ ਰਵਾਇਤੀ ਛਵੀ ਦੇ ਉਲਟ ਮੰਨਿਆ ਜਾ ਸਕਦਾ ਹੈ, ਜਿਸ ਵਿੱਚ ਉਹ ਖੁਦ ਨੂੰ 'ਗਲੋਬਲ ਸਾਊਥ' ਦੀ ਆਵਾਜ਼ ਤੇ ਕੌਮਾਂਤਰੀ ਕਾਨੂੰਨ ਦੇ ਸਨਮਾਨਕਰਤਾ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਕੂਟਨੀਤੀ ਵਿੱਚ ਸਿਰਫ ਨੀਤੀ ਨਹੀਂ, ਪ੍ਰਤੀਕ ਵੀ ਮਾਅਨੇ ਰੱਖਦੇ ਹਨ ਅਤੇ ਇਹ ਯਾਤਰਾ ਪ੍ਰਤੀਕਾਤਮਕ ਰੂਪ ਵਿੱਚ ਇਜ਼ਰਾਈਲ ਦੇ ਹੱਕ ਵਿੱਚ ਇਕਤਰਫਾ ਝੁਕਾਅ ਦਾ ਸੰਕੇਤ ਦੇ ਰਹੀ ਹੈ। ਈਰਾਨ 'ਤੇ ਜੇ ਅਮਰੀਕੀ ਹਮਲਾ ਹੋਇਆ ਤਾਂ ਹਾਲਾਤ ਹੋਰ ਵੀ ਬਦਲਣਗੇ, ਉਦੋਂ ਭਾਰਤ ਕਿਸ ਪਾਸੇ ਖੜ੍ਹਾ ਹੋਵੇਗਾ, ਇਹ ਵੀ ਇੱਕ ਸਵਾਲ ਹੈ। ਇਜ਼ਰਾਈਲ ਦੇ ਆਪੋਜ਼ੀਸ਼ਨ ਆਗੂ ਯੈਰ ਲੈਪਿਡ ਵੱਲੋਂ ਮੋਦੀ ਦੇ ਪ੍ਰੋਗਰਾਮਾਂ ਦੇ ਸੰਭਾਵਤ ਬਾਈਕਾਟ ਦੀ ਚੇਤਾਵਨੀ ਇਸ ਗੱਲ ਦਾ ਸੰਕੇਤ ਹੈ ਕਿ ਮੋਦੀ ਦੀ ਯਾਤਰਾ ਉੱਥੋਂ ਦੀ ਘਰੇਲੂ ਸਿਆਸਤ ਵਿੱਚ ਫਸ ਸਕਦੀ ਹੈ।

ਮੋਦੀ ਸਰਕਾਰ ਦੇ ਹਮਾਇਤੀਆਂ ਦੀ ਦਲੀਲ ਹੈ ਕਿ ਇਜ਼ਰਾਈਲ ਭਾਰਤ ਦਾ ਪ੍ਰਮੁੱਖ ਰੱਖਿਆ ਭਾਈਵਾਲ ਹੈ ਤੇ ਕੌਮੀ ਸੁਰੱਖਿਆ ਦੇ ਹਿੱਤ ਸਭ ਤੋਂ ਉੱਪਰ ਹੁੰਦੇ ਹਨ। ਜੇ ਇਸ ਨੂੰ ਸਹੀ ਮੰਨ ਲਿਆ ਜਾਵੇ ਤਾਂ ਕੀ ਵਿਦੇਸ਼ ਨੀਤੀ ਸਿਰਫ ਹਥਿਆਰਾਂ ਦੇ ਸੌਦਿਆਂ ਨਾਲ ਚੱਲੇਗੀ। ਉਸ ਦੀ ਅਸਲੀ ਕਸੌਟੀ ਇਹ ਹੁੰਦੀ ਹੈ ਕਿ ਦੇਸ਼ ਵਿਆਪਕ ਰਣਨੀਤਕ, ਆਰਥਿਕ ਤੇ ਨੈਤਿਕ ਪੂੰਜੀ ਨੂੰ ਕਿੰਨਾ ਸੁਰੱਖਿਅਤ ਰੱਖਦਾ ਹੈ। ਖਾੜੀ ਦੇਸ਼ਾਂ ਵਿੱਚ ਕਰੋੜਾਂ ਭਾਰਤੀ ਕੰਮ ਕਰਦੇ ਹਨ। ਤੇਲ ਸਪਲਾਈ ਦਾ ਵੱਡਾ ਹਿੱਸਾ ਉੱਥੋਂ ਆਉਂਦਾ ਹੈ। ਈਰਾਨ ਨਾਲ ਹਮੇਸ਼ਾ ਨਿੱਘੇ ਸੰਬੰਧ ਰਹੇ ਹਨ। ਅਜਿਹੇ ਵਿੱਚ ਕਿਸੇ ਵੀ ਕਦਮ ਦਾ ਜਾਇਜ਼ਾ ਸਿਰਫ ਦੁਵੱਲੇ ਲਾਭ ਨਾਲ ਨਹੀਂ, ਵਿਆਪਕ ਖੇਤਰੀ ਸੰਤੁਲਨ ਨਾਲ ਲਿਆ ਜਾਣਾ ਬਣਦਾ ਹੈ। ਵਿਦੇਸ਼ ਨੀਤੀ ਵਿੱਚ ਸਮਾਂ ਬਹੁਤ ਕੁਝ ਤੈਅ ਕਰਦਾ ਹੈ ਅਤੇ ਇਹੀ ਉਹ ਨੁਕਤਾ ਹੈ, ਜਿੱਥੇ ਮੋਦੀ ਦੀ ਇਹ ਯਾਤਰਾ ਸਭ ਤੋਂ ਵੱਧ ਸਵਾਲਾਂ ਦੇ ਘੇਰੇ ਵਿੱਚ ਖੜ੍ਹੀ ਦਿਸਦੀ ਹੈ।

# 12 ਫਰਵਰੀ ਦੀ ਦੇਸ਼-ਵਿਆਪੀ ਹੜਤਾਲ ਏਟਕ ਦੀ ਨਜ਼ਰ 'ਚ

**ਅਮਰਜੀਤ ਕੌਰ, ਜਨਰਲ ਸਕੱਤਰ ਏਟਕ**

**ਅਨੁਵਾਦ : ਐੱਮ ਐੱਸ ਭਾਟੀਆ**

17 ਫਰਵਰੀ 2026 ਨੂੰ ਵਰਕਿੰਗ ਕਮੇਟੀ ਦੀ ਆਨਲਾਈਨ ਜ਼ੂਮ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਏਟਕ ਦੇ ਪ੍ਰਧਾਨ ਰਮੇਂਦਰ ਕੁਮਾਰ ਨੇ ਕੀਤੀ ਅਤੇ ਏਟਕ ਦੇ ਜਨਰਲ ਸਕੱਤਰ ਅਮਰਜੀਤ ਕੌਰ ਨੇ ਸੰਚਾਲਨ ਕੀਤਾ।

17 ਰਾਜਾਂ ਤੋਂ ਕੁੱਲ 33 ਕਾਮਰੇਡ ਸ਼ਾਮਲ ਹੋਏ ਸਨ ਅਤੇ 12 ਫਰਵਰੀ 2026 ਨੂੰ ਦੇਸ਼-ਵਿਆਪੀ ਆਮ ਹੜਤਾਲ ਅਤੇ ਲਾਮਬੰਦੀ ਵਿੱਚ ਹਿੱਸਾ ਲੈਣ ਬਾਰੇ ਰਾਜਾਂ ਦੇ ਨਾਲ-ਨਾਲ ਰੱਖਿਆ, ਬੀ ਐੱਚ ਈ ਐੱਲ, ਬਿਜਲੀ, ਕੋਲਾ, ਪੈਟਰੋਲੀਅਮ, ਤਾਂਬਾ, ਸਟੀਲ, ਐੱਨ ਐੱਮ ਡੀ ਸੀ, ਡਾਕ, ਬੈਂਕ, ਬੀਮਾ ਆਦਿ ਤੋਂ ਰਿਪੋਰਟਾਂ ਦਾ ਯੋਗਦਾਨ ਪਾਇਆ।

ਸੁਕੁਮਾਰ ਦਾਮਲੇ, ਵਿਦਿਆਸਾਗਰ ਗਿਰੀ ਅਤੇ ਹਰੀ ਓਮ ਸ਼ਰਮਾ ਕੇਂਦਰ ਤੋਂ ਸ਼ਾਮਲ ਹੋਏ। ਹੇਠ ਲਿਖੇ ਰਾਜਾਂ ਤੋਂ ਕਾਮਰੇਡਾਂ ਨੇ ਭਾਗ ਲਿਆ: ਅਸਾਮ-ਰਮੇਨ ਦਾਸ,ਆਂਧਰਾ ਪ੍ਰਦੇਸ਼- ਰਵਿੰਦਰਨਾਥ, ਵੈਂਕਟਾਸੁਬੱਈਆ ਅਤੇ ਪੀ ਪੀ ਰਾਮਾ ਰਾਓ।

ਬਿਹਾਰ- ਗਜ਼ੰਫਰ ਨਵਾਬ, ਛੱਤੀਸਗੜ੍ਹ- ਹਰੀਨਾਥ ਸਿੰਘ ਅਤੇ ਆਰ ਡੀ ਸੀ ਪੀ ਰਾਓ,ਗੋਆ- ਕ੍ਰਿਸਟੋਫਰ ਫੋਂਸੇਕਾ, ਹਰਿਆਣਾ- ਅਨਿਲ ਪਵਾਰ, ਲੇਖਨਲ ਪਵਾਰ, ਬੇਚੂਨਲ ਸਿੰਘ ਪਵਾਰਡ, ਬਿਹਾਰ- ਮਹਿਤੋ, ਕੇਰਲਾ- ਆਰ ਪ੍ਰਸਾਦ ਅਤੇ ਟੀ ਜੇ ਅੰਜਲੋਜ਼ ਅਤੇ ਮੱਲਿਕਾ। ਮੱਧ ਪ੍ਰਦੇਸ਼- ਹਰਿਦੁਆਰ ਸਿੰਘ ਅਤੇ ਐੱਸ ਐੱਸ ਮੌਰਿਆ, ਮਹਾਰਾਸ਼ਟਰ- ਸ਼ਾਮਕਲੇ ਅਤੇ ਬਬਲੀ ਰਾਵਤ, ਪੁਡੂਚੇਰੀ- ਦਿਨੇਸ਼ ਪੋਨੀਆ, ਰਾਜਸਥਾਨ- ਕੁਨਾਲ ਰਾਵਤ, ਤਾਮਿਲਨਾਡੂ-ਕਾਸੀ ਵਿਸ਼ਵਨਾਥਨ, ਤੇਲੰਗਾਨਾ- ਐੱਸ ਬਲਰਾਜ ਅਤੇ ਮਹਾਰਾਜ ਚੰਦਰ ਰਾਵਤ। ਉੱਤਰਾਖੰਡ-ਏ ਕੇ ਦਾਸ, ਸੀ ਸ਼੍ਰੀਕੁਮਾਰ- ਰੱਖਿਆ, ਮੋਹਨ ਸ਼ਰਮਾ-ਬਿਜਲੀ, ਸੀਜੇ ਜੋਸੇਫ-ਕੋਲ।

ਅਮਰਜੀਤ ਕੌਰ ਨੇ ਕੁਝ ਸਾਥੀਆਂ ਵੱਲੋਂ ਹੋਰ ਰੁਝੇਵਿਆਂ ਕਾਰਨ ਮੀਟਿੰਗ ਵਿੱਚ ਸ਼ਾਮਲ ਨਾ ਹੋਣ ਦੀ ਮੁਆਫੀ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸੀ ਟੀ ਯੂ ਦੀ ਮੀਟਿੰਗ ਤੋਂ ਬਾਅਦ ਐੱਸ ਕੇ ਐੱਮ ਨਾਲ ਮੀਟਿੰਗ ਜਲਦੀ ਹੀ ਸਮੀਖਿਆ ਅਤੇ ਭਵਿੱਖੀ ਕਾਰਵਾਈ ਲਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਏਜੰਡੇ ਨੂੰ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ ਅਤੇ ਸਾਡੀ ਹੜਤਾਲ ਦੇ ਉਸੇ ਦਿਨ ਕਿਰਤ ਅਤੇ ਰੁਜ਼ਗਾਰ ਮੰਤਰੀ ਨੇ ਸੰਸਦ ਵਿੱਚ ਆਈ ਆਰ ਕੋਡ ਨੂੰ ਅਖੌਤੀ ਸਪੱਸ਼ਟੀਕਰਨਾਂ ਨਾਲ ਲਿਆਂਦਾ ਅਤੇ ਵਿਰੋਧੀ ਧਿਰ ਦੀਆਂ ਆਵਾਜ਼ਾਂ ਨੂੰ ਪੂਰੀ ਤਰ੍ਹਾਂ ਅਣਦੇਖਿਆ ਕਰਦੇ ਹੋਏ ਬਹੁਮਤ ਦੇ ਕਾਰਨ ਸੰਸਦ ਦੇ ਦੋਵਾਂ ਸਦਨਾਂ ਵਿੱਚ ਜ਼ੁਬਾਨੀ ਵੋਟ ਨਾਲ ਕੋਡ ਨੂੰ ਪਾਸ ਕਰਵਾਇਆ।

ਰਮੇਂਦਰ ਨੇ ਕੋਲੇ ਵਿੱਚ ਸਫਲ ਹੜਤਾਲ 'ਤੇ ਚਰਚਾ ਸ਼ੁਰੂ ਕੀਤੀ, ਪਿਛਲੇ ਸਮੇਂ ਨਾਲੋਂ ਬਿਹਤਰ, ਕੁਝ ਥਾਵਾਂ 'ਤੇ ਇੰਟਕ ਅਤੇ ਐੱਚ ਐੱਮ ਐੱਸ ਦੀ ਗੈਰਹਾਜ਼ਰੀ ਦੇ ਬਾਵਜੂਦ। ਜੇਕਰ ਉਨ੍ਹਾਂ ਪੂਰੀ ਤਰ੍ਹਾਂ ਹਿੱਸਾ ਲਿਆ ਹੁੰਦਾ ਤਾਂ ਇਹ ਇਤਿਹਾਸਕ ਹੁੰਦਾ ਦੱਸਿਆ। ਸੀ ਜੇ ਜੋਸਫ਼, ਹਰਿਦੁਆਰ ਸਿੰਘ ਅਤੇ ਲਖਨ ਨੇ ਪੂਰਕ ਕੀਤਾ ਅਤੇ ਦੱਸਿਆ ਕਿ ਬੀ ਐੱਮ ਐੱਸ ਹੜਤਾਲ ਦੇ ਸੱਦੇ ਵਿੱਚ ਨਾ ਹੋਣ ਦੇ ਬਾਵਜੂਦ ਉਨ੍ਹਾਂ ਦੇ ਕਾਰਕੁਨਾਂ ਨੇ ਕੁਝ ਖਾਣ ਖੇਤਰਾਂ ਵਿੱਚ ਆਪਣੇ ਨੇਤਾਵਾਂ ਦੀ ਉਲੰਘਣਾ ਕਰਦੇ ਹੋਏ ਹਿੱਸਾ ਲਿਆ। ਸਫਲਤਾ ਚੰਗੀਆਂ ਤਿਆਰੀਆਂ ਅਤੇ ਕੋਲਾ ਖੇਤਰਾਂ ਵਿੱਚ ਆਯੋਜਿਤ ਚਾਰ ਸੰਮੇਲਨਾਂ ਦੇ ਕਾਰਨ ਹੋ ਸਕੀ ਹੈ।

ਸੀ. ਸ਼੍ਰੀਕੁਮਾਰ ਨੇ ਰੱਖਿਆ ਖੇਤਰ ਵਿੱਚ 3 ਲੱਖ ਸਿਵਲੀਅਨ ਕਰਮਚਾਰੀਆਂ ਦੀ ਹਿੱਸੇਦਾਰੀ ਬਾਰੇ ਜਾਣਕਾਰੀ ਦਿੱਤੀ, ਜਿਨ੍ਹਾਂ ਭਾਰਤ ਦੇ ਲਗਭਗ ਸਾਰੇ ਕੇਂਦਰਾਂ ਵਿੱਚ ਇੱਕ ਘੰਟੇ ਦੀ ਹੜਤਾਲ ਅਤੇ ਵਿਸ਼ਾਲ ਪ੍ਰਦਰਸ਼ਨਾਂ ਦੇ ਨਾਲ ਕਾਰਵਾਈਆਂ ਕੀਤੀਆਂ। ਇਹ 9 ਜੁਲਾਈ ਨੂੰ ਪਿਛਲੇ ਹੜਤਾਲ ਵਾਲੇ ਦਿਨ ਨਾਲੋਂ ਬਹੁਤ ਵਧੀਆ ਲਾਮਬੰਦੀ ਸੀ।

ਮੋਹਨ ਸ਼ਰਮਾ ਨੇ ਦੱਸਿਆ ਕਿ ਅਸਾਮ, ਮੇਘਾਲਿਆ, ਪੰਜਾਬ, ਕੇਰਲ, ਓਡੀਸ਼ਾ ਵਰਗੇ ਰਾਜਾਂ ਵਿੱਚ ਹੜਤਾਲ ਪੂਰੀ ਹੋਈ, ਤਾਮਿਲਨਾਡੂ, ਆਂਧਰਾ ਪ੍ਰਦੇਸ਼, ਤੇਲੰਗਾਨਾ, ਮੱਧ ਪ੍ਰਦੇਸ਼ ਵਿੱਚ ਇੱਕ ਘੰਟੇ ਦੀ ਹੜਤਾਲ ਅਤੇ ਵਿਸ਼ਾਲ ਲਾਮਬੰਦੀ।

ਪੱਛਮੀ ਬੰਗਾਲ ਵਿੱਚ ਹਰ ਜਗ੍ਹਾ ਅੰਸ਼ਕ ਹੜਤਾਲ ਅਤੇ ਲਾਮਬੰਦੀ,ਮਹਾਰਾਸ਼ਟਰ, ਜੰਮੂ-ਕਸ਼ਮੀਰ, ਬਿਹਾਰ ਅਤੇ ਹੋਰ ਰਾਜਾਂ ਵਿੱਚ ਇਹ ਵਿਰੋਧ ਰੈਲੀਆਂ ਵਿੱਚ ਵੱਡੀ ਲਾਮਬੰਦੀ ਸੀ, ਹੜਤਾਲ ਨਹੀਂ।

ਅਸਾਮ ਤੋਂ ਰਿਪੋਰਟਾਂ ਬਹੁਤ ਉਤਸ਼ਾਹਜਨਕ ਸਨ, ਆਵਾਜਾਈ ਸਮੇਤ ਲਗਭਗ ਸਾਰੇ ਖੇਤਰਾਂ ਵਿੱਚ ਪੂਰੀ ਤਰ੍ਹਾਂ ਠੱਪ ਹੋਣ ਕਾਰਨ ਇਸ ਨਾਲ ਬੰਦ ਵਰਗੀ ਸਥਿਤੀ ਬਣ ਗਈ। ਕਈ ਥਾਵਾਂ 'ਤੇ ਪੁਲਸ ਨਾਲ ਟਕਰਾਅ ਹੋਇਆ, ਪਰ ਕੋਈ ਗ੍ਰਿਫ਼ਤਾਰੀ ਨਹੀਂ ਹੋਈ।

ਆਂਧਰਾ ਪ੍ਰਦੇਸ਼ ਤੋਂ ਰਿਪੋਰਟ ਵੀ ਪਿਛਲੇ ਸਮੇਂ ਨਾਲੋਂ ਬਿਹਤਰ ਕਾਰਵਾਈਆਂ ਦੀ ਸੀ। ਤਿਆਰੀਆਂ ਸੁਤੰਤਰ ਅਤੇ ਇਕਜੁੱਟ ਹੋ ਕੇ ਵਧੀਆ ਚੱਲੀਆਂ ਸਨ, ਜ਼ਿਲ੍ਹਿਆਂ ਵਿੱਚ ਸੰਮੇਲਨਾਂ, ਮੋਟਰਸਾਈਕਲ, ਸਾਈਕਲ ਅਤੇ ਆਟੋ ਰੈਲੀਆਂ ਰਾਹੀਂ ਲਗਭਗ ਇੱਕ ਮਹੀਨੇ ਦੀ ਤੀਬਰ ਮੁਹਿੰਮ ਨੇ ਹੜਤਾਲ ਦਾ ਸੁਨੇਹਾ ਫੈਲਾਉਣ ਵਿੱਚ ਮਦਦ ਕੀਤੀ।

ਬਿਹਾਰ ਦੇ ਕਾਮਰੇਡ ਨੈੱਟਵਰਕ ਦੀ ਗੜਬੜੀ ਕਾਰਨ ਚਰਚਾ ਵਿੱਚ ਹਿੱਸਾ ਨਹੀਂ ਲੈ ਸਕੇ, ਪਰ ਉਨ੍ਹਾਂ ਜੋ ਸਮੁੱਚੀ ਰਿਪੋਰਟ ਭੇਜੀ ਹੈ ਉਹ ਇਹ ਹੈ ਕਿ ਜ਼ਿਆਦਾਤਰ ਜ਼ਿਲ੍ਹਿਆਂ ਵਿੱਚ ਹੜਤਾਲ ਦਾ ਪ੍ਰਭਾਵ ਸੀ ਅਤੇ ਜਲੂਸਾਂ ਵਿੱਚ ਚੰਗੀ ਲਾਮਬੰਦੀ ਸੀ। ਪੇਂਡੂ ਖੇਤਰਾਂ ਵਿੱਚ ਕਿਸਾਨਾਂ ਅਤੇ ਖੇਤੀਬਾੜੀ ਮਜ਼ਦੂਰਾਂ ਦੀ ਲਾਮਬੰਦੀ ਦਿਖਾਈ ਦੇ ਰਹੀ ਸੀ। ਕਈ ਥਾਵਾਂ 'ਤੇ ਰਸਤਾ ਰੋਕੋ ਦਾ ਆਯੋਜਨ ਕੀਤਾ ਗਿਆ ਸੀ।

ਛੱਤੀਸਗੜ੍ਹ ਤੋਂ ਰਿਪੋਰਟ ਸੀ ਕਿ ਪਿਛਲੀ ਹੜਤਾਲ ਨਾਲੋਂ ਬਿਹਤਰ ਕਾਰਵਾਈਆਂ ਅਤੇ ਲਾਮਬੰਦੀ ਹੋਈ। ਕੋਲੇ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਅਸੰਗਠਿਤ ਖੇਤਰ ਅਤੇ ਪੇਂਡੂ ਖੇਤਰਾਂ ਵਿੱਚ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਨੇ ਬਹੁਤ ਵਧੀਆ ਲਾਮਬੰਦੀ ਕੀਤੀ।ਐੱਨ ਐੱਮ ਡੀ ਸੀ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਇੰਟਕ, ਐੱਚ ਐੱਮ ਐੱਸ ਅਤੇ ਸੀਟੂ ਨੇ ਬਾਲਕੋ ਵਿੱਚ ਹਿੱਸਾ ਨਹੀਂ ਲਿਆ, ਸਿਰਫ਼ ਏਟਕ ਹੜਤਾਲ ਦੀ ਕਾਰਵਾਈ ਵਿੱਚ ਸੀ। ਭਿਲਾਈ ਸਟੀਲ ਪਲਾਂਟ ਵਿੱਚ ਕੋਈ ਹੜਤਾਲ ਨਹੀਂ ਹੋਈ। ਕੁੱਲ ਮਿਲਾ ਕੇ ਇਸ ਵਾਰ ਵਰਕਰ ਜ਼ਿਆਦਾ ਜਾਗਰੂਕ ਜਾਪਦੇ ਸਨ।

ਦਿੱਲੀ ਤੋਂ ਕੋਈ ਵੀ ਸੰਸਥਾ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਈ, ਪਰ ਸਾਡੇ ਕੋਲ ਰਿਪੋਰਟ ਇਹ ਹੈ ਕਿ ਉਦਯੋਗਿਕ ਖੇਤਰ ਮੁਹਿੰਮਾਂ ਪਿਛਲੇ ਸਮੇਂ ਨਾਲੋਂ ਬਹੁਤ ਬਿਹਤਰ ਸਨ। ਕਈ ਥਾਵਾਂ 'ਤੇ ਇੱਕਜੁੱਟ ਮੁਹਿੰਮਾਂ ਚਲਾਈਆਂ ਗਈਆਂ, ਪਰ ਏਟਕ ਯੂਨੀਅਨਾਂ ਨੇ ਵੀ ਆਪਣੀਆਂ ਮੁਹਿੰਮਾਂ ਦਾ ਆਯੋਜਨ ਕੀਤਾ। 12 ਫਰਵਰੀ ਦੀ ਸਵੇਰ ਨੂੰ ਹੜਤਾਲ ਤੋਂ ਬਾਅਦ ਲਗਭਗ ਸਾਰੇ ਉਦਯੋਗਿਕ ਖੇਤਰਾਂ ਵਿੱਚ ਰੈਲੀਆਂ ਹੋਈਆਂ ਅਤੇ ਫਿਰ ਜੰਤਰ-ਮੰਤਰ 'ਤੇ ਇੱਕ ਬਹੁਤ ਪ੍ਰਭਾਵਸ਼ਾਲੀ ਇਕੱਠ ਹੋਇਆ, ਜਿਸ ਵਿੱਚ ਕਿਸਾਨ ਆਗੂ ਵੀ ਸ਼ਾਮਲ ਹੋਣ ਲਈ ਆਏ। ਇਕੱਠ ਨੂੰ ਕੇਂਦਰੀ ਆਗੂਆਂ ਨੇ ਸੰਬੋਧਨ ਕੀਤਾ।

ਗੋਆ ਤੋਂ ਆਈ ਰਿਪੋਰਟ ਬਹੁਤ ਉਤਸ਼ਾਹਜਨਕ ਸੀ। ਲਗਭਗ ਸਾਰੇ ਉਦਯੋਗਿਕ ਖੇਤਰਾਂ ਵਿੱਚ, ਮੁਹਿੰਮ ਨੂੰ ਚੰਗੀ ਤਰ੍ਹਾਂ ਲਿਆ ਗਿਆ ਸੀ ਅਤੇ ਇਹ 12 ਫਰਵਰੀ ਨੂੰ ਮੁੱਖ ਮੈਦਾਨ ਵਿੱਚ 10000 ਦੀ ਮਜ਼ਬੂਤ ਰੈਲੀ ਤੋਂ ਝਲਕਦਾ ਹੈ। ਮੁੱਖ ਤੌਰ 'ਤੇ ਏਟਕ ਯੂਨੀਅਨਾਂ ਕਾਰਵਾਈ ਵਿੱਚ ਸਨ, ਸੀਟੂ ਦਾ ਸਿਰਫ਼ ਇੱਕ ਛੋਟਾ ਜਿਹਾ ਸਮੂਹ ਰੈਲੀ ਵਿੱਚ ਆਇਆ ਸੀ। ਉਦਯੋਗਿਕ ਕਾਮਿਆਂ ਤੋਂ ਇਲਾਵਾ ਆਂਗਣਵਾੜੀ, ਪੰਚਾਇਤ ਰਾਜ ਕਾਮੇ, ਬਿਜਲੀ, ਰੱਖਿਆ, ਫਾਰਮਾ ਵਰਕਰ ਅਤੇ ਹੋਰ ਉਦਯੋਗਿਕ ਕਾਮੇ ਆਦਿ ਸਾਰੇ ਲਾਮਬੰਦ ਹੋਏ ਸਨ। ਇਹ ਸ਼ਾਨਦਾਰ ਪ੍ਰਦਰਸ਼ਨ ਸੀ।

ਗੁਜਰਾਤ ਦੇ ਸਾਥੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕੇ, ਪਰ ਉਨ੍ਹਾਂ ਦੁਆਰਾ ਭੇਜੀ ਗਈ ਰਿਪੋਰਟ ਲਗਭਗ ਸਾਰੇ ਉਦਯੋਗਿਕ ਖੇਤਰਾਂ ਵਿੱਚ ਕੀਤੀਆਂ ਗਈਆਂ ਗਤੀਵਿਧੀਆਂ ਦੀ ਸੀ, ਜਿਸ ਵਿੱਚ ਬੈਂਕਾਂ ਅਤੇ ਐੱਲ ਆਈ ਸੀ ਨੇ ਵਡੋਦਰਾ, ਅਹਿਮਦਾਬਾਦ, ਸੂਰਤ ਅਤੇ ਕੁਝ ਹੋਰ ਥਾਵਾਂ 'ਤੇ ਪੂਰਾ ਬੰਦ, ਲਾਮਬੰਦੀ ਅਤੇ ਜਲੂਸ ਕੱਢੇ। ਘਰੇਲੂ ਕਾਮਿਆਂ ਅਤੇ ਸਕੀਮ ਵਰਕਰਾਂ ਸਮੇਤ ਅਸੰਗਠਿਤ ਖੇਤਰ ਦੇ ਕਾਮਿਆਂ ਨੇ ਕਈ ਥਾਵਾਂ 'ਤੇ ਰੈਲੀਆਂ ਅਤੇ ਮੀਟਿੰਗਾਂ ਦਾ ਆਯੋਜਨ ਕੀਤਾ।

ਹਰਿਆਣਾ ਵਿੱਚ ਮਿਲੀ-ਜੁਲੀ ਪ੍ਰਤੀਕਿਰਿਆ ਮਿਲੀ। ਇਸ ਵਾਰ ਸਕਾਰਾਤਮਕ ਘਟਨਾਕ੍ਰਮ ਲਗਭਗ ਸਾਰੇ ਜ਼ਿਲ੍ਹਿਆਂ ਵਿੱਚ ਤਿਆਰੀਆਂ ਕੀਤੀਆਂ ਗਈਆਂ ਸਨ ਅਤੇ ਇਹ ਉਸ ਦਿਨ ਲਾਮਬੰਦੀ ਵਿੱਚ ਝਲਕਦਾ ਹੈ। 23 ਜ਼ਿਲ੍ਹਿਆਂ ਵਿੱਚੋਂ18 ਜ਼ਿਲ੍ਹਿਆਂ ਦੀਆਂ ਰੈਲੀਆਂ ਵਿੱਚ ਲਾਮਬੰਦੀ ਬਹੁਤ ਵਧੀਆ ਸੀ, ਬਹੁਤ ਸਾਰੀਆਂ ਥਾਵਾਂ 'ਤੇ ਕਿਸਾਨ ਇਨ੍ਹਾਂ ਰੈਲੀਆਂ ਦਾ ਹਿੱਸਾ ਸਨ। ਸਰਕਾਰੀ ਖੇਤਰ ਵਿੱਚ 70 ਪ੍ਰਤੀਸ਼ਤ ਹੜਤਾਲ ਸੀ ਅਤੇ ਉਦਯੋਗਿਕ ਖੇਤਰਾਂ ਵਿੱਚ 50 ਪ੍ਰਤੀਸ਼ਤ।

ਹਿਮਾਚਲ ਪ੍ਰਦੇਸ਼ ਤੋਂ ਕੋਈ ਵੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕਿਆ, ਪਰ ਉਸ ਦਿਨ ਦਫ਼ਤਰ ਵਿੱਚ ਪ੍ਰਾਪਤ ਰਿਪੋਰਟਾਂ ਇਹ ਹਨ ਕਿ ਸਾਰੇ ਉਦਯੋਗਿਕ ਖੇਤਰਾਂ ਵਿੱਚ ਕਾਰਵਾਈਆਂ ਦਾ ਆਯੋਜਨ ਕੀਤਾ ਗਿਆ। ਕਿਸਾਨਾਂ ਦੇ ਨਾਲ-ਨਾਲ ਪੇਂਡੂ ਜਨਤਾ ਰੈਲੀਆਂ ਵਿੱਚ ਸੀ, ਟ੍ਰਾਂਸਪੋਰਟ ਕਾਮੇ, ਨਿਰਮਾਣ ਕਾਮੇ, ਠੇਕਾ ਕਾਮੇ, ਯੋਜਨਾ ਕਾਮੇ ਅਤੇ ਹੋਰ ਅਸੰਗਠਿਤ ਖੇਤਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।

ਝਾਰਖੰਡ ਵਿੱਚ ਕੋਲੀਅਰੀ ਖੇਤਰਾਂ ਵਿੱਚ ਵੱਡੀਆਂ ਕਾਰਵਾਈਆਂ ਦੇਖਣ ਨੂੰ ਮਿਲੀਆਂ। ਵੱਖ-ਵੱਖ ਹਿੱਸਿਆਂ ਵਿੱਚ ਹੋਰ ਸੈਕਟਰਲ ਵਰਕਰਾਂ ਦੁਆਰਾ ਲਾਮਬੰਦੀ ਅਤੇ ਮੀਟਿੰਗਾਂ ਹੋਈਆਂ। ਕਈ ਜ਼ਿਲ੍ਹਿਆਂ ਵਿੱਚ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਨੇ ਵੱਡੇ ਪੱਧਰ 'ਤੇ ਲਾਮਬੰਦੀ ਵਿੱਚ ਹਿੱਸਾ ਲਿਆ।

ਕੇਰਲ ਵਿੱਚ ਪੂਰੀ ਤਰ੍ਹਾਂ ਬੰਦ ਵਰਗੀ ਸਥਿਤੀ ਦੀ ਰਿਪੋਰਟ ਆਈ। ਸਾਰੇ ਜ਼ਿਲ੍ਹਿਆਂ ਵਿੱਚ ਤਿਆਰੀਆਂ ਚੰਗੀ ਤਰ੍ਹਾਂ ਚੱਲੀਆਂ। ਭਾਵੇਂ ਦੋ ਵੱਖ-ਵੱਖ ਮੋਰਚੇ ਸਨ, ਇੱਕ ਐੱਲ ਡੀ ਐੱਫ ਨਾਲ ਅਤੇ ਦੂਜਾ ਯੂ ਡੀ ਐੱਫ ਨਾਲ, ਪਰ ਦੋਵਾਂ ਨੇ ਹੜਤਾਲ ਨੂੰ ਸਫਲ ਬਣਾਉਣ ਲਈ ਕੰਮ ਕੀਤਾ ਸੀ। ਇਸ ਬੰਦ ਵਰਗੀ ਸਥਿਤੀ ਬਣਾਉਣ ਲਈ ਬਿਜਲੀ, ਹਰ ਕਿਸਮ ਦੀ ਸੜਕ ਆਵਾਜਾਈ ਅਤੇ ਸਾਰੇ ਨਿੱਜੀ ਉਦਯੋਗਾਂ ਸਮੇਤ ਲਗਭਗ ਸਾਰੇ ਸਰਕਾਰੀ ਦਫ਼ਤਰ ਬੰਦ ਸਨ।

ਕਰਨਾਟਕ ਤੋਂ ਕੋਈ ਵੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕਿਆ, ਪਰ ਉੱਥੋਂ ਪ੍ਰਾਪਤ ਰਿਪੋਰਟ ਉਤਸ਼ਾਹਜਨਕ ਹੈ, ਕਿਉਂਕਿ ਜ਼ਿਆਦਾਤਰ ਜ਼ਿਲ੍ਹਿਆਂ ਵਿੱਚ ਐਕਸ਼ਨ ਪ੍ਰੋਗਰਾਮ, ਉਦਯੋਗਿਕ ਖੇਤਰ ਦੀਆਂ ਮੀਟਿੰਗਾਂ/ਜਲੂਸਾਂ, ਉਸਾਰੀ ਕਾਮਿਆਂ ਅਤੇ ਹੋਰ ਅਸੰਗਠਿਤ ਖੇਤਰ ਦੇ ਕਾਮਿਆਂ ਦੀ ਵੱਡੀ ਲਾਮਬੰਦੀ ਜ਼ਿਲ੍ਹਾ ਕੇਂਦਰਾਂ ਦੇ ਪ੍ਰਮੁੱਖ ਖੇਤਰਾਂ ਵਿੱਚ ਦੇਖੀ ਗਈ।

ਮਹਾਰਾਸ਼ਟਰ ਦੇ ਸਾਥੀਆਂ ਨੇ ਵੱਡੇ ਸ਼ਹਿਰਾਂ ਵਿੱਚ ਵੱਡੇ ਪੱਧਰ 'ਤੇ ਲਾਮਬੰਦੀਆਂ ਦੀ ਰਿਪੋਰਟ ਦਿੱਤੀ। ਸਰਕਾਰੀ ਖੇਤਰ ਦੀਆਂ ਯੂਨੀਅਨਾਂ, ਬੈਂਕਾਂ, ਬੀਮਾ ਅਤੇ ਕੋਲਾ ਮਜ਼ਦੂਰਾਂ ਨੇ ਹੜਤਾਲ ਕੀਤੀ। ਕੋਲਾ ਯੂਨੀਅਨ ਨੇ ਹੜਤਾਲ ਦੀ ਤਿਆਰੀ ਲਈ ਲੇਬਰ ਕੋਡਾਂ 'ਤੇ ਵਰਕਸ਼ਾਪ ਦਾ ਆਯੋਜਨ ਕੀਤਾ ਅਤੇ ਕਰਮਚਾਰੀ ਅਰਾਮ ਨਾਲ ਹੜਤਾਲ ਤੇ ਜਾ ਸਕਦੇ ਸਨ। ਐਸ ਬੀ ਆਈ ਨੇ ਹੜਤਾਲ ਨਹੀਂ ਕੀਤੀ। ਬੰਬਈ ਵਿੱਚ ਲੇਬਰ ਕਮਿਸ਼ਨਰ ਦੇ ਦਫ਼ਤਰ ਸਾਹਮਣੇ ਬਹੁਤ ਪ੍ਰਭਾਵਸ਼ਾਲੀ ਧਰਨਾ ਆਯੋਜਿਤ ਕੀਤਾ ਗਿਆ।

ਮੱਧ ਪ੍ਰਦੇਸ਼ ਨੇ ਦੱਸਿਆ ਕਿ 14 ਕੇਂਦਰਾਂ ਵਿੱਚ ਸਾਂਝੇ ਸੰਮੇਲਨਾਂ ਰਾਹੀਂ ਬਹੁਤ ਵਧੀਆ ਤਿਆਰੀਆਂ ਨੇ ਇਸ ਵਾਰ ਕਈ ਜ਼ਿਲ੍ਹਿਆਂ ਅਤੇ ਖੇਤਰਾਂ ਵਿੱਚ ਬਿਹਤਰ ਕਾਰਵਾਈਆਂ ਵਿੱਚ ਮਦਦ ਕੀਤੀ। ਚਾਰ ਥਾਵਾਂ 'ਤੇ ਲੇਬਰ ਕੋਡਾਂ ਦੇ ਪ੍ਰਭਾਵਾਂ 'ਤੇ ਆਯੋਜਿਤ ਵਰਕਸ਼ਾਪਾਂ ਨੇ ਬਿਹਤਰ ਹੜਤਾਲ ਕਾਰਵਾਈ ਅਤੇ ਲਾਮਬੰਦੀ ਵਿੱਚ ਮਦਦ ਕੀਤੀ। ਕੋਲਾ, ਬੈਂਕਾਂ, ਬੀਮਾ ਵਿੱਚ ਸੰਗਠਿਤ ਖੇਤਰਾਂ ਵਿੱਚ ਬਹੁਤ ਵਧੀਆ ਹੜਤਾਲ। ਰੱਖਿਆ ਵਿੱਚ ਇੱਕ ਘੰਟੇ ਦੀ ਹੜਤਾਲ ਪੂਰੀ ਸੀ। ਉਦਯੋਗਿਕ ਖੇਤਰਾਂ ਪ੍ਰੀਤਮਪੁਰ ਨਗਰ ਵਿੱਚ ਸਭ ਕੁਝ ਠੱਪ ਹੋ ਗਿਆ, ਆਟੋ ਸਮੇਤ ਕੋਈ ਵੀ ਆਵਾਜਾਈ ਨਹੀਂ ਚੱਲੀ, ਉਸ ਦਿਨ ਰੇਹੜੀ-ਪਾਤਰੀ ਵੀ ਬੰਦ ਰਹੀ। ਘੱਟੋ-ਘੱਟ 12 ਥਾਵਾਂ 'ਤੇ ਸਕੀਮ ਵਰਕਰਾਂ ਨੇ ਵੱਡੇ ਪੱਧਰ 'ਤੇ ਲਾਮਬੰਦੀ ਕੀਤੀ।

ਸਾਡੇ ਦਫ਼ਤਰ ਵਿਖੇ ਮੇਘਾਲਿਆ ਤੋਂ ਰਿਪੋਰਟ ਸਰਕਾਰੀ ਅਤੇ ਨਿੱਜੀ ਖੇਤਰ ਦੇ ਨਾਲ-ਨਾਲ ਅਸੰਗਠਿਤ ਖੇਤਰਾਂ ਵਿੱਚ ਰਸਮੀ ਖੇਤਰ ਦੇ ਵਰਕਰਾਂ ਦੁਆਰਾ ਕੀਤੀਆਂ ਗਈਆਂ ਕਾਰਵਾਈਆਂ/ਲਾਮਬੰਦੀਆਂ ਦੀ ਸੀ, ਜਿਨ੍ਹਾਂ ਵਿੱਚ ਸਕੀਮ ਵਰਕਰਾਂ ਨੇ ਧਰਨਿਆਂ/ਰੈਲੀਆਂ ਵਿੱਚ ਹਿੱਸਾ ਲਿਆ।

ਪੰਜਾਬ ਤੋਂ ਸਾਡੇ ਦਫ਼ਤਰ ਨੂੰ ਪ੍ਰਾਪਤ ਰਿਪੋਰਟਾਂ ਅਨੁਸਾਰ ਪੰਜਾਬ ਵਿੱਚ ਪੂਰੀ ਤਰ੍ਹਾਂ ਠੱਪ ਸੀ। ਟਰਾਂਸਪੋਰਟ ਸੈਕਟਰ ਹੜਤਾਲ 'ਤੇ ਹੋਣ ਕਾਰਨ ਲਗਭਗ 80000 ਬੱਸਾਂ ਨਹੀਂ ਚੱਲੀਆਂ, ਕਿਉਂਕਿ ਏਟਕ ਯੂਨੀਅਨਾਂ ਪ੍ਰਮੁੱਖ ਹਨ। ਉਦਯੋਗਿਕ ਖੇਤਰ ਹੜਤਾਲ 'ਤੇ ਸਨ, ਪੇਂਡੂ ਮਜ਼ਦੂਰਾਂ ਅਤੇ ਕਿਸਾਨਾਂ ਦੀ ਲਾਮਬੰਦੀ ਨੇ ਦੇਸ਼ ਨੂੰ ਬੰਦ ਵਰਗੀ ਸਥਿਤੀ ਬਣਾ ਦਿੱਤਾ। ਸਰਕਾਰੀ ਅਤੇ ਜਨਤਕ ਖੇਤਰ ਦੇ ਕਰਮਚਾਰੀਆਂ ਦੇ ਲਗਭਗ ਸਾਰੇ ਵਰਗ ਹੜਤਾਲ ਅਤੇ ਲਾਮਬੰਦੀ ਵਿੱਚ ਹਿੱਸੇਦਾਰ ਸਨ। ਇਸ ਵਾਰ 9 ਜੁਲਾਈ ਦੀ ਹੜਤਾਲ ਨਾਲੋਂ ਮਜ਼ਦੂਰਾਂ ਅਤੇ ਕਿਸਾਨਾਂ ਦੀ ਵੱਡੀ ਲਾਮਬੰਦੀ ਸੀ।

ਪੁਡੂਚੇਰੀ ਨੇ ਦੱਸਿਆ ਕਿ ਤਿੰਨ ਦਿਨਾਂ ਦੀ ਵਿਆਪਕ ਮੁਹਿੰਮ ਅਤੇ ਪ੍ਰੈੱਸ ਮੀਟਿੰਗ ਨੇ ਹੜਤਾਲ ਲਈ ਮਾਹੌਲ ਬਣਾਉਣ ਵਿੱਚ ਮਦਦ ਕੀਤੀ। ਰਾਜ ਵਿੱਚ ਪੂਰੀ ਹੜਤਾਲ ਸੀ। ਭਾਵੇਂ ਕੋਈ ਬੰਦ ਦਾ ਸੱਦਾ ਨਹੀਂ ਸੀ, ਪਰ ਇਹ ਅਸਲ ਵਿੱਚ ਬੰਦ ਬਣ ਗਿਆ।

ਰਾਜਸਥਾਨ ਨੇ ਵੀ ਮਜ਼ਦੂਰਾਂ ਅਤੇ ਕਿਸਾਨਾਂ ਦੁਆਰਾ ਪੂਰੇ ਰਾਜ ਵਿੱਚ ਬਹੁਤ ਸਫਲ ਕਾਰਵਾਈਆਂ ਦੀ ਰਿਪੋਰਟ ਕੀਤੀ। ਤਾਂਬੇ ਦੀ ਹੜਤਾਲ 100 ਫੀਸਦੀ ਸੀ, ਹੋਟਲ ਹੜਤਾਲ ਵਿੱਚ ਸਨ, ਸੀਥਾਪੁਰ ਉਦਯੋਗਿਕ ਖੇਤਰ ਮਾਈਕੋ ਬੋਸ਼ ਵਿੱਚ ਜਿੱਥੇ ਏਟਕ ਯੂਨੀਅਨ ਮਜ਼ਬੂਤ ਹੈ, 100 ਫੀਸਦੀ ਬੰਦ ਸੀ। ਆਮ ਤੌਰ 'ਤੇ ਉਦਯੋਗਿਕ ਖੇਤਰਾਂ ਵਿੱਚ ਹੜਤਾਲ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਕੀਤੇ ਗਏ ਸਨ, ਭਾਵੇਂ ਉਨ੍ਹਾਂ ਕੁਝ ਹੱਦ ਤੱਕ ਕੀਤਾ ਹੋਵੇ। ਬਿਜਲੀ ਯੂਨੀਅਨਾਂ ਹੜਤਾਲ 'ਤੇ ਨਹੀਂ ਗਈਆਂ। ਬੈਂਕ ਅਤੇ ਐਲ ਆਈ ਸੀ ਹੜਤਾਲ 'ਤੇ ਸਨ। ਹੜਤਾਲ ਦਾ ਪ੍ਰਭਾਵ ਪਿਛਲੀ ਹੜਤਾਲ ਨਾਲੋਂ ਬਹੁਤ ਵਧੀਆ ਦੱਸਿਆ ਗਿਆ।

ਤਾਮਿਲਨਾਡੂ ਨੇ ਰਾਜ ਵਿੱਚ ਬਹੁਤ ਸਫਲ ਹੜਤਾਲ ਦੀ ਰਿਪੋਰਟ ਕੀਤੀ। ਤ੍ਰਿਚੀ ਵਿੱਚ 20000 ਤੋਂ ਵੱਧ ਲੋਕਾਂ ਦੀ ਇੱਕ ਵਿਸ਼ਾਲ ਰੈਲੀ/ਸੰਮੇਲਨ ਨਾਲ ਤਿਆਰੀਆਂ ਦੇ ਸਾਰੇ ਯਤਨ। ਸੀ ਟੀ ਯੂ ਦੁਆਰਾ ਜ਼ਿਲ੍ਹਾਵਾਰ ਅਤੇ ਸੈਕਟਰਵਾਰ ਸੰਮੇਲਨਾਂ ਅਤੇ ਮੀਟਿੰਗਾਂ ਨੇ ਮਾਹੌਲ ਬਣਾਉਣ ਵਿੱਚ ਮਦਦ ਕੀਤੀ। ਲਗਭਗ ਸਾਰੇ ਸੈਕਟਰ ਰਸਮੀ ਅਤੇ ਗੈਰ-ਰਸਮੀ ਭਾਗੀਦਾਰ ਸਨ। ਆਟੋ ਅਤੇ ਟੈਕਸੀਆਂ ਸਮੇਤ ਆਵਾਜਾਈ ਪ੍ਰਭਾਵਤ ਹੋਈ।

ਤੇਲੰਗਾਨਾ ਤੋਂ ਆਈ ਰਿਪੋਰਟ ਵੀ ਉਤਸ਼ਾਹਜਨਕ ਸੀ, ਕਿਉਂਕਿ ਰਾਜ ਵਿੱਚ ਸਫਲ ਹੜਤਾਲ ਕਰਵਾਈ ਸੀ। ਸਕੀਮ ਵਰਕਰ, ਲੋਡਰ/ਅਨਲੋਡਰ/ਆਟੋ ਯੂਨੀਅਨਾਂ, ਨਿਰਮਾਣ ਕਾਮੇ ਵੱਡੀ ਗਿਣਤੀ ਵਿੱਚ ਲਾਮਬੰਦੀ ਵਿੱਚ ਸਨ। ਆਰ ਟੀ ਸੀ ਕਰਮਚਾਰੀ ਵੀ ਹੜਤਾਲ ਵਿੱਚ ਸਨ। ਇੰਡੀਆ ਬਲਾਕ ਪਾਰਟੀਆਂ ਨੇ ਹੜਤਾਲ ਕਾਰਵਾਈਆਂ ਨੂੰ ਖੁੱਲ੍ਹਾ ਸਮਰਥਨ ਦਿੱਤਾ। ਮੀਡੀਆ ਨੇ ਇਸ ਵਾਰ ਬਿਹਤਰ ਕਵਰੇਜ ਕੀਤੀ।

ਉਤਰਾਖੰਡ ਵਿੱਚ ਤਿਆਰੀ ਪ੍ਰੋਗਰਾਮ ਸੰਮੇਲਨ ਨਾਲ ਸ਼ੁਰੂ ਹੋਏ। ਦੇਹਰਾਦੂਨ, ਹਰਿਦੁਆਰ, ਉਤਰਾਕਾਸ਼ੀ ਅਤੇ ਮਸੂਰੀ ਵਿੱਚ ਚੰਗੇ ਪ੍ਰਦਰਸ਼ਨ/ਧਰਨੇ ਹੋਏ। ਬਿਜਲੀ ਜਾਂ ਬੀ ਐੱਚ ਈ ਐੱਲ ਵਿੱਚ ਕੋਈ ਹੜਤਾਲ ਨਹੀਂ ਹੋਈ। ਅੰਬੂਜਾ ਵਿੱਚ, ਇੱਟਾਂ ਦੇ ਭੱਠੇ ਵਿੱਚ ਵੀ ਹੜਤਾਲ ਅਤੇ ਪ੍ਰਦਰਸ਼ਨ ਹੋਇਆ। ਇਸੇ ਤਰ੍ਹਾਂ ਰੁੜਕੀ ਵਿੱਚ ਵੀ ਵਿਰੋਧ ਪ੍ਰਦਰਸ਼ਨ ਹੋਇਆ। ਸਾਥੀਆਂ ਨੇ ਝਾਂਸੀ ਵਿੱਚ ਬੀ ਐੱਚ ਈ ਐੱਲ ਵਿੱਚ ਹੜਤਾਲ, ਏਟਕ-ਸੀਟੂ ਵਿੱਚ ਸਿਰਫ਼ ਤ੍ਰਿਚੀ ਵਿੱਚ ਹੜਤਾਲ ਕਾਰਵਾਈ ਵਿੱਚ 20 ਫੀਸਦੀ ਤੱਕ ਅਤੇ ਸਿਰਫ਼ ਹੈਦਰਾਬਾਦ ਵਿੱਚ ਹੜਤਾਲ ਕੀਤੇ ਬਿਨਾਂ ਪ੍ਰਦਰਸ਼ਨ ਕੀਤੇ ਜਾਣ ਬਾਰੇ ਵੀ ਰਿਪੋਰਟ ਕੀਤੀ।

ਯੂ ਪੀ ਤੋਂ ਆਈ ਰਿਪੋਰਟ ਚੰਗੀ ਤਰ੍ਹਾਂ ਕੀਤੀਆਂ ਗਈਆਂ ਤਿਆਰੀਆਂ ਅਤੇ ਪਿਛਲੀ ਵਾਰ ਨਾਲੋਂ ਜ਼ਿਆਦਾ ਸੈਕਟਰਾਂ ਅਤੇ ਜ਼ਿਲ੍ਹਿਆਂ ਵਿੱਚ ਲਾਮਬੰਦੀ ਬਾਰੇ ਸੀ। ਕਈ ਜ਼ਿਲ੍ਹਿਆਂ ਵਿੱਚ ਪ੍ਰਦਰਸ਼ਨ/ਧਰਨੇ ਆਯੋਜਿਤ ਕੀਤੇ ਗਏ ਸਨ। ਕਈ ਥਾਵਾਂ 'ਤੇ ਕਿਸਾਨਾਂ ਦੀ ਪਹਿਲਕਦਮੀ ਵੀ ਸੀ।ਬਿਜਲੀ ਕਾਮਿਆਂ 'ਤੇ ਐਸਮਾ ਜਾਰੀ ਹੈ, ਪਰ ਉਨ੍ਹਾਂ ਹੜਤਾਲ ਵਾਲੇ ਦਿਨ ਲਾਮਬੰਦੀ ਵਿੱਚ ਹਿੱਸਾ ਲਿਆ।

ਪੱਛਮੀ ਬੰਗਾਲ ਤੋਂ ਆਈ ਰਿਪੋਰਟ ਕਈ ਖੇਤਰਾਂ, ਸਰਕਾਰੀ, ਜਨਤਕ ਖੇਤਰ ਅਤੇ ਨਿੱਜੀ ਉਦਯੋਗਾਂ ਵਿੱਚ ਸਫਲ ਉਦਯੋਗਿਕ ਹੜਤਾਲ ਦੀ ਸੀ। ਬੋਰਡ ਪ੍ਰੀਖਿਆ ਦਾ ਦਿਨ ਹੋਣ ਕਰਕੇ ਟਰਾਂਸਪੋਰਟ ਖੇਤਰ ਵਿੱਚ ਹੜਤਾਲ ਨਾ ਕਰਨ ਦਾ ਸਾਵਧਾਨੀਪੂਰਵਕ ਫੈਸਲਾ ਲਿਆ ਗਿਆ। ਚਾਹ ਦੇ ਬਾਗ ਜਿੱਥੇ ਏਟਕ ਯੂਨੀਅਨਾਂ ਨੇ 90 ਫੀਸਦੀ ਮਜ਼ਦੂਰਾਂ ਵਿੱਚ ਹੜਤਾਲ ਕੀਤੀ ਅਤੇ 65 ਫੀਸਦੀ ਸਟਾਫ ਵਿੱਚ, ਜੂਟ ਵਿੱਚ ਲਗਭਗ 85 ਫੀਸਦੀ ਹੜਤਾਲ ਕੀਤੀ, ਕੋਲੇ ਵਿੱਚ ਇਸ ਵਾਰ 50 ਫੀਸਦੀ ਤੱਕ ਬਿਹਤਰ, ਸੀਮੈਂਟ, ਬੈਂਕਾਂ ਵਿੱਚ ਠੇਕਾ ਕਾਮੇ ਸ਼ਾਮਲ ਹਨ ਅਤੇ ਵੱਡੇ ਟੈਕਸਟਾਈਲ ਅਤੇ ਮੀਡੀਆ ਕਰਮਚਾਰੀਆਂ ਵਿੱਚ ਇਹ 100 ਫੀਸਦੀ ਸੀ, ਬੀਮਾ ਵਿੱਚ ਵੀ ਚੰਗੀ ਹੜਤਾਲ ਰਹੀ। ਲੋਹੇ ਦੀਆਂ ਫੈਕਟਰੀਆਂ ਵਿੱਚ ਹੜਤਾਲ ਬਹੁਤ ਵਧੀਆ ਰਹੀ, ਜਦੋਂ ਕਿ ਕੋਲਕਾਤਾ ਬੰਦਰਗਾਹ ਵਿੱਚ ਇਹ ਰਿਪੋਰਟ ਕੀਤੀ ਗਈ ਕਿ 60 ਪ੍ਰਤੀਸ਼ਤ ਕਾਮੇ ਡਿਊਟੀ 'ਤੇ ਨਹੀਂ ਗਏ। ਰੇਲਵੇ ਦੇ ਠੇਕੇ ਦੇ ਕਾਮਿਆਂ ਨੇ ਚੰਗਾ ਹੁੰਗਾਰਾ ਦਿੱਤਾ ਅਤੇ ਲਗਭਗ 80 ਪ੍ਰਤੀਸ਼ਤ ਰੈਲੀਆਂ ਵਿੱਚ ਸ਼ਾਮਲ ਹੋਏ। ਬਿਜਲੀ ਹੜਤਾਲ ਵਿੱਚ ਸਰਕਾਰੀ ਖੇਤਰ ਵਿੱਚ ਸਿਰਫ 25 ਪ੍ਰਤੀਸ਼ਤ ਹੋਈ, ਜਦੋਂ ਕਿ ਨਿੱਜੀ ਖੇਤਰ ਵਿੱਚ ਇਹ 35 ਪ੍ਰਤੀਸ਼ਤ ਸੀ। ਭਾਵੇਂ ਰੇਲ ਗੱਡੀਆਂ ਅਤੇ ਬੱਸਾਂ ਨੂੰ ਹੜਤਾਲ ਦੀ ਕਾਰਵਾਈ ਤੋਂ ਛੋਟ ਦਿੱਤੀ ਗਈ ਸੀ, ਪਰ ਮੁਹਿੰਮ ਦਾ ਪ੍ਰਭਾਵ ਦੂਜੇ ਦਿਨਾਂ ਨਾਲੋਂ ਯਾਤਰੀਆਂ ਦੀ ਘੱਟ ਮੌਜੂਦਗੀ ਵਜੋਂ ਦਿਖਾਈ ਦੇ ਰਿਹਾ ਸੀ। ਸੰਮੇਲਨਾਂ, ਪੋਸਟਰਾਂ ਅਤੇ ਪੈਂਫਲਟਾਂ ਨੇ ਮਾਹੌਲ ਬਣਾਉਣ ਵਿੱਚ ਮਦਦ ਕੀਤੀ।

ਡਾਕ ਕਰਮਚਾਰੀਆਂ, ਦੂਰਸੰਚਾਰ ਕਰਮਚਾਰੀਆਂ, ਤੇਲ ਖੇਤਰ ਦੇ ਕਰਮਚਾਰੀਆਂ, ਜੀ ਆਈ ਸੀ ਕਰਮਚਾਰੀਆਂ ਦੁਆਰਾ ਧਰਨੇ ਪ੍ਰਦਰਸ਼ਨਾਂ ਦੀਆਂ ਰਿਪੋਰਟਾਂ ਪ੍ਰਾਪਤ ਹੋਈਆਂ। ਬੈਂਕਾਂ ਅਤੇ ਐੱਲ ਆਈ ਸੀ ਵਿੱਚ ਸਾਡੀਆਂ ਯੂਨੀਅਨਾਂ ਨੇ ਹੜਤਾਲ ਦੀਆਂ ਕਾਰਵਾਈਆਂ ਅਤੇ ਵਿਰੋਧ ਰੈਲੀਆਂ/ਧਰਨਿਆਂ ਆਦਿ ਵਿੱਚ ਹਿੱਸਾ ਲਿਆ। ਸਟੀਲ ਸੈਕਟਰ ਨੂੰ ਅੰਸ਼ਕ ਹੁੰਗਾਰਾ ਮਿਲਿਆ। ਇਸ ਵਾਰ ਜ਼ਿਆਦਾਤਰ ਰਾਜਾਂ ਵਿੱਚ ਉਦਯੋਗਿਕ ਖੇਤਰਾਂ ਤੋਂ ਹੁੰਗਾਰਾ ਬਹੁਤ ਵਧੀਆ ਸੀ।

ਜ਼ਿਆਦਾਤਰ ਰਾਜਾਂ ਵਿੱਚ ਖੱਬੇ-ਪੱਖੀ ਪਾਰਟੀਆਂ ਅਤੇ ਕਈ ਰਾਜਾਂ ਵਿੱਚ ਇੰਡੀਆ ਬਲਾਕ ਪਾਰਟੀਆਂ ਦੇ ਸਮਰਥਨ ਨੇ ਵਾਤਾਵਰਣ ਸਿਰਜਣ ਅਤੇ ਬਿਹਤਰ ਕਾਰਵਾਈ ਵਿੱਚ ਮਦਦ ਕੀਤੀ। ਬੀਜ ਬਿੱਲ 'ਤੇ ਕਿਸਾਨਾਂ ਦੀਆਂ ਕਾਰਵਾਈਆਂ ਅਤੇ ਅਮਰੀਕਾ ਨਾਲ ਬੇਇਨਸਾਫ਼ੀ ਵਾਲੇ ਵਪਾਰ ਸੌਦੇ ਦਾ ਪੇਂਡੂ ਭਾਰਤ ਵਿੱਚ ਉਨ੍ਹਾਂ ਦੀ ਵੱਡੇ ਲਾਮਬੰਦੀ 'ਤੇ ਪ੍ਰਭਾਵ ਪਿਆ। ਇਸੇ ਤਰ੍ਹਾਂ ਮੰਗ ਅਧਾਰਤ ਮਨਰੇਗਾ ਨੂੰ ਵਾਪਸ ਲੈਣ ਅਤੇ ਇਸ ਦੀ ਬਜਾਏ ਸਪਲਾਈ ਅਧਾਰਤ ਨਵੇਂ ਕਾਨੂੰਨ ਨੇ ਪੇਂਡੂ ਮਜ਼ਦੂਰਾਂ ਨੂੰ ਨਾਰਾਜ਼ ਕੀਤਾ ਅਤੇ ਕਈ ਥਾਵਾਂ 'ਤੇ ਉਨ੍ਹਾਂ ਦੀ ਚੰਗੀ ਲਾਮਬੰਦੀ ਵਿੱਚ ਪ੍ਰਭਾਵ ਦਿਖਾਈ ਦਿੱਤਾ।

ਸਾਥੀਆਂ ਨੇ ਸੁਝਾਅ ਦਿੱਤਾ ਕਿ ਕਿਰਤ ਕੋਡਾਂ ਅਤੇ ਕਿਰਤ ਨੀਤੀਆਂ ਅਤੇ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੀਆਂ ਰਾਸ਼ਟਰੀ ਵਿਕਾਸ ਅਤੇ ਆਮ ਤੌਰ 'ਤੇ ਰਾਸ਼ਟਰੀ ਹਿੱਤ ਦੇ ਵਿਰੁੱਧ ਖਤਰਨਾਕ ਆਰਥਿਕ ਨੀਤੀਆਂ 'ਤੇ ਨਿਰੰਤਰ ਮੁਹਿੰਮ ਦੀ ਜ਼ਰੂਰਤ ਹੈ। ਇਹ ਵੀ ਮਹਿਸੂਸ ਕੀਤਾ ਕਿ ਸੀ ਟੀ ਯੂ ਅਤੇ ਕਿਸਾਨ ਸੰਗਠਨਾਂ ਦੇ ਨਾਲ ਸਾਂਝੀਆਂ ਮੁਹਿੰਮਾਂ ਨੂੰ ਤੇਜ਼ ਕਰਨ ਦੀ ਬਹੁਤ ਲੋੜ ਹੈ।

**# ਸੰਪਰਕ : 99884-91002**

## ਰਘਬੀਰ ਸਿੰਘ ਜੀ ?

ਕਬਜ਼ਾ ਕਰਕੇ ਹਨ ਬੈਠੇ 'ਦਹਾਕਿਆਂ' ਤੋਂ,
ਪੰਥਕ ਫਲਸਫੇ ਨਾਲ ਪਰ ਹੇਟ ਮੀਆਂ।
ਮੁਕਤ 'ਟੱਬਰ' ਤੋਂ ਹੋਊ ਕਦ 'ਸ਼੍ਰੋਮਣੀ' ਜੀ,
ਕਦੋਂ ਆਊ ਵਡਭਾਗੀ ਉਹ 'ਡੇਟ' ਮੀਆਂ,
'ਸਿੰਘ ਸਾਹਿਬ ਜੀ' ਬਣਦਿਆਂ ਸੋਚਦੇ ਨਾ,
ਕੌਣ ਕਰ ਰਿਹਾ ਅਹੁਦਾ ਏਹ ਭੇਟ ਮੀਆਂ।
ਜਿਹੜਾ ਤੁਰੇ ਨਾ ਵਾਂਗ ਗੁਰਬਚਨ ਸਿੰਘ ਦੇ,
ਝੱਟ ਦਿਖਾਉਂਦੇ ਐ ਬਾਹਰਲਾ ਗੇਟ ਮੀਆਂ।
ਸੱਚ ਬੋਲਣ ਦਾ ਰਹਿੰਦਾ ਨਾ 'ਵੇਟ' ਮੀਆਂ,
ਫੇਰ ਬੋਲਣ ਦਾ ਰਹਿੰਦਾ ਨਾ 'ਵੇਟ' ਮੀਆਂ,
ਗੱਲ ਨਵੀਂ ਨਹੀਂ ਕਰੀ ਰਘਬੀਰ ਸਿੰਘ ਜੀ,
ਐਪਰ ਕੀਤੀ ਹੈ ਬਹੁਤ ਹੀ 'ਲੇਟ' ਮੀਆਂ!

**-ਤਰਲੋਚਨ ਸਿੰਘ ਦੁਪਾਲਪੁਰ, 001-408-905-5517**

## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

# ਸਮਾਜ ਬਦਲੋ ਲਹਿਰ ਦਾ ਅਣਥੱਕ ਰਾਹੀ ਸੀ ਰਣਜੀਤ ਲਹਿਰਾ

**ਅਮੋਲਕ ਸਿੰਘ**

ਅਜੇ ਚਾਰ ਦਿਨਾਂ ਦੀ ਗੱਲ ਹੈ ਜਦੋਂ ਪੰਜਾਬ ਲੋਕ ਸੱਭਿਆਚਾਰਕ ਮੰਚ ਵੱਲੋਂ ਗੁਰਸ਼ਰਨ ਭਾਅ ਜੀ ਦੇ ਵਿਛੋੜੇ ਵਾਲੇ ਦਿਨ ਨੂੰ ਯਾਦ ਕਰਦਿਆਂ 27 ਸਤੰਬਰ 2025 ਨੂੰ ਇਨਕਲਾਬੀ ਰੰਗ-ਮੰਚ ਦਿਹਾੜਾ ਸਮਾਗਮ ਮੌਕੇ ਤਰਕਸ਼ੀਲ ਭਵਨ ਬਰਨਾਲਾ ਵਿਖੇ ਰਣਜੀਤ ਲਹਿਰਾ ਦਾ ਅਨੁਵਾਦ ਕੀਤਾ ਨਾਵਲ 'ਅਮਰੀਕਨ' ਜਾਰੀ ਕੀਤਾ। ਇਸ ਮੌਕੇ ਰਣਜੀਤ ਨੇ ਮੰਚ ਤੋਂ ਆਪਣੇ ਸੰਬੋਧਨ 'ਚ ਕਿਹਾ ਕਿ ਸਿਹਤ ਦੀ ਨਾਜ਼ੁਕ ਹਾਲਤ ਕਾਰਨ ਹੁਣ ਮੈਂ ਇਸ ਕਿਸਮ ਦਾ ਹੀ ਯੋਗਦਾਨ ਪਾ ਸਕਦਾ ਹਾਂ। ਸਾਥੀਓ ਇਹ ਤਿਲ਼ ਫੁਲ ਯੋਗਦਾਨ ਪ੍ਰਵਾਨ ਕਰਨਾ। ਦੁੱਖ ਦੀ ਗੱਲ ਹੈ ਕਿ ਮੈਂ ਤੀਬਰ ਇੱਛਾ ਦੇ ਬਾਵਜੂਦ ਹੁਣ ਬਹੁਤਾ ਦੌੜ-ਭੱਜ ਵਾਲਾ ਕੰਮ ਨਹੀਂ ਕਰ ਸਕਦਾ। ਹੁਣ ਮੇਰਾ ਅਜਿਹਾ ਯੋਗਦਾਨ ਹੀ ਪ੍ਰਵਾਨ ਕਰਨਾ। ਜਿਉਂ-ਜਿਉਂ ਰਣਜੀਤ ਇਹ ਦਰਦੀਲੇ ਅਤੇ ਸਾਂਭਣਯੋਗ ਬੋਲ ਆਪਣੇ ਲੋਕਾਂ ਨਾਲ ਸਾਂਝੇ ਕਰ ਰਿਹਾ ਸੀ, ਨਾਲ ਦੀ ਨਾਲ ਮੰਚ 'ਤੇ ਸੁਸ਼ੋਭਿਤ ਉਹਨਾਂ ਦੀ ਜੀਵਨ ਸਾਥਣ ਦੀਆਂ ਪਲਕਾਂ ਵਿੱਚੋਂ ਕਿਰਦੇ ਅੱਥਰੂ ਆਪਣੇ-ਆਪ ਵਿੱਚ ਹੀ ਬਹੁਤ ਕੁਝ ਕਹਿ ਰਹੇ ਸਨ। ਅੱਜ ਉਹ ਭਾਵੇਂ ਕਾਫ਼ਲੇ ਵਿੱਚ ਨਹੀਂ ਰਿਹਾ, ਪਰ ਉਸ ਦੀਆਂ ਯਾਦਾਂ ਉਸ ਦੀ ਘਾਲਣਾ ਸਦਾ ਸਾਡੇ ਸਾਹਾਂ ਅਤੇ ਰਾਹਾਂ ਦੀ ਸੰਗੀ-ਸਾਥੀ ਬਣ ਕੇ ਰਹੇਗੀ।

ਪੰਜਾਬ ਦੀ ਕਮਿਊਨਿਸਟ ਇਨਕਲਾਬੀ ਲਹਿਰ ਦਾ ਨਗੀਨਾ ਸਾਥੀ ਰਣਜੀਤ ਲਹਿਰਾ ਇਨਕਲਾਬੀ ਕਾਫ਼ਲੇ ਨੂੰ ਭਾਵੇਂ ਜਿਸਮਾਨੀ ਤੌਰ 'ਤੇ ਅਲਵਿਦਾ ਆਖ ਗਿਆ, ਪਰ ਉਸ ਦੀਆਂ ਪੈੜਾਂ ਇੱਕ ਜਿਉਂਦਾ-ਜਾਗਦਾ ਇਤਿਹਾਸ ਬਣੀਆਂ ਰਹਿਣਗੀਆਂ। ਰਣਜੀਤ ਨੇ 10 ਫਰਵਰੀ 2026 ਨੂੰ ਪਟਿਆਲਾ ਹਾਰਟ ਇੰਸਟੀਚਿਊਟ ਵਿਖੇ ਆਖ਼ਰੀ ਸਾਹ ਲਏ।



ਲਗਾਤਾਰ ਬਿਮਾਰੀ ਨਾਲ਼ ਜੂਝਦੇ ਰਹੇ ਰਣਜੀਤ ਲਹਿਰਾ ਦੀ ਸਮੁੱਚੀ ਜ਼ਿੰਦਗੀ ਸਮਾਜ ਨੂੰ ਚਿੰਬੜੀ ਲੁੱਟ-ਖੋਹ ਜਬਰ ਸਿੱਤਮ ਦੀ ਬਿਮਾਰੀ ਨੂੰ ਮੂਲੋਂ ਖਤਮ ਕਰਨ ਲਈ ਚੱਲ ਰਹੇ ਸੰਗਰਾਮ ਨੂੰ ਸਮਰਪਿਤ ਰਹੀ।

ਸਾਥੀ ਹਰੀ ਸਿੰਘ ਤਰਕ ਦੀ ਅਗਵਾਈ ਵਿੱਚ ਬਣੀ ਸੱਭਿਆਚਾਰਕ ਸਭਾ, ਲਹਿਰਾਗਾਗਾ ਦੇ ਨਾਟਕਾਂ ਨੂੰ ਵੇਖਦਿਆਂ ਅਤੇ ਹਰੀ ਸਿੰਘ ਤਰਕ ਨਾਲ ਕੰਮ ਕਰਦੇ ਮਾਸਟਰ ਬਲਵੰਤ ਸਿੰਘ, ਜੋ ਰਣਜੀਤ ਲਹਿਰਾ ਦੇ ਅਧਿਆਪਕ ਵੀ ਰਹੇ, ਉਹਨਾਂ ਸਭਨਾਂ ਸਦਕਾ ਉਸ ਨੂੰ ਇਨਕਲਾਬੀ ਲਹਿਰ ਦਾ ਜਾਗ ਲੱਗਾ। ਇੱਕ ਸਮਾਂ ਉਹ ਸੀ ਜਦੋਂ ਬੁਢਲਾਡਾ ਖੇਤਰ ਦੀਆਂ ਪੌਣਾਂ ਵਿਚ ਰਣਜੀਤ ਦਾ ਨਾਂਅ ਗੂੰਜਦਾ ਸੀ।

ਉਹਨਾਂ ਦੀ ਸਵੈ ਕਥਨ ਪੁਸਤਕ, 'ਜ਼ਿੰਦਗੀ ਦੇ ਰਾਹਾਂ 'ਤੇ' ਵਿੱਚ ਦਰਜਨਾਂ ਘੋਲਾਂ ਦਾ ਜ਼ਿਕਰ ਕਰਦੇ ਹਨ, ਜਿਹਨਾਂ 'ਚ ਸਾਥੀ ਰਣਜੀਤ ਦੀ ਅਹਿਮ ਤੇ ਮੋਹਰੀ ਭੂਮਿਕਾ ਰਹੀ ਹੈ। ਪੁਸਤਕ ਵਿੱਚ ਮਾਣ ਨਾਲ ਦੱਸਦੇ ਹਨ ਕਿ ਉਹ ਉਸ ਜਥੇਬੰਦੀ ਦਾ ਹਿੱਸਾ ਰਹੇ, ਜਿਹੜੀ 70 ਦੇ ਸ਼ੁਰੂ ਤੋਂ ਲੈ ਕੇ 80ਵੇਂ ਦੇ ਅੱਧ ਤੱਕ ਪੰਜਾਬ ਦੀਆਂ ਵਿੱਦਿਅਕ ਸੰਸਥਾਵਾਂ ਵਿੱਚ ਛਾਈ ਰਹੀ। ਜਿਸ ਨੇ ਮੋਗੇ ਦਾ ਰੀਗਲ ਸਿਨੇਮਾ ਦਾ ਇਤਿਹਾਸਕ ਘੋਲ, ਬੱਸ ਪਾਸ ਘੋਲ, ਬੱਸ ਕਿਰਾਇਆ ਘੋਲ ਦੋ ਮੂੰਹੀਂ ਦਹਿਸ਼ਤਗਰਦੀ ਵਿਰੋਧੀ ਘੋਲ ਅਤੇ ਕਿੰਨੇ ਹੋਰ ਜਾਨ ਹੂਲਵੇਂ ਸੰਘਰਸ਼ ਲੜੇ।

1979 ਵਿੱਚ ਹੀ ਜਦੋਂ ਜਥੇਬੰਦੀ ਦੀਆਂ ਸਰਗਰਮੀਆਂ ਲਈ ਇੱਕ ਸੱਭਿਆਚਾਰਕ, ਨਾਟਕ ਤੇ ਗੀਤ-ਸੰਗੀਤ ਟੀਮ ਦੀ ਲੋੜ ਮਹਿਸੂਸ ਹੋਈ ਤਾਂ ਉਸ ਮੌਕੇ ਵੀ ਸਾਥੀ ਰਣਜੀਤ ਨੇ ਆਪਣੇ-ਆਪ ਨੂੰ ਪੇਸ਼ ਕੀਤਾ। ਪਹਿਲਾਂ ਲੋਕ ਨਾਟਕ ਕਲਾ ਮੰਚ ਬੁਢਲਾਡਾ ਦੀ ਸਿਰਜਣਾ ਕੀਤੀ, ਮਗਰੋਂ ਨਾਂਅ ਬਦਲ ਕੇ ਲੋਕ ਨਾਟਕ ਕਲਾ ਕੇਂਦਰ ਮਾਲਵਾ ਰੱਖਿਆ। ਇਹ ਟੀਮ ਪੂਰੀ ਤਰ੍ਹਾਂ ਬਦਲਵੇਂ ਇਨਕਲਾਬੀ ਸੱਭਿਆਚਾਰ ਦੀ ਸਿਰਜਣਾ ਦੇ ਮਹਾਨ ਕਾਜ ਨੂੰ ਸਮਰਪਿਤ ਸੀ।

1980 ਵਿੱਚ ਸਾਥੀ ਰਣਜੀਤ ਲਹਿਰਾ ਨੇ ਮਾਨਸਾ ਇਲਾਕੇ ਵਿੱਚ ਵਧੇ ਬੱਸ ਕਿਰਾਏ ਵਿਰੁੱਧ ਉੱਠੇ ਜ਼ਬਰਦਸਤ ਘੋਲ ਵਿੱਚ ਸ਼ਾਮਲ ਹੋ ਕੇ ਅਹਿਮ ਭੂਮਿਕਾ ਨਿਭਾਈ।

ਪੰਜਾਬ ਅੰਦਰ ਖ਼ਾਲਿਸਤਾਨੀ ਅਤੇ ਹਕੂਮਤੀ ਦਹਿਸ਼ਤਗਰਦੀ ਦੇ ਕਾਲੇ ਦੌਰ ਅੰਦਰ ਰਣਜੀਤ ਲਹਿਰਾ ਗੁਰਸ਼ਰਨ ਸਿੰਘ ਦੀ ਰਹਿਨੁਮਾਈ ਹੇਠ ਇਨਕਲਾਬੀ ਕੇਂਦਰ ਪੰਜਾਬ ਵਿੱਚ ਸਰਗਰਮ ਕਾਰਕੁੰਨ ਰਹੇ। ਮਾਰਚ 1987 ਦੇ ਮਹੀਨੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸਮਰਪਿਤ ਚਲਾਈ ਗਈ ਮੁਹਿੰਮ ਵਿੱਚ ਸਾਥੀ ਰਣਜੀਤ ਲਹਿਰਾ ਮੋਢੀਆਂ ਵਿੱਚੋਂ ਇੱਕ ਸਨ।

ਸਾਥੀ ਰਣਜੀਤ ਲਹਿਰਾ ਅਗਸਤ 1987 ਵਿੱਚ ਜਨ ਸਿਹਤ ਵਿਭਾਗ ਪੰਜਾਬ ਵਿੱਚ ਨੌਕਰੀ ਕਰਨ ਲੱਗੇ।ਇਹ ਡੇਲੀਵੇਜ ਕਾਮੇ ਵੱਡੀ ਗਿਣਤੀ ਵਿੱਚ ਸਨ ਤੇ ਨਿਗੂਣੀਆਂ ਤਨਖਾਹਾਂ 'ਤੇ ਕੰਮ ਅਤੇ ਅਫਸਰਾਂ ਦੀ ਵਗਾਰ ਕਰਨ ਲਈ ਮਜਬੂਰ ਸਨ। ਇੱਥੇ ਵੀ ਸਾਥੀ ਰਣਜੀਤ ਪੀ ਡਬਲਯੂ ਡੀ ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਵਿੱਚ ਸਰਗਰਮ ਰਹੇ। ਉਹਨਾਂ ਪੱਕੇ ਹੋਣ ਲਈ ਸੰਘਰਸ਼ ਵਿੱਚ ਹਿੱਸਾ ਲਿਆ, ਪ੍ਰੈੱਸ ਸਕੱਤਰ ਦੀ ਭੂਮਿਕਾ ਨਿਭਾਈ ਤੇ ਅਖੀਰ ਲੰਮੇ ਸੰਘਰਸ਼ ਸਦਕਾ 2001 ਵਿੱਚ ਡੇਲੀਵੇਜ ਕਾਮਿਆਂ ਨੂੰ ਪੱਕਾ ਕਰਨ ਦਾ ਫੈਸਲਾ ਹੋਇਆ।

ਜ਼ਿੰਦਗੀ ਦੇ ਅੰਤਲੇ ਸਾਹਾਂ ਤੱਕ ਇਨਕਲਾਬੀ ਵਿਚਾਰਾਂ ਅਤੇ ਅਮਲ ਦੀ ਮਸ਼ਾਲ ਜਗਦੀ ਰੱਖਣ ਵਾਲੇ ਸਾਥੀ ਰਣਜੀਤ ਲਹਿਰਾ ਦੀ ਜੀਵਨ ਸਾਥਣ ਰਾਜਪਾਲ ਕੌਰ ਅਤੇ ਬੇਟੀ ਅਰਸ਼ਦੀਪ ਅਰਸ਼ੀ ਨੇ ਰਣਜੀਤ ਲਹਿਰਾ ਦੇ ਵਿਚਾਰਾਂ ਦਾ ਪਰਚਮ ਬੁਲੰਦ ਰੱਖਣ ਅਤੇ ਸਿਹਤਯਾਬੀ ਲਈ ਲੋੜਾਂ ਦੀ ਪੂਰਤੀ ਅਤੇ ਉਹਨਾਂ ਦੇ ਸੰਗੀ ਸਾਥੀ ਬਣ ਕੇ ਹਰ ਪਲ ਕੁਰਬਾਨ ਕੀਤਾ।

ਰਣਜੀਤ ਲਹਿਰਾ ਦੀ ਗੌਰਵਸ਼ਾਲੀ ਭੂਮਿਕਾ ਤਾਂ ਹੈ ਹੀ, ਪਰਵਾਰ ਦੀ ਇਹ ਸ਼ਾਨਾਮੱਤੀ ਭੂਮਿਕਾ ਵੀ ਇਨਕਲਾਬੀ ਲਹਿਰ ਦਾ ਪ੍ਰੇਰਨਾਦਾਇਕ ਸਰਮਾਇਆ ਹੈ।

24 ਫਰਵਰੀ ਨੂੰ ਲਹਿਰਾਗਾਗਾ ਵਿਖੇ ਯਾਦਗਾਰੀ ਸਮਾਗਮ ਮੌਕੇ ਰਣਜੀਤ ਦੇ ਸੰਗਰਾਮੀ ਸਫ਼ਰ ਦੀ ਚਰਚਾ ਕਿੰਨਿਆਂ ਨੂੰ ਰਣਜੀਤ ਬਣਨ ਦੀ ਸੋਝੀ ਦੇਵੇਗੀ।

**# ਸੰਪਰਕ: 98778-68710**

24-FEB-PAGE-5.qxd 2/23/2026 9:22 PM Page 1



# ਕਿਸਾਨਾਂ ਮਜ਼ਦੂਰਾਂ ਵੱਲੋਂ ਵਿਧਾਇਕਾ ਦੇ ਘਰ ਅੱਗੇ ਵਿਸ਼ਾਲ ਧਰਨਾ

## 10 ਮਾਰਚ ਨੂੰ ਬਰਨਾਲਾ ਰੈਲੀ 'ਚ ਹਜ਼ਾਰਾਂ ਦੀ ਗਿਣਤੀ 'ਚ ਪੁੱਜਣ ਦਾ ਐਲਾਨ



**ਜਗਰਾਉਂ (ਨਛੱਤਰ ਸੰਧੂ)**

ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਅੱਜ ਜਗਰਾਉਂ ਵਿਖੇ ਹਲਕਾ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਦੀ ਰਿਹਾਇਸ਼ 'ਤੇ ਇਲਾਕੇ ਦੇ ਕਿਸਾਨਾਂ ਮਜ਼ਦੂਰਾਂ ਨੇ ਵਿਸ਼ਾਲ ਧਰਨਾ ਦਿੱਤਾ। ਇਸ ਸਮੇਂ ਬੁਲਾਰਿਆਂ ਨੇ ਕਿਹਾ ਕਿ ਦੇਸ਼ 'ਤੇ ਕਾਬਜ਼ ਭਾਜਪਾ ਸਰਕਾਰ ਨੇ ਦੇਸ਼ ਨੂੰ ਗੁਲਾਮ ਬਣਾਉਣ ਲਈ ਅਮਰੀਕਾ ਨਾਲ ਵਪਾਰ ਸਮਝੌਤਾ ਕਰਕੇ ਆਪਣਾ ਕਾਰਪੋਰੇਟ ਪੱਖੀ ਤੇ ਕਿਸਾਨ ਵਿਰੋਧੀ ਅਜੰਡਾ ਲਾਗੂ ਕਰ ਦਿੱਤਾ ਹੈ। ਬੁਲਾਰਿਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਸ ਸਮਝੌਤੇ ਚੋਂ ਖੇਤੀ ਸੈਕਟਰ ਨੂੰ ਬਾਹਰ ਰੱਖਿਆ ਜਾਵੇ। ਉਨ੍ਹਾਂ ਬਿਜਲੀ ਐਕਟ ਅਤੇ ਬੀਜ ਐਕਟ ਰੱਦ ਕਰਨ, ਮਨਰੇਗਾ ਸਕੀਮ ਬਹਾਲ ਕਰਨ, ਕਿਰਤ ਕੋਡ ਰੱਦ ਕਰਕੇ ਪੁਰਾਣੇ ਕਿਰਤ ਕਨੂੰਨ ਬਹਾਲ ਕਰਨ, ਸਮਾਰਟ ਮੀਟਰ ਲਗਾਉਣੇ ਬੰਦ ਕਰਨ, ਖਪਤਕਾਰਾਂ ਨੂੰ ਪਾਵਰਕੌਮ ਵਲੋਂ ਨੋਟਿਸ ਭੇਜਣੇ ਬੰਦ ਕਰਨ ਦੀ ਮੰਗ ਕੀਤੀ। ਉਨ੍ਹਾਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਸਾਰੇ ਵਿਭਾਗਾਂ ਵਿੱਚ ਰੈਗੂਲਰ ਭਰਤੀ ਸ਼ੁਰੂ ਕਰਨ ਦੀ ਜ਼ੋਰਦਾਰ ਮੰਗ ਕੀਤੀ । ਸਾਰੇ ਬੁਲਾਰਿਆਂ ਨੇ ਬੀਤੇ ਦਿਨੀਂ ਬਠਿੰਡਾ ਵਿਖੇ ਪੰਜਾਬ ਪੁਲਿਸ ਵਲੋਂ ਕਿਸਾਨਾਂ ਤੇ ਢਾਹੇ ਪੁਲਸ ਜਬਰ ਦਾ ਸਖਤ ਨੋਟਿਸ ਲੈਂਦਿਆਂ ਜ਼ਿੰਮੇਵਾਰ ਐਸ ਐਸ ਪੀ ਨੂੰ ਤੁਰੰਤ ਮੁਅੱਤਲ ਕਰਨ ਦੀ ਮੰਗ ਕੀਤੀ। ਹਲਕਾ ਵਿਧਾਇਕਾ ਨੇ ਧਰਨੇ 'ਚ ਆ ਕੇ ਧਰਨਾਕਾਰੀਆਂ ਤੋਂ ਮੰਗ ਪੱਤਰ ਹਾਸਲ ਕੀਤਾ। ਉਪਰੰਤ ਧਰਨਾਕਾਰੀਆਂ ਨੇ ਜੀ ਟੀ ਰੋਡ 'ਤੇ ਸਥਿਤ ਭਾਜਪਾ ਦੇ ਮੁੱਖ ਦਫਤਰ ਤੱਕ ਮਾਰਚ ਕਰਕੇ ਜਿੱਥੇ ਕਿ ਭਾਜਪਾ ਦੀ ਮੀਟਿੰਗ ਚੱਲ ਰਹੀ ਸੀ, 'ਤੇ ਵੀ ਜ਼ੋਰਦਾਰ ਪ੍ਰਦਰਸ਼ਨ ਕੀਤਾ। ਉਥੇ ਕਾਰਪੋਰੇਟ ਪੱਖੀ ਭਾਜਪਾ ਸਰਕਾਰ ਮੁਰਦਾਬਾਦ, ਫਾਸ਼ੀਵਾਦੀ ਹਕੂਮਤ ਮੁਰਦਾਬਾਦ ਦੇ ਨਾਅਰੇ ਗੁੰਜਾਏ। ਬੁਲਾਰਿਆਂ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ, ਗੁਰਵਿੰਦਰ ਸਿੰਘ ਗੋਗੀ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਯੁਵਰਾਜ ਸਿੰਘ ਘੁਡਾਣੀ, ਜਸਵੰਤ ਸਿੰਘ ਭੱਟੀਆਂ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਹਰਦੇਵ ਸਿੰਘ ਸੰਧੂ, ਏਟਕ ਦੇ ਸੂਬਾਈ ਆਗੂ ਗੁਰਦੀਪ ਸਿੰਘ ਮੋਤੀ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਕੋਟ ਉਮਰਾ, ਪੰਜਾਬ ਕਿਸਾਨ ਸਭਾ ਦੇ ਆਗੂ ਬੂਟਾ ਸਿੰਘ ਹਾਂਸ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ ਢਿੱਲੋਂ, ਕਿਰਤੀ ਕਿਸਾਨ ਯੂਨੀਅਨ ਦੇ ਬਲਵਿੰਦਰ ਸਿੰਘ ਕੋਠੇ ਪੋਨਾ, ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਬੂਟਾ ਸਿੰਘ ਚਕਰ, ਮਜ਼ਦੂਰ ਆਗੂ ਅਵਤਾਰ ਸਿੰਘ ਰਸੂਲਪੁਰ, ਹੁਕਮ ਰਾਜ ਦੇਹੜਕਾ, ਸਾਂਝਾ ਪੈਨਸ਼ਨਰ ਫਰੰਟ ਦੇ ਅਸ਼ੋਕ ਭੰਡਾਰੀ ਆਦਿ ਸ਼ਾਮਲ ਸਨ। ਮੰਚ ਸੰਚਾਲਨ ਕਿਸਾਨ ਆਗੂ ਤਰਸੇਮ ਸਿੰਘ ਬੱਸੂਵਾਲ ਨੇ ਕੀਤਾ।ਇਸ ਸਮੇਂ ਸੁਖਦੇਵ ਸਿੰਘ ਮਾਣੂੰਕੇ, ਜਸਵਿੰਦਰ ਸਿੰਘ ਭਮਾਲ, ਦੇਵ ਰਾਜ, ਸਰਬਜੀਤ ਸਿੰਘ ਧੂੜਕੋਟ, ਨਿਰਮਲ ਸਿੰਘ ਭੰਮੀਪੁਰਾ ਆਦਿ ਹਾਜ਼ਰ ਸਨ।

# ਸਰਪੰਚ ਦੇ ਪੁੱਤਰ ਖ਼ਿਲਾਫ਼ ਕਾਰਵਾਈ ਨਾ ਹੋਣ 'ਤੇ ਭੜਕਿਆ ਰੋਸ, ਰਜਿੰਦਰਾ ਹਸਪਤਾਲ ਅੱਗੇ ਦਿੱਤਾ ਧਰਨਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮੋਹਿੰਦਰਾ ਨੇ ਪਟਿਆਲਾ ਦੇ ਰਜਿੰਦਰਾ ਹਸਪਤਾਲ ਦੇ ਬਾਹਰ ਪਿੰਡ ਰੋਂਗਲਾ ਦੀ ਬਜ਼ੁਰਗ ਮਹਿਲਾ ਬਲਜੀਤ ਕੌਰ ਦੇ ਕਤਲ ਦੇ ਮੁੱਖ ਮੁਲਜ਼ਮ ਆਮ ਆਦਮੀ ਪਾਰਟੀ ਨਾਲ ਸਬੰਧਤ ਸਰਪੰਚ ਦੇ ਪੁੱਤਰ ਦੀ ਗ੍ਰਿਫ਼ਤਾਰੀ ਨਾ ਹੋਣ ਦੇ ਵਿਰੋਧ ਵਿੱਚ ਪੀੜਤ ਪਰਵਾਰ ਅਤੇ ਕਾਂਗਰਸੀ ਵਰਕਰਾਂ ਨਾਲ ਮਿਲ ਕੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਕਾਂਗਰਸੀਆਂ ਨੇ ਹਸਪਤਾਲ ਦੇ ਬਾਹਰ ਸੜਕ ਜਾਮ ਕਰਕੇ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।ਬੀਤੇ ਕੁਝ ਦਿਨ ਪਹਿਲਾਂ ਪਟਿਆਲਾ ਦੇ ਪਿੰਡ ਰੋਂਗਲਾ ਵਿੱਚ ਇੱਕ ਨਿਹੱਥੀ ਬਜ਼ੁਰਗ ਮਹਿਲਾ ਬਲਜੀਤ ਕੌਰ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਪਰਵਾਰ ਦੇ ਇਲਜ਼ਾਮਾਂ ਮੁਤਾਬਕ, ਪਿੰਡ ਦੇ ਸਰਪੰਚ ਦੇ ਲੜਕੇ ਗੋਲਡੀ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ।ਦੱਸਿਆ ਜਾ ਰਿਹਾ ਹੈ ਕਿ ਇਹ ਹਮਲਾ ਪੁਰਾਣੀ ਰੰਜਿਸ਼ ਅਤੇ 1.5 ਲੱਖ ਰੁਪਏ ਦੇ ਵਿੱਤੀ ਲੈਣ-ਦੇਣ ਦੇ ਵਿਵਾਦ ਕਾਰਨ ਹੋਇਆ। ਪੀੜਤ ਪਰਵਾਰ ਨੇ ਦੱਸਿਆ ਕਿ ਮੁਲਜ਼ਮ ਲਗਾਤਾਰ ਉਨ੍ਹਾਂ ਨੂੰ ਡਰਾ-ਧਮਕਾ ਰਿਹਾ ਸੀ।ਧਰਨੇ ਨੂੰ ਸੰਬੋਧਨ ਕਰਦਿਆਂ ਮੋਹਿਤ ਮੋਹਿੰਦਰਾ ਨੇ ਕਿਹਾ ਕਿ ਅਪਰਾਧ ਦੀ ਗੰਭੀਰਤਾ ਦੇ ਬਾਵਜੂਦ ਪੁਲਸ ਗ੍ਰਿਫ਼ਤਾਰ ਕਰਨ ਵਿੱਚ ਨਾਕਾਮ ਰਹੀ ਹੈ।ਐਫ.ਆਈ.ਆਰ. ਦਰਜ ਹੋਣ ਦੇ ਬਾਵਜੂਦ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਸਿਰਫ਼ ਇਸ ਲਈ ਕਿ ਮੁਲਜ਼ਮ ਸੱਤਾਧਾਰੀ ਪਾਰਟੀ ਦੇ ਆਗੂ ਦਾ ਪੁੱਤਰ ਹੈ, ਪ੍ਰਸ਼ਾਸਨ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਿਛਲੇ ਤਿੰਨ ਦਿਨਾਂ ਤੋਂ ਬਜ਼ੁਰਗ ਮਾਤਾ ਦੀ ਦੇਹ ਮੁਰਦਾਘਰ ਵਿੱਚ ਪਈ ਹੈ, ਪਰਵਾਰ ਇਨਸਾਫ਼ ਦੀ ਮੰਗ ਕਰ ਰਿਹਾ ਹੈ ਅਤੇ ਜਦੋਂ ਤੱਕ ਮੁਲਜ਼ਮ ਫੜਿਆ ਨਹੀਂ ਜਾਂਦਾ, ਅੰਤਿਮ ਸੰਸਕਾਰ ਨਹੀਂ ਕੀਤਾ ਜਾਵੇਗਾ।ਮੋਹਿਤ ਮੋਹਿੰਦਰਾ ਨੇ ਚੇਤਾਵਨੀ ਦਿੱਤੀ ਕਿ ਜੇਕਰ ਆਉਣ ਵਾਲੇ ਦਿਨਾਂ ਵਿੱਚ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਪੀੜਤ ਪਰਵਾਰ ਨੂੰ ਇਨਸਾਫ਼ ਨਾ ਦਿੱਤਾ ਗਿਆ, ਤਾਂ ਕਾਂਗਰਸ ਪਾਰਟੀ ਇਸ ਸੰਘਰਸ਼ ਨੂੰ ਹੋਰ ਤੇਜ਼ ਕਰੇਗੀ ਅਤੇ ਵੱਡੇ ਪੱਧਰ 'ਤੇ ਪ੍ਰਦਰਸ਼ਨ ਕੀਤੇ ਜਾਣਗੇ।ਇਸ ਮੌਕੇ ਪੀੜਤ ਪਰਵਾਰ ਦੇ ਮੈਂਬਰਾਂ ਤੋਂ ਇਲਾਵਾ ਸਥਾਨਕ ਨਿਵਾਸੀਆਂ ਅਤੇ ਕਾਂਗਰਸੀ ਵਰਕਰਾਂ ਨੇ ਸ਼ਮੂਲੀਅਤ ਕੀਤੀ।

# ਬਰਨਾਲਾ 'ਚ ਰਾਹੁਲ ਗਾਂਧੀ ਦੀ ਆਮਦ ਦੀਆਂ ਤਿਆਰੀਆਂ ਨੂੰ ਲੈ ਕੇ ਭਰਵੀਂ ਇਕੱਤਰਤਾ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**



ਆਲ ਇੰਡੀਆ ਕਾਂਗਰਸ ਦੇ ਸੀਨੀਅਰ ਆਗੂ ਸੰਸਦ ਮੈਂਬਰ ਰਾਹੁਲ ਗਾਂਧੀ ਦੀ 28 ਫਰਵਰੀ ਨੂੰ ਬਰਨਾਲਾ ਫੇਰੀ ਮੌਕੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਦੀਆਂ ਤਿਆਰੀਆਂ ਨੂੰ ਲੈ ਕੇ ਬਲਾਕ ਪੱਧਰੀ ਇੱਕਤਰਤਾ ਬਲਾਕ ਪ੍ਰਧਾਨ ਪਰਮਿੰਦਰ ਸੰਮੀ ਠੁੱਲੀਵਾਲ ਦੀ ਅਗਵਾਈ ਹੇਠ ਮਹਿਲ ਕਲਾਂ ਵਿਖੇ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਹਰਦਿਆਲ ਸਿੰਘ ਕੰਬੋਜ, ਹਲਕਾ ਕੋਆਰਡੀਨੇਟਰ ਰਜਿੰਦਰ ਦੀਪਾ, ਸੂਬਾ ਪ੍ਰਧਾਨ ਰਾਜਾ ਵੜਿੰਗ ਦੇ ਸਲਾਹਕਾਰ ਗਗਨਜੀਤ ਬੌਬੀ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਦਿਆਂ ਇਕਜੁਟ ਹੋ ਕੇ ਰੈਲੀ ਦੀ ਸਫਲਤਾ ਲਈ ਜੁਟ ਜਾਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ 28 ਫਰਵਰੀ ਨੂੰ ਬਰਨਾਲਾ ਦੀ ਧਰਤੀ 'ਤੇ ਕਿਸਾਨਾਂ, ਮਜ਼ਦੂਰਾਂ, ਮਨਰੇਗਾ ਵਰਕਰਾਂ ਅਤੇ ਪਾਰਟੀ ਵਰਕਰਾਂ ਦਾ ਇਤਿਹਾਸਕ ਇਕੱਠ ਹੋਵੇਗਾ ਜੋ ਪੰਜਾਬ ਦੀ ਰਾਜਨੀਤੀ ਵਿੱਚ ਨਵਾਂ ਮੋੜ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਰੈਲੀ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਜੰਗ ਦਾ ਐਲਾਨ ਕਰੇਗੀ।ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਹੀ ਇੱਕੋ ਇਕ ਅਜਿਹੀ ਪਾਰਟੀ ਹੈ ਜੋ ਦੇਸ਼ ਅੰਦਰ ਹਰ ਵਰਗ ਦੀ ਆਵਾਜ਼ ਬਣ ਕੇ ਖੜ੍ਹੀ ਹੈ ਅਤੇ ਲਗਾਤਾਰ ਕੇਂਦਰ ਦੀ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਸੰਘਰਸ਼ ਕਰ ਰਹੀ ਹੈ। ਉਨ੍ਹਾਂ ਨੇ ਯਾਦ ਦਿਵਾਇਆ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਯੂ ਪੀ ਏ ਸਰਕਾਰ ਨੇ ਮਨਰੇਗਾ ਐਕਟ ਅਤੇ ਫੂਡ ਸੁਰੱਖਿਆ ਐਕਟ ਲਾਗੂ ਕਰਕੇ ਮਜ਼ਦੂਰਾਂ ਨੂੰ 100 ਦਿਨਾਂ ਦੀ ਰੁਜ਼ਗਾਰ ਗਰੰਟੀ ਦਿੱਤੀ ਅਤੇ ਗਰੀਬ ਵਰਗ ਨੂੰ ਸਸਤਾ ਅਨਾਜ ਮੁਹੱਈਆ ਕਰਵਾਇਆ। ਪਰ ਮੌਜੂਦਾ ਕੇਂਦਰ ਸਰਕਾਰ ਉਨ੍ਹਾਂ ਯੋਜਨਾਵਾਂ ਨੂੰ ਕਮਜ਼ੋਰ ਕਰਕੇ ਖਤਮ ਕਰਨ ਵੱਲ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ-ਅਮਰੀਕਾ ਵਪਾਰ ਸਮਝੌਤਿਆਂ ਨਾਲ ਕਿਸਾਨਾਂ, ਮਜ਼ਦੂਰਾਂ ਅਤੇ ਛੋਟੇ ਵਪਾਰੀਆਂ ਨੂੰ ਭਾਰੀ ਨੁਕਸਾਨ ਪਹੁੰਚੇਗਾ। ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਕਿਹਾ ਕਿ ਬਰਨਾਲਾ 'ਚ ਹੋਣ ਵਾਲੀ ਰੈਲੀ ਪੰਜਾਬ ਪੱਧਰ 'ਤੇ ਵੱਡਾ ਸਿਆਸੀ ਸੰਦੇਸ਼ ਦੇਵੇਗੀ। ਬਲਾਕ ਪ੍ਰਧਾਨ ਪਰਮਿੰਦਰ ਸੰਮੀ ਠੁੱਲੀਵਾਲ ਨੇ ਸਮੂਹ ਆਗੂਆਂ, ਵਰਕਰਾਂ ਨੂੰ ਅੱਜ ਤੋਂ ਹੀ ਰੈਲੀ ਦੀ ਤਿਆਰੀ 'ਚ ਮੋਰਚੇ ਸੰਭਾਲਣ ਦੀ ਅਪੀਲ ਕਰਦਿਆ ਸਪੱਸ਼ਟ ਕਿਹਾ ਕਿ ਜੇਕਰ ਸਰਕਾਰ ਨੇ ਰੈਲੀ 'ਚ ਸ਼ਾਮਲ ਹੋਣ ਵਾਲੇ ਕਿਰਤੀ ਲੋਕਾਂ, ਕਿਸਾਨਾਂ, ਮਨਰੇਗਾ ਮਜ਼ਦੂਰਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਕਾਂਗਰਸ ਪਾਰਟੀ ਵੱਲੋਂ ਇਸ ਦਾ ਡਟ ਕੇ ਜੁਆਬ ਦਿੱਤਾ ਜਾਵੇਗਾ। ਇਸ ਮੌਕੇ ਸੀਨੀਅਰ ਆਗੂ ਗੁਰਮੇਲ ਸਿੰਘ ਮੌੜ, ਐਡਵੋਕੇਟ ਜਸਵੀਰ ਸਿੰਘ ਖੇੜੀ, ਜ਼ਿਲ੍ਹਾ ਚੇਅਰਮੈਨ ਜਸਮੇਲ ਸਿੰਘ ਡੇਅਰੀ ਵਾਲਾ, ਮਨਜੀਤ ਸਿੰਘ ਮਹਿਲ ਖ਼ੁਰਦ, ਬਲਦੇਵ ਸਿੰਘ ਪੇਧਨੀ, ਸੀਨੀ: ਆਗੂ ਬੰਨੀ ਖਹਿਰਾ, ਕਮਲਜੀਤ ਸਿੰਘ ਚੱਕ, ਡਾ: ਅਮਰਜੀਤ ਸਿੰਘ, ਕਿਸਾਨ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਸਰਬਜੀਤ, ਉਜਾਗਰ ਸਿੰਘ ਛਾਪਾ, ਡਾ: ਬਲਵੰਤ ਰਾਏ ਸ਼ਰਮਾ, ਬੱਗਾ ਸਿੰਘ ਮਹਿਲ ਕਲਾਂ ਆਦਿ ਆਗੂਆਂ ਨੇ ਇਕਸੁਰ ਹੋ ਕੇ ਵਿਸ਼ਵਾਸ ਦੁਆਇਆ ਕਿ ਮਹਿਲ ਕਲਾਂ ਬਲਾਕ ਦੇ ਹਰ ਪਿੰਡ ਵਿੱਚ ਤਿਆਰੀਆਂ ਸਬੰਧੀ ਮੀਟਿੰਗਾਂ ਕਰਕੇ ਹਰ ਵਰਗ ਨੂੰ ਲਾਮਬੰਦ ਕੀਤਾ ਜਾਵੇਗਾ। ਪਿੰਡ ਪਿੰਡ ਤੋਂ ਵੱਡੇ ਕਾਫਲਿਆਂ ਦੀ ਸ਼ਮੂਲੀਅਤ ਬਰਨਾਲਾ ਰੈਲੀ 'ਚ ਯਕੀਨੀ ਬਣਾਈ ਜਾਵੇਗੀ।

## ਕਾਤਰਾਂ

### ਹੋਲੀ ਮੌਕੇ ਉੱਤਰ ਰੇਲਵੇ ਵੱਲੋਂ 7 ਵਿਸ਼ੇਸ਼ ਗੱਡੀਆਂ ਚਲਾਉਣ ਦਾ ਐਲਾਨ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਹੋਲੀ ਦੇ ਤਿਉਹਾਰ ਦੌਰਾਨ ਮੁਸਾਫਰਾਂ ਦੀ ਵਧਦੀ ਭੀੜ ਤੇ ਸਹੂਲਤ ਨੂੰ ਧਿਆਨ ਵਿਚ ਰੱਖਦੇ ਹੋਏ ਉੱਤਰ ਰੇਲਵੇ ਵੱਲੋਂ ਨਿਯਮਤ ਟਰੇਨਾਂ ਤੋਂ ਇਲਾਵਾ 'ਫੈਸਟੀਵਲ ਸਪੈਸ਼ਲ' ਰੇਲਗੱਡੀਆਂ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਪਰਮਦੀਪ ਸਿੰਘ ਸੈਣੀ ਸੀਨੀਅਰ ਮੰਡਲ ਵਪਾਰਕ ਪ੍ਰਬੰਧਕ, ਉੱਤਰ ਰੇਲਵੇ ਫਿਰੋਜ਼ਪੁਰ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਅੰਮ੍ਰਿਤਸਰ ਤੋਂ ਚਾਰ, ਫਿਰੋਜ਼ਪੁਰ ਕੈਂਟ ਤੋਂ ਇਕ ਤੇ ਸ੍ਰੀ ਵੈਸ਼ਨੋ ਦੇਵੀ ਕਟੜਾ ਤੋਂ ਦੋ ਵਿਸ਼ੇਸ਼ ਗੱਡੀਆਂ ਚਲਾਈਆਂ ਜਾਣਗੀਆਂ। ਗੱਡੀ ਨੰਬਰ 04610 ਅੰਮ੍ਰਿਤਸਰ-ਮਾਨਸੀ ਰਵਾਨਗੀ ਰਾਤ 20.10 ਵਜੇ, ਗੱਡੀ ਨੰਬਰ 04616 ਫਿਰੋਜ਼ਪੁਰ-ਦਾਨਾਪੁਰ ਰਵਾਨਗੀ ਦੁਪਹਿਰ 12 ਵਜੇ, ਗੱਡੀ ਨੰਬਰ 04614 ਅੰਮ੍ਰਿਤਸਰ-ਕਟਿਹਾਰ ਰਵਾਨਗੀ ਦੁਪਹਿਰ 14.15 ਵਜੇ, ਗੱਡੀ ਨੰਬਰ 05006 ਅੰਮ੍ਰਿਤਸਰ-ਬੜ੍ਹਨੀ ਰਵਾਨਗੀ ਦੁਪਹਿਰ 12.45 ਵਜੇ, ਗੱਡੀ ਨੰਬਰ 05735 ਅੰਮ੍ਰਿਤਸਰ-ਕਟਿਹਾਰ ਰਵਾਨਗੀ ਦੁਪਹਿਰ 13.25 ਵਜੇ, ਗੱਡੀ ਨੰਬਰ 04082 ਸ੍ਰੀ ਵੈਸ਼ਨੋ ਦੇਵੀ ਕਟੜਾ-ਨਵੀਂ ਦਿੱਲੀ ਰਵਾਨਗੀ ਰਾਤ 21.20 ਵਜੇ, ਗੱਡੀ ਨੰਬਰ 04604 ਸ੍ਰੀ ਵੈਸ਼ਨੋ ਦੇਵੀ ਕਟੜਾ-ਵਾਰਾਣਸੀ ਰਵਾਨਗੀ ਸ਼ਾਮ 18.15 ਵਜੇ ਚਲਾਈਆਂ ਜਾਣਗੀਆਂ। ਇਸ ਤੋਂ ਇਲਾਵਾ ਯਾਤਰੀਆਂ ਦੇ ਆਰਾਮਦਾਇਕ ਸਫ਼ਰ ਲਈ 04651/04652 ਅੰਮ੍ਰਿਤਸਰ-ਜੈਨਗਰ ਕਲੋਨ ਐਕਸਪ੍ਰੈਸ ਦੇ ਗੇੜਿਆਂ 'ਚ ਵੀ ਵਾਧਾ ਕੀਤਾ ਗਿਆ ਹੈ। ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਨੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਫ਼ਰ ਦੌਰਾਨ ਸੰਜਮ ਅਤੇ ਧੀਰਜ ਬਣਾਈ ਰੱਖਣ। ਉਨ੍ਹਾਂ ਭਰੋਸਾ ਦਿੱਤਾ ਕਿ ਰੇਲਵੇ ਵੱਲੋਂ ਪੁਖਤਾ ਇੰਤਜ਼ਾਮ ਕੀਤੇ ਗਏ ਹਨ ਤੇ ਅਧਿਕਾਰੀਆਂ ਵੱਲੋਂ ਲਗਾਤਾਰ ਸਟੇਸ਼ਨਾਂ ਦਾ ਨਿਰੀਖਣ ਕਰਕੇ ਸੁਰੱਖਿਆ ਤੇ ਸਹੂਲਤਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

### ਬਸੰਤ ਰੁੱਤ ਨਾਟਕ ਮੇਲਾ ਅੱਜ ਤੋਂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਲਾ ਕ੍ਰਿਤੀ ਪਟਿਆਲਾ ਅਤੇ ਨਟਰਾਜ ਆਰਟਸ ਥੀਏਟਰ ਪਟਿਆਲਾ ਦੇ ਸਾਂਝੇ ਯਤਨਾਂ ਨਾਲ ਉੱਤਰੀ ਖੇਤਰ ਸਭਿਆਚਾਰਕ ਕੇਂਦਰ ਪਟਿਆਲਾ (ਸਭਿਆਚਾਰਕ ਮੰਤਰਾਲਾ, ਭਾਰਤ ਸਰਕਾਰ) ਦੇ ਸਹਿਯੋਗ ਨਾਲ 2 ਦਿਨਾਂ ਬਸੰਤ ਰੁੱਤ ਦਾ ਨਾਟਕ ਮੇਲਾ 24 ਤੋਂ 25 ਫਰਵਰੀ ਤੱਕ ਕਾਲੀਦਾਸ ਆਡੀਟੋਰੀਅਮ, ਵਿਰਸਾ ਵਿਹਾਰ ਕੇਂਦਰ, ਨੇੜੇ ਭਾਸ਼ਾ ਭਵਨ ਸ਼ੇਰਾਂ ਵਾਲਾ ਗੇਟ ਪਟਿਆਲਾ ਵਿਖੇ ਆਯੋਜਤ ਕੀਤਾ ਜਾਵੇਗਾ।ਨਾਟਕ ਮੇਲੇ ਦੌਰਾਨ 24 ਫਰਵਰੀ ਨੂੰ ਪਹਿਲੇ ਦਿਨ ਕਲਾ ਕ੍ਰਿਤੀ ਪਟਿਆਲਾ ਵੱਲੋਂ ਡਾਕਟਰ ਕੁਲਦੀਪ ਸਿੰਘ ਦੀਪ ਦਾ ਲਿਖਿਆ ਪੰਜਾਬੀ ਨਾਟਕ ਛੱਲਾ ਦਾ ਮੰਚਨ ਹੋਵੇਗਾ, ਜਿਸ ਦੇ ਡਾਇਰੈਕਟਰ ਰੰਗਮੰਚ ਦੀ ਜਾਣੀ ਪਛਾਣੀ ਅਦਾਕਾਰਾ, ਨਿਰਦੇਸ਼ਕਾ ਪਰਮਿੰਦਰ ਪਾਲ ਕੌਰ ਹਨ।ਦੂਜੇ ਦਿਨ 25 ਫਰਵਰੀ ਨੂੰ ਗਧੇ ਕੀ ਬਰਾਤ ਦਾ ਮੰਚਨ ਕੀਤਾ ਜਾਵੇਗਾ, ਜਿਸ ਦੇ ਨਿਰਦੇਸ਼ਕ ਵਿਸ਼ਵ ਦੀਪਕ ਤ੍ਰਿਖਾ ਹਨ।ਹਰੀ ਭਾਈ ਵਡਗਾਵਕਰ ਦੇ ਲਿਖੇ ਇਸ ਨਾਟਕ ਨੂੰ ਹਰਿਆਣਾ ਦੇ ਰੋਹਤਕ ਤੋਂ ਸਪਤਕ ਕਲਚਰਲ ਸੋਸਾਇਟੀ ਪੇਸ਼ ਕਰੇਗੀ।ਨਾਟਕ ਮੇਲੇ ਦੇ ਡਾਇਰੈਕਟਰ ਪਰਮਿੰਦਰ ਪਾਲ ਕੌਰ ਤੇ ਗੋਪਾਲ ਸ਼ਰਮਾ ਨੇ ਸਾਰੇ ਰੰਗ ਮੰਚ ਪ੍ਰੇਮੀਆਂ ਤੇ ਦਰਸ਼ਕਾਂ ਨੂੰ ਇਸ ਨਾਟਕ ਮੇਲੇ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ।ਨਾਟਕ ਮੇਲੇ ਵਿੱਚ ਦਰਸ਼ਕਾਂ ਲਈ ਐਂਟਰੀ ਬਿਲਕੁਲ ਮੁਫ਼ਤ ਹੈ।ਇਸ ਨਾਟਕ ਮੇਲੇ ਲਈ ਦਰਸ਼ਕਾਂ ਵਾਸਤੇ ਕਿਸੇ ਪ੍ਰਕਾਰ ਦੀ ਕੋਈ ਵੀ ਟਿਕਟ ਨਹੀਂ ਹੈ।

# ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਪੰਜਾਬ 'ਚ 3 ਹਜ਼ਾਰ ਖੇਡ ਮੈਦਾਨ ਬਣਾਏ ਜਾ ਰਹੇ : ਹਰਪਾਲ ਚੀਮਾ

**ਅਮਲੋਹ (ਪ੍ਰਮੋਦ ਭਾਰਦਵਾਜ)**



ਸਵ. ਗਗਨਦੀਪ ਸਿੰਘ ਚੱਢਾ ਦੀ ਯਾਦ ਵਿੱਚ ਅਮਲੋਹ ਵਿਖੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਅਗਵਾਈ ਵਿੱਚ ਕਰਵਾਏ ਗਗਨ ਚੱਢਾ ਕਬੱਡੀ ਕੱਪ ਯਾਦਗਾਰੀ ਹੋ ਨਿੱਬੜਿਆ।ਇਸ ਮੌਕੇ ਹਜ਼ਾਰਾਂ ਦੀ ਗਿਣਤੀ ਦਰਸ਼ਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਿਹਨਾਂ ਵੱਲੋਂ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ।ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਹਰਦੀਪ ਸਿੰਘ ਮੁੰਡੀਆਂ, ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਵਿਧਾਇਕ ਦਿਨੇਸ਼ ਚੱਢਾ, ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਵਿਧਾਇਕ ਲਖਵੀਰ ਸਿੰਘ ਰਾਏ, ਵਿਧਾਇਕ ਰੁਪਿੰਦਰ ਸਿੰਘ ਹੈਪੀ, ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਗੁੰਜਨ ਚੱਢਾ ਪਤਨੀ ਸਵ. ਗਗਨਦੀਪ ਸਿੰਘ ਚੱਢਾ, ਗੁਰਪ੍ਰੀਤ ਸਿੰਘ ਜੀਪੀ ਪੰਜਾਬ ਪ੍ਰਧਾਨ ਐਸਸੀ ਵਿੰਗ, ਮਹਿੰਦਰ ਸਿੰਘ ਸਿੱਧੂ ਪੰਜਾਬ ਪ੍ਰਧਾਨ ਕਿਸਾਨ ਵਿੰਗ, ਸੁਖਜੀਤ ਸਿੰਘ ਢਿੱਲਵਾਂ ਪੰਜਾਬ ਪ੍ਰਧਾਨ ਬੀਸੀ ਵਿੰਗ, ਪਹਿਲਵਾਨ ਜਸਕੰਵਰ ਸਿੰਘ ਜੱਸਾ ਪੱਟੀ, ਗੁਰਬਿੰਦਰ ਸਿੰਘ ਰਜਿਸਟਰਾਰ, ਥਾਪਰ ਯੂਨੀਵਰਸਿਟੀ ਵਿਸ਼ੇਸ਼ ਤੌਰ 'ਤੇ ਪਹੁੰਚੇ ਜਿਹਨਾਂ ਨੂੰ ਵਿਧਾਇਕ ਗੈਰੀ ਬੜਿੰਗ ਅਤੇ ਪ੍ਰਬੰਧਕਾਂ ਵੱਲੋਂ ਜੀ ਆਇਆਂ ਆਖਿਆ ਗਿਆ ਅਤੇ ਸਨਮਾਨਤ ਕੀਤਾ। ਇਸ ਮੌਕੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅੱਜ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਵੱਲੋਂ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਆਗੂ ਸਵਰਗਵਾਸੀ ਗਗਨਦੀਪ ਚੱਡਾ ਦੀ ਯਾਦ ਵਿੱਚ ਕਬੱਡੀ ਕੱਪ ਕਰਵਾਇਆ ਗਿਆ ਹੈ। ਜੋ ਕਿ ਪਹਿਲਾਂ ਦਿੜ੍ਹਬਾ ਹਲਕੇ ਵਿੱਚ ਹੁੰਦਾ ਹੈ।ਇਸ ਵਾਰ ਇਹ ਟੂਰਨਾਮੈਂਟ ਅਮਲੋਹ ਦੇ ਵਿੱਚ ਕਰਾਇਆ ਗਿਆ ਹੈ ਕਿਉਂਕਿ ਗਗਨਦੀਪ ਸਿੰਘ ਚੱਢਾ ਗੈਰੀ ਬੜਿੰਗ ਦੇ ਕਾਫ਼ੀ ਨਜ਼ਦੀਕੀ ਸੀ।ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਵੱਲੋਂ ਖੇਡਾਂ ਨੂੰ ਪ੍ਰਫੁੱਲਤ ਕਰਨ ਦੇ ਲਈ ਵੀ ਵਿਸ਼ੇਸ਼ ਪੈਕਜ ਰੱਖੇ ਗਏ ਹਨ। ਪੰਜਾਬ ਦੇ ਵਿੱਚ 3000 ਖੇਡ ਮੈਦਾਨ ਬਣਾਏ ਜਾ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਵੱਡੇ ਬਜਟ ਰੱਖੇ ਜਾਣਗੇ, ਕਿਉਂਕਿ ਪੰਜਾਬ ਦੇ ਵਿੱਚ ਜਦੋਂ ਖੇਡਾਂ ਪ੍ਰਮੋਟ ਹੋਣਗੀਆਂ ਤਾਂ ਨਸ਼ੇ ਆਪਣੇ ਆਪ ਖਤਮ ਹੋਣਗੇ ਅਤੇ ਨਸ਼ਿਆਂ ਨੂੰ ਖਤਮ ਕਰਨ ਦਾ ਖੇਡਾਂ ਵੀ ਇੱਕ ਚੰਗਾ ਜ਼ਰੀਆ ਹੈ ਜਿਸ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਸਹਿਮਤ ਹਨ। ਉਹਨਾਂ ਅੱਗੇ ਕਿਹਾ ਕਿ ਸਾਡੇ ਜਿਹੜੇ ਖਿਡਾਰੀ ਉਲੰਪਿਕ ਖੇਡ ਕੇ ਆਏ ਸੀ ਅਸੀਂ ਉਹਨਾਂ ਨੂੰ ਡੀ ਐਸ ਪੀ ਅਤੇ ਪੀ ਸੀ ਐਸ ਭਰਤੀ ਕੀਤਾ ਤਾਂ ਕਿ ਸਾਡੇ ਬੱਚੇ ਹੋਰ ਖੇਡਾਂ ਵਿੱਚ ਭਾਗ ਲੈ ਸਕਣ।ਇਸ ਮੌਕੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਕਿਹਾ ਕਿ ਅੱਜ ਆਮ ਆਦਮੀ ਪਾਰਟੀ ਦੇ ਆਗੂ ਗਗਨਦੀਪ ਸਿੰਘ ਚੱਢਾ ਨੂੰ ਯਾਦ ਕਰਦੇ ਹੋਏ ਅੱਜ ਕਬੱਡੀ ਕੱਪ ਕਰਵਾਇਆ ਗਿਆ ਹੈ ਉਹਨਾਂ ਕਿਹਾ ਗਗਨਦੀਪ ਸਿੰਘ ਚੱਢਾ ਦਾ ਪਾਰਟੀ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ ਹੈ।ਉਹਨਾਂ ਦੀ ਯਾਦ ਵਿੱਚ ਤੀਸਰਾ ਕਬੱਡੀ ਕੱਪ ਕਰਵਾਇਆ ਗਿਆ ਹੈ ਅਤੇ ਪਹਿਲਾਂ ਦੋ ਕੱਪ ਦਿੜ੍ਹਬਾ ਹਲਕੇ ਵਿੱਚ ਕਰਵਾਏ ਗਏ ਸਨ।ਉਹਨਾਂ ਅੱਗੇ ਕਿਹਾ ਕਿ ਸਰਕਾਰ ਵੱਲੋਂ ਹਲਕਾ ਅਮਲੋਹ ਦੇ ਪਿੰਡ ਵਿੱਚ 33 ਪਲੇਅ ਗਰਾਊਂਡ ਤਿਆਰ ਹੋ ਰਹੇ ਹਨ ਜਿਹਨਾਂ ਦੀ ਲਗਭਗ 12 ਕਰੋੜ ਦੀ ਰਾਸ਼ੀ ਨਾਲ ਇਹ ਗਰਾਊਂਡ ਬਣਨਗੇ।ਇਸ ਮੌਕੇ ਮੁੱਖ ਪ੍ਰਬੰਧਕ ਚਮਕੌਰ ਚੌਧਰੀ, ਸਰਪੰਚ ਜਗਦੀਪ ਸਿੰਘ ਜਿੰਮੀ ਲਾਡਪੁਰ ਨੇ ਦੱਸਿਆ ਕਿ ਅੱਜ ਹੋਏ ਫਸਵੇਂ ਮੁਕਾਬਲਿਆਂ ਵਿੱਚ ਪਹਿਲੇ ਸਥਾਨ 'ਤੇ ਦਿਓਰਾ ਹਰਿਆਣਾ ਟੀਮ ਦੀ ਟੀਮ ਰਹੀ ਜਿਸ ਨੂੰ ਡੇਢ ਲੱਖ ਰੁਪਏ ਦੀ ਰਾਸ਼ੀ ਅਤੇ ਕਬੱਡੀ ਕੱਪ ਨਾਲ ਸਨਮਾਨਿਤ ਕੀਤਾ ਗਿਆ ਉਥੇ ਹੀ ਦੂਸਰੇ ਸਥਾਨ 'ਤੇ ਰਹੀ ਮੀਰੀ ਪੀਰੀ ਸਪੋਰਟਸ ਕਲੱਬ ਦੇਧਨਾ ਟੀਮ ਨੂੰ ਇੱਕ ਲੱਖ ਰੁਪਏ ਅਤੇ ਕੱਪ ਨਾਲ ਸਨਮਾਨਿਆ ਗਿਆ।ਇਸ ਕਬੱਡੀ ਕੱਪ ਦੇ ਬੈਸਟ ਜਾਫੀ ਸੀਲੂ ਬਲਹਾਰਾ ਹਰਿਆਣਾ ਅਤੇ ਬੈਸਟ ਰੇਡਰ ਰਵੀ ਦਿਓਰਾ ਰਹੇ ਜਿਹਨਾਂ ਨੂੰ ਸਵਿੱਫਟ ਕਾਰਾਂ ਦਿੱਤੀਆਂ ਗਈਆਂ, ਉਥੇ ਹੀ ਦਰਸ਼ਕਾਂ ਲਈ ਮੁਫ਼ਤ ਕੂਪਨ ਪਾਏ ਗਏ ਸੀ ਜਿਹਨਾਂ ਨੂੰ ਦੋ ਸਕੂਟਰੀਆ ਕੱਢੀਆਂ ਗਈਆਂ।ਇਸ ਮੌਕੇ ਸੀਨੀਅਰ ਆਗੂ ਐਡਵੋਕੇਟ ਮਨਿੰਦਰ ਸਿੰਘ ਮਨੀ ਬੜਿੰਗ, ਮੁੱਖ ਪ੍ਰਬੰਧਕ ਚਮਕੌਰ ਚੌਧਰੀ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸ਼ਿੰਗਾਰਾ ਸਿੰਘ ਸਲਾਣਾ, ਸਰਪੰਚ ਜਗਦੀਪ ਸਿੰਘ ਜਿੰਮੀ ਲਾਡਪੁਰ, ਸਰਪੰਚ ਸੰਦੀਪ ਸਾਵਰਾ, ਰਾਮਪਲ ਖੋਪੜਾ, ਐਨ ਆਰ ਆਈ ਰਵਿੰਦਰ ਸਿੰਘ, ਸਰਪੰਚ ਅਮਨਦੀਪ ਸਿੰਘ ਧਰਮਗੜ੍ਹ, ਗੋਲੂੰ ਟਿਵਾਣਾ, ਦਰਸ਼ਨ ਸਿੰਘ ਚੀਮਾ, ਓਂਕਾਰ ਸਿੰਘ ਚੌਹਾਨ, ਪ੍ਰਧਾਨ ਪਰਮਵੀਰ ਸਿੰਘ ਮਾਂਗਟ ਚੇਅਰਪਰਸਨ ਸੁਖਵਿੰਦਰ ਕੌਰ ਗਹਿਲੋਤ, ਇਕਬਾਲ ਸਿੰਘ ਰਾਏ ਅੰਨੀਆਂ, ਜਗਜੀਵਨ ਸਿੰਘ, ਕੌਂਸਲਰ ਲਵਪ੍ਰੀਤ ਸਿੰਘ ਲਵੀ, ਅਵਤਾਰ ਟੈਣੀ, ਰੋਬਿਨ ਬਤਰਾ , ਜ਼ੋਰਾਵਰ ਸਿੰਘ ਚੱਢਾ , ਗੈਰੀ ਸੰਧੂ, ਮਨਦੀਪ ਢਿੱਲੋਂ, ਦਿਲਪ੍ਰੀਤ ਸਿੰਘ, ਹਰਜਿੰਦਰ ਸਿੰਘ, ਯਾਦਵਿੰਦਰ ਸਿੰਘ ਲੱਕੀ ਭਲਵਾਨ, ਵਿੱਕੀ ਮਿੱਤਲ, ਸਰਪੰਚ ਲੱਖਾ ਦੀਵਾ, ਸਰਪੰਚ ਹਰਪ੍ਰੀਤ ਸਿੰਘ ਕੋਟਲੀ, ਕੁਲਜੀਤ ਸਿੰਘ ਨਰਾਇਣਗੜ੍ਹ, ਪ੍ਰਧਾਨ ਯਾਦਵਿੰਦਰ ਸਿੰਘ ਮਾਨਗੜ੍ਹ, ਵਨੀਤ ਸ਼ਰਮਾ, ਸਰਪੰਚ ਹਰਦੀਪ ਸਿੰਘ ਮਛਰਾਏ, ਸਾਹਿਲ ਗੁਪਤਾ, ਵਿਪੁਲ ਪੁਰੀ, ਸਰਪੰਚ ਜਸਮੇਲ ਸਿੰਘ, ਤਰਨਦੀਪ ਸਿੰਘ ਬਦੇਸ਼ਾਂ ਅਤੇ ਵੱਡੀ ਗਿਣਤੀ ਖੇਡ ਪ੍ਰੇਮੀ ਮੌਜੂਦ ਸਨ। ਇਸ ਮੌਕੇ ਸਤਪਾਲ ਖਡਿਆਲ, ਸੇਵਕ ਸ਼ੇਰਗੜ੍ਹ, ਜ਼ੈਲਦਾਰ ਘਰਾਟ, ਗੈਵੀ ਜ਼ੈਲਦਾਰ ਵੱਲੋਂ ਕਮੈਂਟਰੀ ਦੀ ਭੂਮਿਕਾ ਨਿਭਾਈ ਗਈ।

# ਭਾਜਪਾ ਦੇਸ਼ ਨੂੰ ਧਰਮ ਤੇ ਜਾਤੀਵਾਦ 'ਚ ਵੰਡਣ 'ਤੇ ਤੁਲੀ : ਕੁਲਵੰਤ ਰਾਏ ਸਿੰਗਲਾ



**ਭੀਖੀ/ਮਾਨਸਾ (ਰੀਤਵਾਲ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਇਕਾਈ ਵੱਲੋਂ ਸ਼੍ਰੀ ਹਨੂੰਮਾਨ ਮੰਦਿਰ ਵਿਖੇ ਪਾਰਟੀ ਦੇ ਨਵਨਿਯੁਕਤ ਜ਼ਿਲ੍ਹਾ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ, ਜਿਸ ਦੌਰਾਨ ਕਾਂਗਰਸੀ ਆਗੂਆਂ ਤੇ ਵਰਕਰਾਂ ਦਾ ਜਨ ਸੈਲਾਬ ਉਮੜ ਉੱਠਿਆ, ਜਿਸ ਤੋਂ ਪ੍ਰਤੀਤ ਹੁੰਦਾ ਸੀ ਕਿ 2027 ਦਾ ਸਮਾਂ ਹੁਣ ਕਾਂਗਰਸ ਪਾਰਟੀ ਦਾ ਹੈ।ਪਾਰਟੀ ਆਗੂਆਂ ਦਾ ਕਹਿਣਾ ਸੀ ਕਿ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਨੇ ਜਿੱਥੇ ਸਮੁੱਚੀ ਪਾਰਟੀ ਨੂੰ ਇਕਜੁਟ ਕਰ ਦਿੱਤਾ, ਉਥੇ ਪਾਰਟੀ ਵਰਕਰਾਂ ਵਿਚ ਨਵਾਂ ਜੋਸ਼ ਭਰ ਦਿੱਤਾ।ਉਨ੍ਹਾਂ ਜ਼ਿਲ੍ਹਾ ਪ੍ਰਧਾਨ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਇਕਜੁਟ ਹੋ ਕੇ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਵੱਡੀ ਜਿੱਤ ਦਿਵਾਉਣਗੇ। ਜ਼ਿਲ੍ਹਾ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਨੇ ਕਾਂਗਰਸੀ ਵਰਕਰਾਂ ਨੂੰ ਅਹਿਦ ਕੀਤਾ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਧੜੇਬੰਦੀ ਤੋਂ ਉੱਪਰ ਉੱਠ ਇੱਕਜੁੱਟਤਾ ਨਾਲ ਕਾਰਜ ਕਰਨ ਤਾਂ ਜੁ ਹਿੰਦੁਸਤਾਨ ਵਿੱਚ ਫਿਰਕੂ ਅਤੇ ਸੰਪਰਦਾਇਕਤਾ ਫੈਲਾ ਰਹੀ ਭਾਜਪਾ ਨੂੰ ਰੋਕਿਆ ਜਾ ਸਕੇ।

ਉਨ੍ਹਾਂ ਕਿਹਾ ਕਿ ਹਰ ਕਾਂਗਰਸੀ ਵਰਕਰ ਦੀ ਆਤਮਾ ਵਿੱਚ ਭਾਰਤ ਵਸਿਆ ਹੋਇਆ ਹੈ।ਦੇਸ਼ ਵਿਵਿਦਤਾਪੂਰਨ ਹੋਣ ਦੇ ਬਾਵਜੂਦ ਵੀ ਪੂਰਨ ਇੱਕਜੁੱਟ ਅਤੇ ਭਾਈਚਾਰਕ ਸਦਭਾਵਨਾ ਵਾਲਾ ਹੈ, ਪ੍ਰੰਤੂ ਭਾਜਪਾ ਪਿਛਲੇ 20 ਸਾਲਾਂ ਤੋਂ ਲਗਾਤਾਰ ਦੇਸ਼ ਨੂੰ ਸਮਾਜ, ਧਰਮ, ਜਾਤੀ ਤੇ ਇਲਾਕਾਵਾਦ ਵਿੱਚ ਵੰਡਣ 'ਤੇ ਤੁਲੀ ਹੋਈ ਹੈ, ਜਿਸ ਨਾਲ ਕੌਮਾਂਤਰੀ ਪੱਧਰ 'ਤੇ ਦੇਸ਼ ਦੇ ਸਨਮਾਨ ਨੂੰ ਠੇਸ ਪੁੱਜੀ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਦੀ ਆਤਮਾ ਰਾਹੁਲ ਗਾਂਧੀ ਦੇਸ਼ ਨੂੰ ਮੁੜ ਤਰੱਕੀ ਦੇ ਰਾਹ 'ਤੇ ਲਿਜਾਣ ਦੇ ਨਾਲ ਨਾਲ ਭਾਈਚਾਰਕ ਸਦਭਾਵਨਾ ਪੈਦਾ ਕਰਨ ਲਈ ਜੀਅ ਤੋੜ ਯਤਨ ਕਰ ਰਹੇ ਹਨ।

# ਪੰਡੋਰੀ ਵਿਖੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਵੱਖ-ਵੱਖ ਜਥੇਬੰਦੀਆਂ ਵੱਲੋਂ ਰੋਸ ਧਰਨਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉਪਰ ਮੁਕਤ ਵਪਾਰ ਸਮਝੌਤੇ ਅਤੇ ਕੇਂਦਰ ਸਰਕਾਰ ਦੀਆਂ ਨਵੀਆਂ ਲੋਕ ਮਾਰੂ ਨੀਤੀਆਂ ਖ਼ਿਲਾਫ਼ ਪੰਜਾਬ ਭਰ ਅੰਦਰ ਭਾਜਪਾ ਆਗੂਆਂ, ਆਪ ਸਰਕਾਰ ਦੇ ਮੰਤਰੀਆਂ, ਵਿਧਾਇਕਾਂ ਦੇ ਘਰਾਂ ਮੂਹਰੇ ਰੋਸ ਧਰਨੇ ਦੇਣ ਦੇ ਸੱਦੇ ਤਹਿਤ ਪਿੰਡ ਪੰਡੋਰੀ ਵਿਖੇ ਕਿਸਾਨਾਂ ਅਤੇ ਮਜ਼ਦੂਰਾਂ ਨੇ ਰੋਸ ਧਰਨਾ ਦੇ ਕੇ ਕੇਂਦਰ, ਰਾਜ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਆਗੂਆਂ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਮਨਰੇਗਾ ਕਾਨੂੰਨ ਦੀਆਂ ਕਟੌਤੀਆਂ, ਬਿਜਲੀ ਸੋਧ ਬਿੱਲ 2025, ਬੀਜ ਸੋਧ ਬਿੱਲ ਅਤੇ ਲੇਬਰ ਕਾਨੂੰਨਾਂ ਨੂੰ ਜਬਰੀ ਲਾਗੂ ਕਰਕੇ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਹੱਕਾਂ 'ਤੇ ਮਾਰੂ ਹਮਲਾ ਕਰ ਰਹੀ ਹੈ।

ਇਸ ਮੌਕੇ ਭਾਕਿਯੂ ਡਕੌਂਦਾ (ਧਨੇਰ) ਦੇ ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਮਾਂਗੇਵਾਲ, ਭਾਕਿਯੂ ਉਗਰਾਹਾਂ ਦੇ ਜੱਜ ਸਿੰਘ ਗਹਿਲ, ਭਾਕਿਯੂ ਡਕੌਂਦਾ ਬੁਰਜ ਗਿੱਲ ਦੇ ਅਮਰਜੀਤ ਸਿੰਘ ਮਹਿਲ ਖੁਰਦ, ਮਜ਼ਦੂਰ ਆਗੂ ਪ੍ਰੇਮ ਸਿੰਘ, ਹਰਭਜਨ ਠੀਕਰੀਵਾਲ, ਨਰਿੰਦਰ ਕੁਮਾਰ ਜਲਾਲਦੀਵਾਲ, ਟੀ ਐਸ ਯੂ ਆਗੂ ਕੁਲਵੀਰ ਸਿੰਘ ਔਲਖ ਕਿਹਾ ਕਿ ਅਮਰੀਕਾ ਨਾਲ ਹੋਣ ਵਾਲੇ ਵਪਾਰਕ ਸਮਝੌਤੇ ਦੇਸ਼ ਦੀ ਖੇਤੀਬਾੜੀ ਅਤੇ ਲੋਕਲ ਉਦਯੋਗ ਲਈ ਘਾਤਕ ਸਾਬਤ ਹੋਣਗੇ। ਉਨ੍ਹਾਂ ਕਿਹਾ ਕਿ ਜੇ ਇਹ ਸਮਝੌਤੇ ਤੁਰੰਤ ਰੱਦ ਨਾ ਕੀਤੇ ਗਏ ਤਾਂ ਸੰਯੁਕਤ ਕਿਸਾਨ ਮੋਰਚਾ ਦੇਸ਼ ਪੱਧਰ 'ਤੇ ਤਿੱਖੇ ਸੰਘਰਸ਼ ਦਾ ਐਲਾਨ ਕਰੇਗਾ। ਆਗੂਆਂ ਨ ਸੂਬਾ ਸਰਕਾਰ ਉਪਰ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ ਤੋਂ ਭੱਜ ਜਾਣ ਦਾ ਦੋਸ਼ ਲਗਾਉਂਦਿਆ ਕਿਹਾ ਕਿ ਇਸ ਦਾ ਖਮਿਆਜ਼ਾ ਆਪ ਨੂੰ ਅਗਲੇ ਦਿਨਾਂ 'ਚ ਅਵੱਛ ਭੁਗਤਣਾ ਪਵੇਗਾ। ਧਰਨੇ ਦੌਰਾਨ ਇਸਤਰੀ ਆਗੂਆਂ, ਵਰਕਰਾਂ ਨੇ ਵੀ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਦਿਆਂ ਕੇਂਦਰ ਅਤੇ ਰਾਜ ਸਰਕਾਰ ਦੀਆਂ ਮਾਰੂ ਨੀਤੀਆਂ ਦੀ ਨਿਖੇਧੀ ਕੀਤੀ। ਭੈਣ ਸੰਦੀਪ ਕੌਰ ਪੱਤੀ, ਨਵਦੀਪ ਕੌਰ, ਨਵਕਰਨ ਕੌਰ ਫਤਿਹਗੜ੍ਹ ਪੰਜ ਗਰਾਈਆਂ ਨੇ ਕਿਹਾ ਕਿ ਇਸ ਰਾਜ ਪ੍ਰਬੰਧ ਦੌਰਾਨ ਔਰਤਾਂ ਉਪਰ ਜਬਰ ਦਾ ਕੁਹਾੜਾ ਤੇਜ਼ ਹੋਇਆ ਹੈ। ਰਾਜ ਅੰਦਰ ਸਰਕਾਰ ਨਾਂਅ ਦੀ ਕੋਈ ਚੀਜ਼ ਨਹੀਂ ਹੈ। ਸ਼ਰੇਆਮ ਦਿਨ ਦਿਹਾੜੇ ਕਤਲ ਲੁੱਟਾਂਖੋਹਾਂ, ਹੱਕ ਮੰਗਦੇ ਲੋਕਾਂ ਉਪਰ ਜਬਰ ਜ਼ੁਲਮ ਇਕ ਆਮ ਗੱਲ ਬਣ ਗਈ ਹੈ। ਇਸ ਮੌਕੇ ਨਾਨਕ ਸਿੰਘ ਅਮਲਾ ਸਿੰਘ ਵਾਲਾ, ਸਤਪਾਲ ਸਿੰਘ ਸੋਹੀ, ਭਿੰਦਰ ਸਿੰਘ ਮੂੰਮ, ਪਰਮਜੀਤ ਦਰਦੀ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ ਰਾਗੀ, ਜਸਪਾਲ ਸਿੰਘ ਪੰਡੋਰੀ, ਬਲੌਰਾ ਸਿੰਘ ਮਹਿਲ ਕਲਾਂ ਆਦਿ ਆਗੂਆਂ ਨੇ ਸੰਯੁਕਤ ਕਿਸਾਨ ਮੋਰਚੇ ਵੱਲੋਂ 10 ਮਾਰਚ ਨੂੰ ਅਨਾਜ ਮੰਡੀ ਬਰਨਾਲਾ 'ਚ ਕੀਤੀ ਜਾ ਰਹੀ ਪੰਜਾਬ ਪੱਧਰੀ ਰੈਲੀ 'ਚ ਵੱਡੀ ਗਿਣਤੀ ਨਾਲ

# ਦਹੇਜ ਲੋਭੀ ਪਤੀ ਨੇ ਪਰਵਾਰ ਨਾਲ ਮਿਲ ਕੇ ਵਿਆਹੁਤਾ ਦੀ ਕੁੱਟਮਾਰ ਕੀਤੀ

## ਪਤੀ, ਸੱਸ ਤੇ ਸਹੁਰੇ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਵਿਮਨ ਸੈੱਲ ਫਿਰੋਜ਼ਪੁਰ ਦੀ ਪੁਲਸ ਨੇ ਇਕ ਵਿਆਹੁਤਾ ਨੂੰ ਦਹੇਜ ਦੀ ਮੰਗ ਨੂੰ ਲੈ ਕੇ ਕੁੱਟਮਾਰ ਕਰਕੇ ਘਰੋਂ ਕੱਢਣ ਵਾਲੇ ਉਸਦੇ ਦਹੇਜ ਲੋਭੀ ਪਤੀ, ਸੱਸ ਤੇ ਸਹੁਰੇ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਉਕਤ ਮਾਮਲੇ ਵਿਚ ਪੀੜਤ ਵਿਆਹੁਤਾ ਨੇ ਪੁਲਸ ਦੇ ਸਪੈਸ਼ਲ ਵਿੰਗ ਵਿਚ ਸ਼ਿਕਾਇਤ ਸਤੰਬਰ 2025 ਵਿਚ ਕੀਤੀ ਸੀ, ਜਿਸ 'ਤੇ ਜਾਂਚ ਕਰਨ ਤੋਂ ਬਾਅਦ ਪੁਲਸ ਨੇ ਉਕਤ ਕਾਰਵਾਈ ਕੀਤੀ ਹੈ।

ਏਐੱਸਆਈ ਹਰਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮੰਜੂ ਪਤਨੀ ਧਰਿੰਦਰ ਕੁਮਾਰ, ਪੁੱਤਰੀ ਰਾਮ ਆਧਾਰ ਵਾਸੀ ਵਾਰਡ ਨੰਬਰ 17 ਸੂਰਜ ਨਗਰ ਬਲਾਕੀ ਵਾਲਾ ਖੂਹ, ਫਿਰੋਜ਼ਪੁਰ ਸ਼ਹਿਰ ਨੇ ਦੱਸਿਆ ਕਿ ਉਸਦਾ ਵਿਆਹ ਨਵੰਬਰ 2024 ਵਿਚ ਧਰਿੰਦਰ ਕੁਮਾਰ ਪੁੱਤਰ ਪ੍ਰਕਾਸ਼ ਕੁਮਾਰ ਵਾਸੀ ਮਕਾਨ ਨੰਬਰ 4744/1, ਜ਼ੈੱਡ-6-06104 ਗਲੀ ਨੰਬਰ 26 ਪ੍ਰਤਾਪ ਨਗਰ ਜ਼ਿਲ੍ਹਾ ਬਠਿੰਡਾ ਦੇ ਨਾਲ ਹੋਇਆ ਸੀ। ਉਸਦੇ ਮਾਤਾ-ਪਿਤਾ ਨੇ ਵਿਆਹ ਸਮੇਂ ਆਪਣੀ ਹੈਸੀਅਤ ਤੋਂ ਵੱਧ ਦਹੇਜ ਦਿੱਤਾ ਸੀ, ਪਰ ਉਸਦਾ ਪਤੀ ਧਰਿੰਦਰ ਕੁਮਾਰ, ਉਸਦੀ ਸੱਸ ਬਿਮਲਾ ਰਾਣੀ ਅਤੇ ਸਹੁਰਾ ਪ੍ਰਕਾਸ਼ ਕੁਮਾਰ ਉਸ ਤੋਂ ਖੁਸ਼ ਨਹੀਂ ਸਨ ਤੇ ਉਸਨੂੰ ਹੋਰ ਦਹੇਜ ਦੀ ਮੰਗ ਨੂੰ ਲੈ ਕੇ ਪ੍ਰੇਸ਼ਾਨ ਕਰਦੇ ਸਨ। ਵਿਆਹੁਤਾ ਨੇ ਦੱਸਿਆ ਕਿ ਜਦੋਂ ਉਸਨੇ ਹੋਰ ਦਹੇਜ ਲਿਆਉਣ ਤੋਂ ਮਨਾ ਕੀਤਾ ਤਾਂ ਉਸਦੇ ਪਤੀ ਧਰਿੰਦਰ ਕੁਮਾਰ, ਸਹੁਰੇ ਪ੍ਰਕਾਸ਼ ਕੁਮਾਰ ਤੇ ਸੱਸ ਬਿਮਲਾ ਰਾਣੀ ਨੇ ਉਸਦੀ ਕੁੱਟਮਾਰ ਕੀਤੀ ਅਤੇ ਉਸਨੂੰ ਘਰੋਂ ਕੱਢ ਦਿੱਤਾ। ਮਾਮਲੇ ਦੀ ਜਾਂਚ ਕਰ ਰਹੇ ਹਰਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਵਿਆਹੁਤਾ ਦੇ ਬਿਆਨਾਂ 'ਤੇ ਸਾਰੇ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸ਼ਹੀਦ ਬਾਬਾ ਤੇਗਾ ਸਿੰਘ ਤੇ ਸੰਤ ਬਾਬਾ ਨਛੱਤਰ ਸਿੰਘ ਦੀ ਯਾਦ 'ਚ ਅੱਖਾਂ ਦਾ ਮੁਫ਼ਤ ਕੈਂਪ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹੀਦ ਬਾਬਾ ਤੇਗਾ ਸਿੰਘ ਜੀ ਅਤੇ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਮਨਾਏ ਜਾ ਰਹੇ ਸ਼ਹੀਦੀ ਜੋੜ ਮੇਲੇ ਦੇ ਸਬੰਧ ਵਿਚ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਵਿਖੇ ਅੱਖਾਂ ਦਾ ਵਿਸ਼ਾਲ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ ਅਤੇ 300 ਮਰੀਜ਼ਾਂ ਦੀ ਮਾਹਰ ਡਾਕਟਰਾਂ ਵੱਲੋਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ 28 ਮਰੀਜ਼ ਲੈਨਜ਼ ਲਈ ਚੁਣੇ ਗਏ। ਇਹ ਕੈਂਪ ਲੁਧਿਆਣਾ ਦੇ ਪ੍ਰਸਿੱਧ ਸ਼ੰਕਰਾ ਹਸਪਤਾਲ ਦੇ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਲਗਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਇਲਾਕੇ ਦੇ ਲੋਕਾਂ ਨੇ ਆਪਣੀਆਂ ਅੱਖਾਂ ਦੀ ਜਾਂਚ ਕਰਵਾਈ। ਕੈਂਪ ਦਾ ਉਦਘਾਟਨ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਅਰਦਾਸ ਕਰ ਕੇ ਕੀਤਾ ਗਿਆ। ਇਸ ਮੌਕੇ ਬਾਬਾ ਜੀ ਨੇ ਡਾਕਟਰੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸੇਵਾ ਕਾਰਜ ਮਨੁੱਖਤਾ ਦੀ ਭਲਾਈ ਲਈ ਬਹੁਤ ਹੀ ਮਹੱਤਵਪੂਰਨ ਹਨ। ਕੈਂਪ ਦੌਰਾਨ ਮਾਹਰ ਡਾਕਟਰਾਂ ਨੇ ਆਧੁਨਿਕ ਮਸ਼ੀਨਾਂ ਰਾਹੀਂ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ, ਜਿਨ੍ਹਾਂ ਲੋੜਵੰਦਾਂ ਨੂੰ ਐਨਕਾਂ ਅਤੇ ਦਵਾਈਆਂ ਦੀ ਲੋੜ ਸੀ, ਗੁਰੂ ਘਰ ਵੱਲੋਂ ਉਨ੍ਹਾਂ ਨੂੰ ਐਨਕਾਂ ਅਤੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ, ਡਾਕਟਰਾਂ ਵੱਲੋਂ ਕੈਂਪ ਦੌਰਾਨ ਪੁੱਜੇ ਲੋਕਾਂ ਨੂੰ ਜਿਥੇ ਅੱਖਾਂ ਦੀ ਸੰਭਾਲ ਸਬੰਧੀ ਜਾਗਰੂਕ ਕੀਤਾ ਉਥੇ ਹੀ ਸਮੇਂ-ਸਮੇਂ 'ਤੇ ਅੱਖਾਂ ਜਾਂਚ ਕਰਵਾਉਣ ਦੀ ਸਲਾਹ ਵੀ ਦਿੱਤੀ। ਸੰਤ ਬਾਬਾ ਗੁਰਦੀਪ ਸਿੰਘ ਨੇ ਸੰਗਤਾਂ ਦੇ ਸਨਮੁਖ ਹੁੰਦਿਆਂ ਕਿਹਾ ਕਿ ਨੇਤਰ ਪਰਮਾਤਮਾ ਵੱਲੋਂ ਬਖਸ਼ੀ ਹੋਈ ਅਜਿਹੀ ਨਿਹਮਤ ਹੈ ਜਿਸ ਨਾਲ ਅਸੀਂ ਸਮੁੱਚੇ ਲੁਕਾਈ ਨੂੰ ਦੇਖ ਸਕਦੇ ਹਾਂ। ਜੇਕਰ ਅੱਖਾਂ ਅੱਖਾਂ ਦੀ ਜੋਤ ਮੱਧਮ ਹੋਣੀ ਸ਼ੁਰੂ ਹੋ ਜਾਵੇ ਤਾਂ ਮਨੁੱਖ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਜਿੱਥੇ ਚੰਗੀ ਖੁਰਾਕ ਖਾਣੀ ਚਾਹੀਦੀ ਹੈ ਉਥੇ ਹੀ ਸਮੇਂ ਸਮੇਂ ਤੇ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।ਇਸ ਕੈਂਪ ਦੌਰਾਨ ਬਾਬਾ ਗੁਰਦੀਪ ਸਿੰਘ ਵੱਲੋਂ ਜਿੱਥੇ ਆਏ ਹੋਏ ਡਾਕਟਰਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ ਉਥੇ ਹੀ ਭਰੋਸਾ ਦਵਾਇਆ ਕਿ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਜੀ ਵੱਲੋਂ ਕੀਤੇ ਹੋਏ ਸਮਾਜ ਸੇਵਾ ਦੇ ਕਾਰਜ ਨਿਰੰਤਰ ਜਾਰੀ ਰਹਿਣਗੇ।ਉਹਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਵਿਖੇ ਸ਼ਹੀਦ ਬਾਬਾ ਤੇਗਾ ਸਿੰਘ ਜੀ ਅਤੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਚੰਦ ਪੁਰਾਣਾ ਵਾਲਿਆਂ ਦੇ ਵਾਲਿਆਂ ਦੀ ਨਿੱਘੀ ਯਾਦ ਨੂੰ ਸਮਰਪਤ ਜੋੜ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ ਚੇਅਰਮੈਨ ਜਿਲਾ ਪਰਿਸ਼ਦ, ਦਰਸ਼ਨ ਸਿੰਘ ਡਰੋਲੀ ਭਾਈ, ਅਜਮੇਰ ਸਿੰਘ, ਬਿੱਲੂ ਸਿੰਘ ਚੰਦ ਪੁਰਾਣਾ, ਹਰਜਿੰਦਰ ਸਿੰਘ, ਭਜਨ ਸਿੰਘ ਕਾਲੇਕੇ, ਡਾਕਟਰ ਅਵਤਾਰ ਸਿੰਘ, ਦਲੇਰ ਸਿੰਘ, ਚਮਕੌਰ ਸਿੰਘ ਚੰਦ ਪੁਰਾਣਾ, ਰਾਜਵਿੰਦਰ ਸਿੰਘ, ਏ.ਐਸ.ਆਈ ਕੁਲਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੇਵਾਦਾਰ ਹਾਜ਼ਰ ਸਨ।

# ਸਾਹਿਤ, ਸੱਭਿਆਚਾਰ ਤੇ ਸਮਾਜ ਵਿਸ਼ੇ 'ਤੇ ਵਰਕਸ਼ਾਪ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਨੇ ਸਾਹਿਤ, ਸੱਭਿਆਚਾਰ ਤੇ ਸਮਾਜ ਵਿਸ਼ੇ ਉੱਤੇ ਇੱਕ ਹਫ਼ਤੇ ਦੀ ਅੰਤਰ-ਅਨੁਸ਼ਾਸਨਕ ਵਰਕਸ਼ਾਪ ਦਾ ਆਯੋਜਨ ਕੀਤਾ।ਇਹ ਵਰਕਸ਼ਾਪ 16 ਤੋਂ 20 ਫਰਵਰੀ ਤੱਕ ਚੱਲੀ।ਇਸ ਵਰਕਸ਼ਾਪ ਦਾ ਆਯੋਜਨ ਵਾਈਸ ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਅਤੇ ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਦੀ ਅਗਵਾਈ ਹੇਠ ਕੀਤਾ ਗਿਆ ਸੀ। ਵਰਕਸ਼ਾਪ ਦੀ ਸ਼ੁਰੂਆਤ ਡਾ. ਅੰਕਦੀਪ ਕੌਰ ਅਟਵਾਲ, ਐਸੋਸੀਏਟ ਪ੍ਰੋਫੈਸਰ ਤੇ ਅੰਗਰੇਜ਼ੀ ਵਿਭਾਗ ਦੀ ਮੁਖੀ ਵੱਲੋਂ ਦਿੱਤੇ ਗਏ ਬੁੱਧੀਜੀਵੀ ਉਦਘਾਟਨੀ ਭਾਸ਼ਣ ਨਾਲ ਹੋਈ।ਉਨ੍ਹਾਂ ਨੇ ਸਾਹਿਤਕ ਅਧਿਐਨ ਵਿੱਚ ਅੰਤਰ-ਅਨੁਸ਼ਾਸਨਕ ਸੰਵਾਦ ਵਿਸ਼ੇ ਉੱਤੇ ਚਰਚਾ ਕੀਤੀ ਤੇ ਸਾਹਿਤਕ ਅਧਿਐਨ ਦੇ ਗਤੀਸ਼ੀਲ ਵਿਕਾਸ ਤੇ ਖੇਤੀਬਾੜੀ, ਜ਼ੂਲੋਜੀ, ਬਾਟਨੀ, ਧਰਮ ਅਧਿਐਨ ਅਤੇ ਸੱਭਿਆਚਾਰਕ ਅਧਿਐਨ ਵਰਗੇ ਵਿਸ਼ਿਆਂ ਨਾਲ ਡੂੰਘੇ ਸੰਬੰਧਾਂ ਬਾਰੇ ਜ਼ੋਰ ਦਿੱਤਾ।ਦੂਜੇ ਦਿਨ, ਧਰਮ ਅਧਿਐਨ ਵਿਭਾਗ ਦੇ ਡੀਨ ਅਤੇ ਐਸੋਸੀਏਟ ਪ੍ਰੋਫੈਸਰ ਡਾ. ਹਰਦੇਵ ਸਿੰਘ ਨੇ ਧਰਮ, ਸੱਭਿਆਚਾਰ ਅਤੇ ਸਾਹਿਤਕ ਪ੍ਰੰਪਰਾਵਾਂ ਵਿਚਕਾਰ ਗੁੰਝਲਦਾਰ ਸੰਬੰਧਾਂ ਬਾਰੇ ਵਿਚਾਰਪੂਰਨ ਭਾਸ਼ਣ ਦਿੱਤਾ।

ਤੀਜੇ ਦਿਨ ਜ਼ੂਲੋਜੀ ਵਿਭਾਗ ਦੀ ਅਸਿਸਟੈਂਟ ਪ੍ਰੋਫੈਸਰ ਡਾ. ਮੋਨਿਕਾ ਏਰੀ ਨੇ ਈਕੋਲੋਜੀ, ਕੁਦਰਤ ਅਤੇ ਸਾਹਿਤ ਵਿਸ਼ੇ ਉੱਤੇ ਰਸਭਰੀ ਸੈਸ਼ਨ ਕੀਤਾ, ਜਿਸ ਨੇ ਵਾਤਾਵਰਨਕ ਜਾਗਰੂਕਤਾ ਨੂੰ ਸਾਹਿਤਕ ਵਿਆਖਿਆ ਅਤੇ ਵਿਸ਼ਲੇਸ਼ਣ ਨਾਲ ਜੋੜਿਆ।ਚੌਥੇ ਦਿਨ ਖੇਤੀਬਾੜੀ ਵਿਭਾਗ ਦੀ ਮੁਖੀ ਡਾ. ਜਸਪ੍ਰੀਤ ਕੌਰ ਨੇ ਕਿਸਾਨ ਸਮਾਜ ਤੇ ਸਾਹਿਤ ਵਿੱਚ ਸੱਭਿਆਚਾਰਕ ਨੁਮਾਇਸ਼ ਬਾਰੇ ਚਰਚਾ ਕੀਤੀ।ਉਨ੍ਹਾਂ ਪੇਂਡੂ ਜੀਵਨ, ਮਜ਼ਦੂਰੀ ਤੇ ਕਿਸਾਨੀ ਹਕੀਕਤਾਂ ਦੇ ਸੱਭਿਆਚਾਰਕ ਕਥਾਵਾਂ ਵਿੱਚ ਪ੍ਰਭਾਵ ਬਾਰੇ ਮਹੱਤਵਪੂਰਨ ਨਜ਼ਰੀਏ ਪੇਸ਼ ਕੀਤੇ।ਵਰਕਸ਼ਾਪ ਦਾ ਸਮਾਪਨ ਸੋਸ਼ੀਓਲੋਜੀ ਵਿਭਾਗ ਦੀ ਮੁਖੀ ਡਾ. ਨਵ ਸ਼ਗਨਦੀਪ ਕੌਰ ਵੱਲੋਂ ਭੋਜਨ ਸੱਭਿਆਚਾਰ ਤੇ ਸਾਹਿਤ ਵਿਸ਼ੇ ਉੱਤੇ ਦਿੱਤੇ ਗਏ ਗਿਆਨਵਰਧਕ ਭਾਸ਼ਣ ਨਾਲ ਹੋਇਆ।ਉਨ੍ਹਾਂ ਨੇ ਭੋਜਨ ਨੂੰ ਸਿਰਫ਼ ਜੀਵਨ-ਯਾਪਨ ਦਾ ਸਾਧਨ ਨਹੀਂ ਸਗੋਂ ਪਛਾਣ, ਯਾਦਾਂ, ਵਰਗ ਤੇ ਸੱਭਿਆਚਾਰ ਦਾ ਸ਼ਕਤੀਸ਼ਾਲੀ ਸੰਕੇਤ ਵਜੋਂ ਸਾਹਿਤਕ ਕਥਾਵਾਂ ਵਿੱਚ ਵਿਆਖਿਆ ਕੀਤਾ।ਡਾ. ਹਰਦੇਵ ਸਿੰਘ, ਡਾ. ਨਵ ਸ਼ਗਨ ਦੀਪ ਕੌਰ, ਡਾ. ਜਸਪ੍ਰੀਤ ਕੌਰ ਤੇ ਡਾ. ਮੋਨਿਕਾ ਏਰੀ ਨੂੰ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਅਤੇ ਰਜਿਸਟਰਾਰ ਖਾਲਸਾ ਯੂਨੀਵਰਸਿਟੀ ਅੰਮ੍ਰਿਤਸਰ ਡਾ. ਖੁਸ਼ਵਿੰਦਰ ਕੁਮਾਰ ਵੱਲੋਂ ਸਨਮਾਨਤ ਕੀਤਾ ਗਿਆ।ਉਨ੍ਹਾਂ ਨੇ ਵਿਭਾਗ ਦੇ ਅੰਤਰ-ਅਨੁਸ਼ਾਸਨਕ ਸਹਿਯੋਗ, ਵਿਦਿਅਕ ਉੱਤਮਤਾ ਤੇ ਸੰਪੂਰਨ ਸਿੱਖਿਆ ਅਨੁਭਵ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ।

ਅੰਗਰੇਜ਼ੀ ਵਿਭਾਗ ਦੀ ਮੁਖੀ ਡਾ. ਅੰਕਦੀਪ ਕੌਰ ਅਟਵਾਲ ਨੇ ਵਰਕਸ਼ਾਪ ਦੇ ਸਫਲ ਆਯੋਜਨ ਲਈ ਅਸਿਸਟੈਂਟ ਪ੍ਰੋਫੈਸਰਾਂ ਮੈਡਮ ਜਸਪ੍ਰੀਤ ਕੌਰ ਅਤੇ ਡਾ. ਬਲਜੀਤ ਕੌਰ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਸਫਲਤਾ ਨੇ ਵਿਭਾਗ ਦੀ ਅੰਤਰ-ਅਨੁਸ਼ਾਸਨਕ ਪਹੁੰਚ ਨੂੰ ਉਤਸ਼ਾਹਤ ਕਰਨ ਅਤੇ ਸਾਹਿਤਕ ਵਿਦਵਤਾ ਨੂੰ ਅਰਥਪੂਰਨ ਵਿਦਿਅਕ ਆਦਾਨ-ਪ੍ਰਦਾਨ ਰਾਹੀਂ ਅਮੀਰ ਬਣਾਉਣ ਦੀ ਅਟੱਲ ਵਚਨਬੱਧਤਾ ਨੂੰ ਦਰਸਾਇਆ ਹੈ।

# ਕਿਰਨ ਮਹੰਤ ਵੱਲੋਂ ਲੋੜਵੰਦ ਧੀਆਂ ਦੇ ਸਮੂਹਿਕ ਵਿਆਹ 26 ਨੂੰ

## ਮੁੱਖ ਮੰਤਰੀ ਦੀ ਧਰਮ ਪਤਨੀ ਡਾ.ਗੁਰਪ੍ਰੀਤ ਕੌਰ ਪਹੁੰਚਣਗੇ



**ਹਠੂਰ (ਨਛੱਤਰ ਸੰਧੂ)**-ਇਥੋਂ ਨੇੜਲੇ ਕਸਬੇ ਵਿਖੇ 26 ਫਰਵਰੀ ਨੂੰ ਇਲਾਕੇ ਦੇ ਪ੍ਰਸਿੱਧ ਸਮਾਜ ਸੇਵੀ ਕਿਰਨ ਸਿੱਧੂ ਵੱਲੋਂ ਆਪਣੇ ਗੁਰੂ ਗੁਲਾਬੋ ਮਹੰਤ ਦੀ ਨਿੱਘੀ ਯਾਦ ਨੂੰ ਸਮਰਪਿਤ ਅਠਾਰਾਂ ਲੋੜਵੰਦ ਧੀਆਂ ਦੇ ਸਮੂਹਿਕ ਵਿਆਹ ਕਰਵਾਏ ਜਾ ਰਹੇ ਹਨ। ਸਵੇਰੇ ਸ੍ਰੀ ਗੁਰਦੁਆਰਾ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਵਿਖੇ ਧੀਆਂ ਦੇ ਆਨੰਦ ਕਾਰਜ ਪੂਰੇ ਸਿੱਖ ਰੀਤ-ਰਿਵਾਜਾਂ ਅਨੁਸਾਰ ਕਰਵਾਏ ਜਾਣਗੇ। ਮਹੰਤ ਕਿਰਨ ਸਿੱਧੂ ਨੇ ਦੱਸਿਆ ਕਿ ਹਰ ਇਕ ਧੀ ਨੂੰ ਘਰੇਲੂ ਸਾਮਾਨ ਤੋਂ ਲੈ ਕੇ ਫਰਨੀਚਰ, ਬਿਸਤਰੇ, ਬਰਤਨ ਅਤੇ ਰੋਜ਼ਾਨਾ ਦੀ ਲੋੜ ਦੀ ਹਰ ਵਸਤੂ ਭੇਟ ਕੀਤੀ ਜਾਵੇਗੀ। ਇਸ ਤੋਂ ਇਲਾਵਾ ਲੜਕੀਆਂ ਲਈ ਸੋਨੇ ਦੀਆਂ ਬਾਲੀਆਂ ਅਤੇ ਲੜਕਿਆਂ ਲਈ ਰਿੰਗਾਂ ਵੀ ਦਿੱਤੀਆਂ ਜਾਣਗੀਆਂ।

ਆਨੰਦ ਕਾਰਜਾਂ ਤੋਂ ਬਾਅਦ ਅਨਾਜ ਮੰਡੀ ਮਹਿਲ ਕਲਾਂ ਵਿੱਚ ਵਿਸ਼ਾਲ ਸੱਭਿਆਚਾਰਕ ਮੇਲਾ ਸਜਾਇਆ ਜਾਵੇਗਾ। ਸਵੇਰੇ 11 ਵਜੇ ਤੋਂ ਪੰਜਾਬੀ ਸੱਭਿਆਚਾਰ ਦੀ ਰੌਣਕ ਵਿੱਚ ਖੁੱਲ੍ਹਾ ਅਖਾੜਾ ਲੱਗੇਗਾ, ਜਿਸ ਵਿੱਚ ਪ੍ਰਸਿੱਧ ਗਾਇਕ ਆਰ ਨੇਤ ਏ -ਜੈ ਖਾਨ ਆਪਣੀ ਗਾਇਕੀ ਨਾਲ ਹਾਜ਼ਰੀਨ ਨੂੰ ਮੋਹ ਲੈਣਗੇ। ਇਸ ਮਹਾਨ ਸਮਾਗਮ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਧਰਮਪਤਨੀ ਡਾ. ਗੁਰਪ੍ਰੀਤ ਕੌਰ ਮਾਨ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਵੱਖ-ਵੱਖ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂ ਵੀ ਹਾਜ਼ਰੀ ਲਗਵਾਉਣਗੇ।ਮਹੰਤ ਕਿਰਨ ਸਿੱਧੂ ਨੇ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਇਸ ਯੱਗ ਸਮਾਨ ਪਵਿੱਤਰ ਕਾਰਜ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਕੇ ਧੀਆਂ ਨੂੰ ਆਪਣੀ ਅਸੀਸ ਅਤੇ ਸਹਿਯੋਗ ਦੇਣ।ਇਸ ਮੌਕੇ ਸਮਾਜ ਵਿੱਚ ਵਿਲੱਖਣ ਸਥਾਨ ਰੱਖਣ ਵਾਲੇ ਸਮਾਜ ਸੇਵੀਆਂ ਅਤੇ ਧਾਰਮਿਕ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਜਾਵੇਗਾ।

# ਮੋਗਾ-ਕੋਟਕਪੂਰਾ ਹਾਈਵੇਅ ਦੇ ਨਵ-ਨਿਰਮਾਣ ਦੀ ਸ਼ੁਰੂਆਤ ਨਾਲ ਖ਼ੁਸ਼ੀ ਦੀ ਲਹਿਰ

**ਬਾਘਾ ਪੁਰਾਣਾ (ਮਨੀ ਸਿੰਗਲਾ)**



ਮੋਗਾ-ਕੋਟਕਪੂਰਾ ਹਾਈਵੇ ਦੇ ਨਵ ਨਿਰਮਾਣ ਕੰਮ ਦੀ ਸ਼ੁਰੂਆਤ ਹੋਣ ਨਾਲ ਇਲਾਕੇ ਦੇ ਵਾਸੀਆਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ।ਕਾਫੀ ਸਮੇਂ ਤੋਂ ਟੁੱਟੀ-ਫੁੱਟੀ ਸੜਕ ਅਤੇ ਵੱਡੇ ਖੱਡਿਆਂ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਹੁਣ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੇ ਯਤਨਾਂ ਸਦਕਾ ਸੜਕ ਦੇ ਨਵ ਨਿਰਮਾਣ ਦਾ ਕੰਮ ਸ਼ੁਰੂ ਹੋ ਗਿਆ ਹੈ, ਜਿਸ ਨਾਲ ਇਸ ਰਸਤੇ ਆਵਾਜਾਈ ਕਰਨ ਵਾਲੇ ਹਜ਼ਾਰਾਂ ਲੋਕਾਂ ਨੂੰ ਵੱਡੀ ਰਾਹਤ ਮਿਲਣ ਦੀ ਉਮੀਦ ਜਤਾਈ ਜਾ ਰਹੀ ਹੈ।ਜ਼ਿਕਰਯੋਗ ਹੈ ਕਿ ਬੀਤੇ ਸਮੇਂ ਦੌਰਾਨ ਵਿਧਾਇਕ ਸੁਖਾਨੰਦ ਦੀ ਕੋਸ਼ਿਸ਼ਾਂ ਨਾਲ ਪਿੰਡ ਚੰਦ ਪੁਰਾਣਾ ਵਿਖੇ ਸਥਿਤ ਟੋਲ ਪਲਾਜਾ ਨੂੰ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੰਦ ਕਰਾਇਆ ਗਿਆ ਸੀ।ਟੋਲ ਪਲਾਜਾ ਬੰਦ ਹੋਣ ਨਾਲ ਇਸ ਰਸਤੇ ਲੰਘਣ ਵਾਲੇ ਰੋਜ਼ਾਨਾ ਦੇ ਯਾਤਰੀਆਂ, ਕਿਸਾਨਾਂ ਤੇ ਵਪਾਰੀਆਂ ਨੂੰ ਟੋਲ ਟੈਕਸ ਤੋਂ ਰਾਹਤ ਮਿਲੀ ਸੀ।ਇਸ ਕਦਮ ਦਾ ਇਲਾਕਾ ਵਾਸੀਆਂ ਵੱਲੋਂ ਭਰਪੂਰ ਸਵਾਗਤ ਕੀਤਾ ਗਿਆ ਸੀ। ਹੁਣ ਮੋਗਾ-ਕੋਟਕਪੂਰਾ ਹਾਈਵੇ ਦੇ ਨਵ ਨਿਰਮਾਣ ਨਾਲ ਲੋਕਾਂ ਦੀ ਇਕ ਹੋਰ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਪੂਰੀ ਹੋਣ ਜਾ ਰਹੀ ਹੈ।ਸੜਕ ਕਈ ਥਾਵਾਂ ਤੋਂ ਬਹੁਤ ਜ਼ਿਆਦਾ ਖਰਾਬ ਹੋ ਚੁੱਕੀ ਸੀ। ਡੂੰਘੇ ਖੱਡਿਆਂ ਕਾਰਨ ਨਾ ਸਿਰਫ ਵਾਹਨਾਂ ਨੂੰ ਨੁਕਸਾਨ ਪਹੁੰਚ ਰਿਹਾ ਸੀ, ਸਗੋਂ ਹਾਦਸਿਆਂ ਦਾ ਖ਼ਤਰਾ ਵੀ ਵਧ ਗਿਆ ਸੀ।ਬਾਰਿਸ਼ ਦੇ ਦਿਨਾਂ ਵਿਚ ਸਥਿਤੀ ਹੋਰ ਵੀ ਖ਼ਰਾਬ ਹੋ ਜਾਂਦੀ ਸੀ ਤੇ ਲੋਕਾਂ ਨੂੰ ਘੰਟਿਆਂ ਜਾਮ ਵਿਚ ਫਸਣਾ ਪੈਂਦਾ ਸੀ।ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਦੱਸਿਆ ਕਿ ਇਸ ਸੜਕ ਦੇ ਨਿਰਮਾਣ ਲਈ ਕਰੋੜਾਂ ਰੁਪਏ ਮਨਜ਼ੂਰ ਕਰਾਏ ਗਏ ਹਨ ਅਤੇ ਕੰਮ ਤੁਰੰਤ ਪ੍ਰਭਾਵ ਨਾਲ ਸ਼ੁਰੂ ਕਰਾ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਲੋਕਾਂ ਨੂੰ ਬਿਹਤਰ ਸੜਕ ਸੁਵਿਧਾਵਾਂ ਮੁਹੱਈਆ ਕਰਾਉਣਾ ਹੈ ਤਾਂ ਜੋ ਆਵਾਜਾਈ ਸੁਚਾਰੂ ਢੰਗ ਨਾਲ ਹੋ ਸਕੇ।ਉਨ੍ਹਾਂ ਕਿਹਾ ਕਿ ਬਾਘਾ ਪੁਰਾਣਾ ਸ਼ਹਿਰ ਦਾ ਮੋਗਾ ਰੋਡ 'ਤੇ ਸਥਿਤ ਕਰੀਬ 2-3 ਕਿਲੋਮੀਟਰ ਦਾ ਟੋਟਾ, ਜੋ ਕਾਫੀ ਨੀਵਾਂ ਸੀ, ਬਾਰਿਸ਼ ਦੌਰਾਨ ਪਾਣੀ ਖੜ ਜਾਣ ਕਾਰਨ ਲੋਕਾਂ ਲਈ ਵੱਡੀ ਸਮੱਸਿਆ ਬਣ ਜਾਂਦਾ ਸੀ।ਹੁਣ ਇਸ ਹਿੱਸੇ ਨੂੰ ਉੱਚਾ ਕਰ ਕੇ ਨਵੀਂ ਤਕਨੀਕ ਨਾਲ ਤਿਆਰ ਕੀਤਾ ਜਾਵੇਗਾ ਤਾਂ ਜੁ ਭਵਿੱਖ ਵਿੱਚ ਪਾਣੀ ਖੜਨ ਦੀ ਸਮੱਸਿਆ ਨਾ ਆਵੇ।ਇਲਾਕਾ ਵਾਸੀਆਂ ਨੇ ਵੀ ਸਰਕਾਰ ਦੇ ਇਸ ਕਦਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਲੰਮੇ ਸਮੇਂ ਤੋਂ ਉਹ ਇਸ ਸੜਕ ਦੀ ਮੁਰੰਮਤ ਅਤੇ ਨਵ ਨਿਰਮਾਣ ਦੀ ਉਡੀਕ ਕਰ ਰਹੇ ਸਨ।ਵਪਾਰੀ ਵਰਗ ਦਾ ਕਹਿਣਾ ਹੈ ਕਿ ਚੰਗੀ ਸੜਕ ਨਾਲ ਵਪਾਰ ਨੂੰ ਵੀ ਬਲ ਮਿਲੇਗਾ ਤੇ ਆਵਾਜਾਈ ਦੇ ਖਰਚੇ ਘਟਣਗੇ।ਵਿਧਾਇਕ ਸੁਖਾਨੰਦ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਹੀ ਇਹ ਵਿਕਾਸ ਕਾਰਜ ਸੰਭਵ ਹੋ ਸਕਿਆ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਹਲਕੇ ਦੇ ਹੋਰ ਵਿਕਾਸੀ ਪ੍ਰਾਜੈਕਟ ਵੀ ਜਲਦੀ ਸ਼ੁਰੂ ਕੀਤੇ ਜਾਣਗੇ ਤੇ ਲੋਕਾਂ ਨੂੰ ਮੁੱਢਲੀਆਂ ਸੁਵਿਧਾਵਾਂ ਪ੍ਰਦਾਨ ਕਰਨ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।

# ਪੀ ਡਬਲਿਯੂ ਡੀ ਜਲ ਸਪਲਾਈ ਕਮੇਟੀ ਦੀ ਕੈਬਨਿਟ ਮੰਤਰੀ ਨਾਲ ਮੀਟਿੰਗ



**ਮੋਰਿੰਡਾ (ਨਿਹਾਲ ਸਿੰਘ ਕਲਸੀ)**

ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਰੈਗੂਲਰ ਦਰਜਾ ਤਿੰਨ ਤੇ ਚਾਰ, ਇਨਲਿਸਟਮੈਂਟ, ਆਊਟਸੋਰਸਿੰਗ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਸਬੰਧੀ ਵੱਖ-ਵੱਖ ਜਥੇਬੰਦੀਆਂ ਦੇ ਅਧਾਰਤ ਪੀ.ਡਬਲਿਊ.ਡੀ ਜਲ ਸਪਲਾਈ ਅਤੇ ਸੈਨੀਟੇਸ਼ਨ ਤਾਲਮੇਲ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ ਵਿਭਾਗ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨਾਲ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤਾਲਮੇਲ ਸੰਘਰਸ਼ ਕਮੇਟੀ ਪੰਜਾਬ ਦੇ ਕਨਵੀਨਰ ਮਲਾਗਰ ਸਿੰਘ ਖਮਾਣੋਂ ਨੇ ਦੱਸਿਆ ਕਿ ਇਨਲਿਸਟੀਮੈਂਟ ਅਤੇ ਆਊਟਸੋਰਸਿੰਗ ਕਾਮਿਆਂ ਨੂੰ ਵਿਭਾਗ ਵਿੱਚ ਸ਼ਾਮਿਲ ਕਰਕੇ ਰੈਗੂਲਰ ਕਰਨਾ, ਟੈਸਟ ਪਾਸ ਦਰਜਾ ਚਾਰ ਮੁਲਾਜ਼ਮਾਂ ਨੂੰ ਦਰਜਾ ਤਿੰਨ ਦੀਆਂ ਖ਼ਾਲੀ ਪੋਸਟਾਂ ਤੇ ਪ੍ਰਮੋਟ ਕਰਨਾ, ਜਲ ਸਪਲਾਈ ਸਕੀਮਾਂ ਦੇ ਪੰਚਾਇਤੀਕਰਨ ਦੀ ਨੀਤੀ ਰੱਦ ਕਰਨਾ, ਮੌਤ ਹੋ ਚੁੱਕੇ ਮੁਲਾਜ਼ਮਾਂ ਦੇ ਵਾਰਸਾਂ ਨੂੰ ਨੌਕਰੀਆਂ ਦੇਣਾ, ਮਾਰਚ 2021 ਦੇ ਨਿਯਮਾਂ ਵਿੱਚ ਮੁਲਾਜ਼ਮ ਪੱਖੀ ਸੋਧਾਂ ਕਰਨਾ, ਆਈ ਓ ਟੀ ਸਕੌਡਾ ਪ੍ਰਜੋਕਟਾ ਦੇ ਭ੍ਰਿਸ਼ਟਾਚਾਰ ਦੀ ਜਾਂਚ ਕਰਨਾ, ਪ੍ਰਮੋਸ਼ਨ ਨੀਤੀ ਬਣਾਉਣਾ, 58 ਸਾਲਾਂ ਇਨਲਿਸਟਮੈਂਟ ਆਊਟਸੋਰਸਿੰਗ ਕਾਮਿਆ ਦੀ ਛਾਂਟੀ ਨਾ ਕਰਨ, ਵਿਭਾਗੀ ਪ੍ਰੋਪੋਜ਼ਲ ਸਬੰਧੀ ਜੱਥੇਬੰਦੀਆ ਦੀ ਸਹਿਮਤੀ ਲੈਣ ਅਤੇ ਵਿਭਾਗ ਨੂੰ ਹੋਰ ਉਸਾਰੂ ਕਰਨ ਲਈ ਸੰਘਰਸ਼ ਕਮੇਟੀ ਦੇ ਸੁਝਾਵਾਂ ਨੂੰ ਲਾਗੂ ਕਰਨਾ, ਹਰ ਫੀਲਡ ਮੁਲਾਜ਼ਮ ਨੂੰ ਘੱਟੋ ਘੱਟ ਇੱਕ ਪ੍ਰਮੋਸ਼ਨ ਦੇਣਾ ਸਮੇਤ ਸਕੀਮਾਂ ਦੀ ਖਸਤਾ ਹਾਲਤ ਸੰਬੰਧੀ ਮੰਗਾਂ ਬਾਰੇ ਜਾਣੂ ਕਰਵਾਇਆ ਗਿਆ। ਉਹਨਾਂ ਆਖਿਆ ਕਿ ਦਰਜਾ ਚਾਰ ਟੈਸਟ ਪਾਸ ਮੁਲਾਜ਼ਮਾਂ ਨੂੰ ਛੇਤੀ ਹੀ ਪ੍ਰਮੋਟ ਕਰਨ ਦੀ ਮੰਗ ਕੀਤੀ। ਮੰਤਰੀ ਨੇ ਸੰਘਰਸ਼ ਕਮੇਟੀ ਨੂੰ ਪੈਨਲ ਮੀਟਿੰਗ ਕਰਕੇ ਮੰਗਾਂ ਦਾ ਛੇਤੀ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ। ਵਫ਼ਦ ਵਿੱਚ ਕਨਵੀਨਰ ਦੇਵਿੰਦਰ ਸਿੰਘ ਨਾਭਾ, ਹਰਦੇਵ ਸਿੰਘ ਮੱਲੇਵਾਲ, ਸੁੱਖ ਰਾਮ ਕਾਲੇਵਾਲ ਆਦੀ ਹਾਜਰ ਸਨ।

# ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਇੱਥੇ ਮਹੰਤ ਰਾਮ ਪ੍ਰਕਾਸ਼ ਦਾਸ ਸਰਕਾਰੀ ਆਰਟਸ ਤੇ ਸਾਇੰਸ ਕਾਲਜ 'ਚ ਅੰਤਰ ਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਰਾਜੀਵ ਖੋਸਲਾ ਦੀ ਸਰਪ੍ਰਸਤੀ ਹੇਠ ਪੰਜਾਬੀ ਵਿਭਾਗ ਨੇ ਭਾਈ ਕਾਨ੍ਹ ਸਿੰਘ



ਨਾਭਾ ਪੰਜਾਬੀ ਸਾਹਿਤ ਸਭਾ ਦੇ ਸਹਿਯੋਗ ਨਾਲ 'ਮੇਰੀ ਭਾਸ਼ਾ ਮੇਰਾ ਮਾਣ' ਵਿਸ਼ੇ ਹੇਠ ਪ੍ਰਭਾਵਸ਼ਾਲੀ ਸਮਾਗਮ ਆਯੋਜਿਤ ਕੀਤਾ ਗਿਆ। ਪ੍ਰੋ.ਅਜੇ ਕੁਮਾਰ ਅਰਸ਼ ਨੇ ਸਮਾਗਮ ਦੀ ਆਰੰਭਤਾ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਸ਼ਬਦਾਂ ਤੇ ਵਿਚਾਰਾਂ ਨਾਲ ਕੀਤੀ। ਇਸ ਮੌਕੇ ਵਿਦਿਆਰਥੀਆਂ ਵਿਚਕਾਰ ਭਾਸ਼ਣ ਪ੍ਰਤੀਯੋਗਿਤਾ, ਸੁੰਦਰ ਲਿਖਾਈ ਮੁਕਾਬਲਾ, ਪੋਸਟਰ ਪ੍ਰਤੀਯੋਗਿਤਾ ਤੇ ਸ਼ੁੱਧ ਸ਼ਬਦ ਲੇਖਣ ਜਿਹੇ ਰਚਨਾਤਮਕ ਮੁਕਾਬਲੇ ਕਰਵਾਏ ਗਏ। ਸਮਾਗਮ ਦੌਰਾਨ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਮਾਂ ਬੋਲੀ ਪ੍ਰਤੀ ਆਪਣੇ ਜਜ਼ਬਾਤ ਪ੍ਰਗਟ ਕੀਤੇ। ਇਸ ਮੌਕੇ ਪ੍ਰਿੰਸੀਪਲ ਡਾ. ਰਾਜੀਵ ਖੋਸਲਾ ਨੇ ਕਿਹਾ ਕਿ ਮਾਤ ਭਾਸ਼ਾ ਕਿਸੇ ਵੀ ਕੌਮ ਦੀ ਆਤਮਾ ਹੁੰਦੀ ਹੈ। ਸਮਾਗਮ ਦੇ ਅੰਤ 'ਚ ਪ੍ਰੋ. ਰੁਪਾਲੀ ਵਰਮਾ ਨੇ ਸ਼ਾਮਲ ਪਤਵੰਤਿਆਂ 'ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਵਿਦਿਆਰਥਣ ਮਨਦੀਪ ਕੌਰ ਅਤੇ ਮੁਕਾਬਲਿਆਂ ਦੌਰਾਨ ਜੱਜ ਦੀ ਜਿੰਮੇਵਾਰੀ ਪ੍ਰੋ. ਅਜੈ ਕੁਮਾਰ ਤੇ ਪ੍ਰੋ. ਦਲਵਿੰਦਰ ਪਾਲ ਸਿੰਘ ਨੇ ਨਿਭਾਈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਪ੍ਰੋ. ਸੁਸ਼ਮਾ ਕੁਮਾਰੀ, ਪ੍ਰੋ. ਅਮਰਜੀਤ ਕੌਰ, ਪ੍ਰੋ. ਜਤਿੰਦਰ ਕੁਮਾਰ , ਪ੍ਰੋ. ਸਾਕਸ਼ੀ ਜੱਗੀ, ਪ੍ਰੋ. ਕੋਮਲ ਤੇ ਵਿਦਿਆਰਥੀ ਹਾਜ਼ਰ ਸਨ।

# ਸੀ ਟੀ ਗਰੁੱਪ 'ਚ 'ਹੁਨਰ ਕ੍ਰਿਤੀ 2.0' ਪ੍ਰਦਰਸ਼ਨੀ ਕਰਵਾਈ

**ਜਲੰਧਰ (ਸ਼ੈਲੀ ਐਲਬਰਟ)**

ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਸ, ਸ਼ਾਹਪੁਰ ਕੈਂਪਸ ਵੱਲੋਂ ਮਾਡਲ ਟਾਊਨ ਦੇ ਸ਼ਿਵਾਨੀ ਗਾਰਡਨ ਵਿੱਚ 'ਹੁਨਰ ਕ੍ਰਿਤੀ 2.0' ਪ੍ਰਦਰਸ਼ਨੀ ਦਾ ਸਫ਼ਲ ਆਯੋਜਨ ਕੀਤਾ ਗਿਆ। ਇਹ ਪ੍ਰਦਰਸ਼ਨੀ ਗਲੋਬਲ



ਸਿੱਖਸ ਦੇ ਸਹਿਯੋਗ ਨਾਲ ਕਰਵਾਈ ਗਈ, ਜਿਸ ਦਾ ਮੁੱਖ ਉਦੇਸ਼ ਰਚਨਾਤਮਕਤਾ, ਸੱਭਿਆਚਾਰਕ ਵਿਰਾਸਤ ਤੇ ਸਮਾਜਿਕ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨਾ ਸੀ।ਇਹ ਪ੍ਰਦਰਸ਼ਨੀ ਸੀ ਟੀ ਇੰਸਟੀਟਿਊਟ ਆਫ ਹਾਈਅਰ ਅਤੇ ਸੀ ਟੀ ਇੰਸਟੀਟਿਊਟ ਆਫ ਆਰਕੀਟੈਕਚਰ ਐਂਡ ਪਲੈਨਿੰਗ ਵੱਲੋਂ ਸਾਂਝੇ ਤੌਰ 'ਤੇ ਪੇਸ਼ ਕੀਤੀ ਗਈ। ਇਸ ਦੌਰਾਨ ਵਿਦਿਆਰਥੀਆਂ ਨੇ ਆਪਣੀ ਕਲਾਤਮਕ ਮਹਾਰਤ ਅਤੇ ਨਵੀਨ ਸੋਚ ਨੂੰ ਚਿੱਤਰਕਲਾ, ਆਰਕੀਟੈਕਚਰ ਮਾਡਲ, ਇੰਸਟਾਲੇਸ਼ਨਜ਼ ਤੇ ਵਿਭਿੰਨ ਕਲਾਕਾਰੀਆਂ ਰਾਹੀਂ ਦਰਸਾਇਆ।ਪ੍ਰਦਰਸ਼ਨੀ ਵਿੱਚ ਵੱਖ-ਵੱਖ ਸਭਿਆਚਾਰਾਂ, ਇਤਿਹਾਸਕ ਪ੍ਰੇਰਣਾਵਾਂ ਅਤੇ ਆਧੁਨਿਕ-ਪਰੰਪਰਾਗਤ ਡਿਜ਼ਾਈਨਾਂ ਦਾ ਸੁੰਦਰ ਮਿਲਾਪ ਨਜ਼ਰ ਆਇਆ। 'ਹੁਨਰ ਕ੍ਰਿਤੀ 2.0' ਨੇ ਇਹ ਸਾਬਤ ਕੀਤਾ ਕਿ ਵਿਦਿਆਰਥੀ ਤਕਨੀਕੀ ਕੁਸ਼ਲਤਾ ਤੇ ਖੋਜ-ਆਧਾਰਿਤ ਸਿੱਖਿਆ ਰਾਹੀਂ ਨਵੀਨਤਾ ਨੂੰ ਕਿਵੇਂ ਸੂਰਤ ਦਿੰਦੇ ਹਨ।ਇਹ ਸਮਾਗਮ ਡਾ. ਸੀਮਾ ਅਰੋੜਾ, ਪ੍ਰਿੰਸੀਪਲ, ਸੀਟੀ ਇੰਸਟੀਟਿਊਟ ਆਫ ਹਾਈਅਰ ਸਟਡੀਜ਼ ਤੇ ਆਰਕੀਟੈਕਟ ਸ਼ਰੁਤੀ ਐੱਚ ਕਪੂਰ, ਪ੍ਰਿੰਸੀਪਲ, ਸੀਟੀ ਇੰਸਟੀਟਿਊਟ ਆਫ ਆਰਕੀਟੈਕਚਰ ਐਂਡ ਪਲੈਨਿੰਗ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਉਨ੍ਹਾਂ ਦੀ ਅਕਾਦਮਿਕ ਦ੍ਰਿਸ਼ਟੀ ਨੇ ਵਿਦਿਆਰਥੀਆਂ ਨੂੰ ਆਤਮ-ਵਿਸ਼ਵਾਸ ਨਾਲ ਆਪਣਾ ਕੰਮ ਪੇਸ਼ ਕਰਨ ਲਈ ਪ੍ਰੇਰਿਤ ਕੀਤਾ।ਇਸ ਵਿਸ਼ੇਸ਼ ਮੌਕੇ 'ਤੇ ਸੀਟੀ ਗਰੁੱਪ ਦੇ ਚੇਅਰਮੈਨ ਸਰਦਾਰ ਚਰਨਜੀਤ ਸਿੰਘ ਚੰਨੀ, ਕੋ-ਚੇਅਰਪਰਸਨ ਪਰਮਿੰਦਰ ਕੌਰ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਅਤੇ ਕੋ-ਮੈਨੇਜਿੰਗ ਡਾਇਰੈਕਟਰ ਤਨਿਕਾ ਚੰਨੀ ਦੀ ਗੌਰਵਮਈ ਹਾਜ਼ਰੀ ਨੇ ਸਮਾਗਮ ਦੀ ਸ਼ਾਨ ਵਧਾਈ।

# ਪਿੰਡ ਪੱਧਰ 'ਤੇ ਚੌਕਸੀ ਨਾਲ ਨਸ਼ਾ ਤਸਕਰੀ 'ਤੇ ਲੱਗ ਸਕਦੀ ਹੈ ਰੋਕ : ਰਾਜਪਾਲ



**ਹੁਸ਼ਿਆਰਪੁਰ, (ਓ ਪੀ ਰਾਣਾ)**-ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਵਿਲੇਜ ਡਿਫੈਂਸ ਕਮੇਟੀ ਦੇ ਮੈਂਬਰਾਂ ਨਾਲ ਇਕ ਮਹੱਤਵਪੂਰਨ ਮੀਟਿੰਗ ਕਰਕੇ ਪਿੰਡ ਪੱਧਰ 'ਤੇ ਨਸ਼ਾ ਰੋਕਥਾਮ, ਭਾਈਚਾਰਕ ਚੌਕਸੀ ਅਤੇ ਨੌਜਵਾਨਾਂ ਨੂੰ ਸਕਾਰਾਤਮਕ ਗਤੀਵਿਧੀਆਂ ਨਾਲ ਜੋੜਨ ਸੰਬੰਧੀ ਰਣਨੀਤੀਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਨਸ਼ਾ ਸਮਾਜ ਲਈ ਗੰਭੀਰ ਚੁਣੌਤੀ ਹੈ ਤੇ ਇਸ ਨੂੰ ਖਤਮ ਕਰਨ ਲਈ ਸਰਕਾਰ ਦੇ ਨਾਲ-ਨਾਲ ਸਮਾਜਕ ਭਾਗੀਦਾਰੀ ਵੀ ਲਾਜ਼ਮੀ ਹੈ।ਰਾਜਪਾਲ ਨੇ ਜ਼ੋਰ ਦੇ ਕੇ ਕਿਹਾ ਕਿ ਪਿੰਡ ਪੱਧਰ 'ਤੇ ਸਰਗਰਮ ਤੇ ਜਾਗਰੂਕ ਨਾਗਰਿਕ ਨੈੱਟਵਰਕ ਨਸ਼ਾ ਤਸਕਰੀ ਤੇ ਗੈਰਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਉਨ੍ਹਾਂ ਵਿਲੇਜ ਡਿਫੈਂਸ ਕਮੇਟੀ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਸ਼ੱਕੀ ਗਤੀਵਿਧੀਆਂ ਬਾਰੇ ਤੁਰੰਤ ਪ੍ਰਸ਼ਾਸਨ ਨੂੰ ਜਾਣਕਾਰੀ ਦੇਣ ਅਤੇ ਆਪਣੇ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਉਣ।ਇਸ ਮੌਕੇ ਰਾਜਪਾਲ ਦੇ ਪ੍ਰਮੁੱਖ ਸਕੱਤਰ ਵਿਵੇਕ ਪ੍ਰਤਾਪ ਸਿੰਘ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐਸ ਐਸ ਪੀ ਸੰਦੀਪ ਕੁਮਾਰ ਮਲਿਕ, ਏ ਡੀ ਸੀ ਨਿਕਾਸ ਕੁਮਾਰ, ਐਸ ਡੀ ਐਮ ਮੁਕੇਰੀਆਂ ਓਇਸ਼ੀ ਮੰਡਲ ਵੀ ਮੌਜੂਦ ਸਨ।

# ਐੱਲ ਪੀ ਯੂ 'ਚ ਇੰਡੀਆ ਏ ਆਈ ਇੰਪੈਕਟ ਸਮਿਟ 2026 'ਤੇ ਚਰਚਾ



**ਜਲੰਧਰ (ਸ਼ੈਲੀ ਐਲਬਰਟ)**

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੁਆਰਾ ਵਿਕਸਤ ਪੰਦਰਾਂ ਏਆਈ-ਸੰਚਾਲਿਤ ਨਵੀਨਤਾਵਾਂ ਛੇ-ਰੋਜ਼ਾ ਇੰਡੀਆ ਏ ਆਈ ਇਮਪੈਕਟ ਸਮਿਟ 2026 ਵਿੱਚ ਉਦਯੋਗ ਤੇ ਅਕਾਦਮਿਕ ਸ਼ਮੂਲੀਅਤ ਦਾ ਕੇਂਦਰ ਬਿੰਦੂ ਬਣ ਗਈਆਂ, ਜਿੱਥੇ ਪ੍ਰਮੁੱਖ ਤਕਨਾਲੋਜੀ ਕਾਰਪੋਰੇਸ਼ਨਾਂ, ਆਈ ਆਈ ਟੀ ਮਾਹਰਾਂ, ਨੀਤੀ ਨਿਰਮਾਤਾਵਾਂ ਤੇ ਗਲੋਬਲ ਡੈਲੀਗੇਟਾਂ ਨੇ ਉਤਪਾਦ ਸਕੇਲੇਬਿਲਟੀ ਤੇ ਅਸਲ ਸੰਸਾਰ ਤੈਨਾਤੀ ਬਾਰੇ ਵਿਸਤ੍ਰਿਤ ਚਰਚਾ ਕੀਤੀ।ਬੁੱਧੀਮਾਨ ਰੱਖਿਆ ਡਰੋਨ ਪ੍ਰਣਾਲੀਆਂ, ਏ ਆਈ-ਸੰਚਾਲਿਤ ਸ਼ੁੱਧਤਾ ਖੇਤੀਬਾੜੀ ਮਾਡਲਾਂ ਤੇ ਆਟੋਨੋਮਸ ਰੋਬੋਟਿਕਸ ਸੋਲੂਸ਼ਨ, ਇਹਨਾਂ ਪ੍ਰੋਜੈਕਟਾਂ ਨੇ ਐਲਪੀਯੂ ਦੇ ਏਕੀਕ੍ਰਿਤ ਏ ਆਈ-ਸੰਚਾਲਿਤ ਅਕਾਦਮਿਕ ਢਾਂਚੇ ਦਾ ਪ੍ਰਦਰਸ਼ਨ ਕੀਤਾ, ਜਿੱਥੇ ਖੋਜ, ਉਦਯੋਗ ਐਕਸਪੋਜ਼ਰ ਤੇ ਸਟਾਰਟਅੱਪ ਇਨਕਿਊਬੇਸ਼ਨ ਇਕੱਠੇ ਕੰਮ ਕਰਦੇ ਹਨ। ਵਿਦਿਆਰਥੀ ਟੀਮਾਂ ਨੇ ਰਵਾਇਤੀ ਕਲਾਸਰੂਮ ਪ੍ਰਯੋਗਾਂ ਤੋਂ ਪਰੇ ਤਕਨੀਕੀ ਪਰਿਪੱਕਤਾ ਦਾ ਪ੍ਰਦਰਸ਼ਨ ਕਰਦੇ ਹੋਏ ਕਾਰਜਸ਼ੀਲ ਪ੍ਰੋਟੋਟਾਈਪ ਅਤੇ ਐਪਲੀਕੇਸ਼ਨ ਤਿਆਰ ਮਾਡਲ ਪੇਸ਼ ਕੀਤੇ।ਰਾਜ ਸਭਾ ਮੈਂਬਰ ਤੇ ਐੱਲ ਪੀ ਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਨਰ ਮਿੱਤਲ, ਐੱਲ ਪੀ ਯੂ ਦੇ ਪ੍ਰੋ ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਦੇ ਨਾਲ, ਐੱਲ ਪੀ ਯੂ ਦੇ ਏਆਈ ਸਟਾਲ ਦਾ ਦੌਰਾ ਕੀਤਾ ਤੇ ਨਵੀਨਤਾ ਦੀ ਐਪਲੀਕੇਸ਼ਨ ਅਧਾਰਿਤ ਡੂੰਘਾਈ ਦੀ ਸ਼ਲਾਘਾ ਕੀਤੀ, ਅਤੇ ਵਿਦਿਆਰਥੀ ਨਵੀਨਤਾਕਾਰਾਂ ਨੂੰ ਰਾਸ਼ਟਰੀ ਤਰਜੀਹਾਂ ਨੂੰ ਪੂਰਾ ਕਰਨ ਵਾਲੇ ਵਿਸ਼ਵ ਪੱਧਰ 'ਤੇ ਪ੍ਰਤੀਯੋਗੀ, ਸਕੇਲੇਬਲ ਏ ਆਈ ਸੋਲੂਸ਼ਨ 'ਤੇ ਧਿਆਨ ਕੇਂਦਰਿਤ ਕਰਨ ਲਈ ਮਾਰਗਦਰਸ਼ਨ ਕੀਤਾ।ਇਸ ਪ੍ਰਾਪਤੀ 'ਤੇ ਬੋਲਦੇ ਹੋਏ, ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ ਇੰਡੀਆ ਏਆਈ ਇਮਪੈਕਟ ਸਮਿਟ ਨੇ ਇੱਕ ਵਾਰ ਫਿਰ ਘਰੇਲੂ ਨਵੀਨਤਾ ਦੀ ਸ਼ਕਤੀ ਨੂੰ ਸਾਬਤ ਕੀਤਾ ਹੈ। ਸਾਨੂੰ ਮਾਣ ਹੈ ਕਿ ਐਲਪੀਯੂ ਦੇ 15 ਏਆਈ ਸੰਚਾਲਿਤ ਪ੍ਰੋਜੈਕਟਾਂ, ਜਿਨ੍ਹਾਂ ਵਿੱਚ ਰੱਖਿਆ ਕੇਂਦ੍ਰਿਤ ਡਰੋਨ ਅਤੇ ਸਮਾਰਟ ਖੇਤੀਬਾੜੀ ਪ੍ਰਣਾਲੀਆਂ ਤੋਂ ਲੈ ਕੇ ਆਟੋਨੋਮਸ ਰੋਬੋਟਿਕਸ ਸਮਾਧਾਨ ਸ਼ਾਮਲ ਹਨ, ਨੂੰ ਸਿਖਰ ਸੰਮੇਲਨ ਵਿੱਚ ਬਹੁਤ ਮਾਨਤਾ ਦਿੱਤੀ ਗਈ।

# ਐੱਸ ਕੇ ਐੱਮ ਦੇ ਸੱਦੇ 'ਤੇ ਵਿਧਾਇਕ ਦੀ ਕੋਠੀ ਅੱਗੇ ਧਰਨਾ ਲਾਇਆ



**ਬੰਗਾ (ਅਵਤਾਰ ਕਲੇਰ)**

ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਉੱਤੇ ਕਿਸਾਨਾਂ, ਮਜ਼ਦੂਰਾਂ ਤੇ ਪੈਨਸ਼ਨਰਾਂ ਵੱਲੋਂ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਦੀ ਨਵਾਂਸ਼ਹਿਰ ਰਿਹਾਇਸ਼ ਅੱਗੇ 11ਵਜੇ ਤੋਂ 3 ਵਜੇ ਤੱਕ ਧਰਨਾ ਦਿੱਤਾ ਗਿਆ।ਇਸ ਧਰਨੇ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਭੁਪਿੰਦਰ ਸਿੰਘ ਵੜੈਚ, ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਇਲਾਕਾ ਔੜ ਦੇ ਪ੍ਰਧਾਨ ਸੁਰਿੰਦਰ ਸਿੰਘ ਮਹਿਰਮਪੁਰ,ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਦੌਲਤਪੁਰ, ਬੀ ਕੇ ਯੂ ਰਾਜੇਵਾਲ ਦੇ ਆਗੂ ਸੰਤੋਖ ਸਿੰਘ, ਸੀਟੂ ਦੇ ਸੂਬਾ ਸਕੱਤਰ ਮਹਾਂ ਸਿੰਘ ਰੌੜੀ, ਇਫਟੂ ਦੇ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ, ਪੈਨਸ਼ਨਰਜ਼ ਯੂਨੀਅਨ ਸਰਕਲ ਪ੍ਰਧਾਨ ਕੁਲਵਿੰਦਰ ਸਿੰਘ ਅਟਵਾਲ, ਵਿਜੈ ਕੁਮਾਰ, ਨਰਿੰਦਰ ਮਹਿਤਾ, ਪਾਵਰਕੌਮ ਅਤੇ ਠੇਕਾ ਮੁਲਾਜ਼ਮ ਯੂਨੀਅਨ ਦੇ ਆਗੂ ਹਰਪ੍ਰੀਤ ਸਿੰਘ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਕਿਰਨਜੀਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਿਜਲੀ ਸੋਧ ਬਿੱਲ 2025, ਸੀਡ ਸੋਧ ਬਿੱਲ 2025 ,ਅਮਰੀਕਾ ਨਾਲ ਕੀਤੇ ਅਸਾਵੇਂ ਮੁਕਤ ਵਪਾਰ ਸਮਝੌਤੇ, ਜਨਤਕ ਅਦਾਰਿਆਂ ਦਾ ਨਿੱਜੀਕਰਨ, ਮਜ਼ਦੂਰ ਵਿਰੋਧੀ ਚਾਰ ਕਿਰਤ ਕੋਡ, ਮਗਨਰੇਗਾ ਦੀ ਥਾਂ ਲਿਆਂਦਾ ਗਿਆ ਜੀ ਰਾਮ ਜੀ, ਦੇਸ਼ ਦੇ ਕਿਸਾਨਾਂ ਮਜਦੂਰਾਂ, ਮੁਲਾਜ਼ਮਾਂ ਲਈ ਬਹੁਤ ਹੀ ਘਾਤਕ ਹਨ। ਉਹਨਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਅਮਰੀਕਾ ਨਾਲ ਕੀਤਾ ਗਿਆ ਵਪਾਰ ਸਮਝੌਤਾ ਭਾਰਤੀ ਕਿਸਾਨਾਂ ਨੂੰ ਤਬਾਹ ਕਰ ਦੇਵੇਗਾ। ਉਹਨਾਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ,ਚਾਰ ਲੇਬਰ ਕੋਡ,ਬੀਜ ਬਿੱਲ 2025, ਬਿਜਲੀ ਬਿੱਲ 2025 ਰੱਦ ਕਰਨ ਦੀ ਮੰਗ ਕੀਤੀ। ਧਰਨੇ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ, ਗੁਰਦਿਆਲ ਰੱਕੜ, ਸੁਖਦੇਵ ਸਿੰਘ ਗਰਚਾ, ਭੁਪਿੰਦਰ ਸਿੰਘ ਕੌਲਗੜ੍ਹ, ਨਿਰਮਲ ਸਿੰਘ ਜਲਵਾਹਾ, ਕੁਲਵੀਰ ਸਿੰਘ ਵੀ ਮੌਜੂਦ ਸਨ।

# ਚੋਣਾਂ ਸਮੇਂ ਮੁਫ਼ਤ ਸੁਵਿਧਾਵਾਂ ਦਾ ਲਾਲਚ ਦੇਣਾ ਲੋਕਤਾਂਤਰਿਕ ਪ੍ਰਣਾਲੀ ਲਈ ਬਹੁਤ ਵੱਡੀ ਚੁਣੌਤੀ : ਬੇਗਮਪੁਰਾ ਟਾਈਗਰ ਫੋਰਸ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਇੱਕ ਜ਼ਰੂਰੀ ਮੀਟਿੰਗ ਕੀਤੀ ਗਈ ਮੀਟਿੰਗ ਵਿੱਚ ਬੰਟੀ ਹਰਿਆਣਾ ਬਲਾਕ ਪ੍ਰਧਾਨ ਹਰਿਆਣਾ ਭੂੰਗਾ ਤੇ ਬਿੱਟੂ ਸ਼ੇਰਗੜ੍ਹ ਹਲਕਾ ਪ੍ਰਧਾਨ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਆਗੂਆਂ ਨੇ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਜਿੱਤਣ ਲਈ ਫਰੀ ਦੀਆਂ ਸੁਵਿਧਾਵਾਂ ਵੰਡਣ ਦੀ ਵੱਧ ਰਹੀ ਪ੍ਰਵਿਰਤੀ 'ਤੇ ਚਿੰਤਾ ਪ੍ਰਗਟਾਉਂਦੇ ਹੋਏ ਸੁਪਰੀਮ ਕੋਰਟ ਵੱਲੋਂ ਇਸ ਮਸਲੇ 'ਤੇ ਕੀਤੀ ਗਈ ਸਖ਼ਤ ਟਿੱਪਣੀ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਵੱਲੋਂ ਸਮੇਂ-ਸਮੇਂ 'ਤੇ ਲੋਕਤਾਂਤਰਿਕ ਮੁੱਲਾਂ ਦੀ ਰੱਖਿਆ ਲਈ ਇਸ ਤਰ੍ਹਾਂ ਦੀਆਂ ਗੰਭੀਰ ਟਿੱਪਣੀਆਂ ਕਰਨਾ ਲੋਕਤੰਤਰ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇਕ ਸਕਾਰਾਤਮਕ ਕਦਮ ਹੈ। ਉਹਨਾਂ ਕਿਹਾ ਕਿ ਚੋਣ ਫਾਇਦੇ ਪ੍ਰਾਪਤ ਕਰਨ ਦੇ ਉਦੇਸ਼ ਨਾਲ ਜਨਤਾ ਨੂੰ ਮੁਫ਼ਤ ਸੁਵਿਧਾਵਾਂ ਦਾ ਲਾਲਚ ਦੇਣਾ ਲੋਕਤਾਂਤਰਿਕ ਪ੍ਰਣਾਲੀ ਲਈ ਇਕ ਗੰਭੀਰ ਚੁਣੌਤੀ ਬਣਦਾ ਜਾ ਰਿਹਾ ਹੈ। ਹੋਰਨਾਂ ਤੋਂ ਇਲਾਵਾ ਮਨਪ੍ਰੀਤ ਹਰਿਆਣਾ, ਗੁਰਦੀਪ, ਕੁਲਵੰਤ ਰਿਹਾਣਾ ਕਲਾਂ, ਗੁਰਦੀਪ ਬਲਾਕ ਪ੍ਰਧਾਨ ਮੇਹਟੀਆਣਾ, ਰਵੀ, ਮਨੀ, ਨਿੱਕੂ ਸੁੰਦਰ ਨਗਰ, ਰਾਮ ਮੂਰਤੀ,ਰਾਜੂ,ਰਵੀ ਸੁੰਦਰ ਨਗਰ, ਵਿਪਨ ਬਸੀਕਲਾਂ ਆਦਿ ਹਾਜ਼ਰ ਸਨ।

# ਹੋਲਾ ਮਹੱਲਾ ਸੰਬੰਧੀ ਸਾਲਾਨਾ ਧਾਰਮਿਕ ਸਮਾਗਮ 1 ਮਾਰਚ ਤੋਂ ਸ਼ੁਰੂ



**ਅੱਡਾ ਸਰਾਂ (ਜਸਵੀਰ ਕਾਜਲ)**

ਧੰਨ-ਧੰਨ ਬਾਬਾ ਬਿਸ਼ਨ ਸਿੰਘ ਹੋਲਾ ਮਹੱਲਾ ਲੰਗਰ ਕਮੇਟੀ ਕੰਧਾਲਾ ਜੱਟਾਂ ਅੱਡਾ ਸਰਾਂ ਵੱਲੋਂ ਸਮੂਹ ਨਗਰ ਨਿਵਾਸੀ, ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸਾਧ ਸੰਗਤ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਹੋਲੇ ਮਹੱਲੇ ਦੇ ਸੰਬੰਧ ਵਿੱਚ ਸਮਾਗਮ ਮਿਤੀ 1 ਮਾਰਚ ਤੋਂ 05 ਮਾਰਚ ਤੱਕ ਪਿੰਡ ਕੰਧਾਲਾ ਜੱਟਾਂ ਅੱਡਾ ਸਰਾਂ ਵਿਖੇ ਮਨਾਏ ਜਾ ਰਹੇ ਹਨ।ਮੁੱਖ ਗ੍ਰੰਥੀ ਬਾਬਾ ਅਵਤਾਰ ਸਿੰਘ ਵੱਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਪ੍ਰੋਗਰਾਮ ਦਾ ਪੋਸਟਰ ਜਾਰੀ ਕੀਤਾ ਗਿਆ।ਪ੍ਰਬੰਧਕ ਸੇਵਾਦਾਰਾਂ ਨੇ ਪ੍ਰੋਗਰਾਮ ਦਾ ਪੋਸਟਰ ਜਾਰੀ ਕਰਦਿਆਂ ਦੱਸਿਆ ਗਿਆ ਕਿ ਹੋਲੇ ਮੁਹੱਲਾ ਤੇ ਸ਼੍ਰੀ ਆਨੰਦਪੁਰ ਸਾਹਿਬ ਜਾਣ ਆਉਣ ਵਾਲੀਆਂ ਸੰਗਤਾਂ ਲਈ ਹਰ ਸਾਲ ਇਹ ਸਮਾਗਮ ਕਰਵਾਏ ਜਾਂਦੇ ਹਨ ਜਿਸ ਦੌਰਾਨ ਸੰਗਤਾਂ ਲਈ ਗੁਰੂ ਦਾ ਲੰਗਰ ਅਤੁੱਟ ਵਰਤਦਾ ਹੈ।ਇਸ ਮੌਕੇ ਬਾਬਾ ਅਵਤਾਰ ਸਿੰਘ ਮੁੱਖ ਗ੍ਰੰਥੀ, ਬਾਬਾ ਰਣਜੀਤ ਸਿੰਘ ਹੈੱਡ ਗ੍ਰੰਥੀ, ਪ੍ਰਧਾਨ ਰੇਸ਼ਮ ਸਿੰਘ, ਕੁਲਵੰਤ ਸਿੰਘ, ਗੁਰਵਿੰਦਰ ਸਿੰਘ ਗਿੱਤਾ, ਮਨਜੀਤ ਸਿੰਘ ਸੈਕਟਰੀ, ਅਮ੍ਰਿਤਪਾਲ ਸਿੰਘ ਧਾਲੀਵਾਲ, ਇੰਦਰਜੀਤ ਸਿੰਘ ਧਾਲੀਵਾਲ, ਸੁਰਜੀਤ ਸਿੰਘ ਇਟਲੀ, ਮਨਜੀਤ ਸਿੰਘ ਧਾਲੀਵਾਲ, ਜਸਵੀਰ ਸਿੰਘ ਧਾਲੀਵਾਲ, ਸੁੱਚਾ ਸਿੰਘ ਲੰਬੜਦਾਰ, ਮਨਜੀਤ ਸਿੰਘ, ਕੈਪਟਨ ਹਰੀ ਓਮ ਸਿੰਘ, ਕੁਲਵਿੰਦਰ ਸਿੰਘ, ਜਸਪਾਲ ਸਿੰਘ ਭੱਟੀ, ਸਤਵਿੰਦਰ ਸਿੰਘ, ਕੁਲਵਿੰਦਰ ਸਿੰਘ ਸੋਨੀ ਪੰਚ, ਡਾ. ਚਰਨਜੀਤ ਸਿੰਘ ਪੜਬੱਗਾ, ਸੁਖਵਿੰਦਰ ਸਿੰਘ ਸੁੱਖੂ, ਅਮਰੀਕ ਸਿੰਘ ਬੱਬੂ, ਬਲਜੀਤ ਸਿੰਘ ਬੱਲੂ, ਮਨਜੀਤ ਸਿੰਘ ਜੀਤਾ ਅਤੇ ਨਗਰ ਦੀਆਂ ਹੋਰ ਸੰਗਤਾਂ ਹਾਜ਼ਰ ਸਨ।

# ਡਾ. ਈਸ਼ਾਂਕ ਕੁਮਾਰ ਨੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕੰਮ ਕਰ ਰਹੀਆਂ ਟੀਮਾਂ ਦੇ ਕਾਰਜਾਂ ਦਾ ਜਾਇਜ਼ਾ ਲਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਚੱਬੇਵਾਲ ਦੇ ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਪਿੰਡ ਰਾਮਪੁਰ ਸਥਿਤ ਗੁਰਦੁਆਰਾ ਬਾਬਾ ਦੀਪ ਸਿੰਘ ਵਿੱਚ ਮੱਥਾ ਟੇਕ ਕੇ ਆਪਣੇ ਵਿਧਾਨ ਸਭਾ ਖੇਤਰ ਚੱਬੇਵਾਲ ਅਤੇ ਸੂਬੇ ਦੀ ਸੁਖ-ਸਮ੍ਰਿੱਧੀ ਲਈ ਅਰਦਾਸ ਕੀਤੀ।ਇਸ ਤੋਂ ਬਾਅਦ ਉਨ੍ਹਾਂ ਨੇ ਪਿੰਡ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕੰਮ ਕਰ ਰਹੀਆਂ ਟੀਮਾਂ ਦੇ ਕਾਰਜਾਂ ਦਾ ਜਾਇਜ਼ਾ ਲਿਆ।ਇਸ ਮੌਕੇ ਵਿਧਾਇਕ ਨੇ ਦੱਸਿਆ ਕਿ ਵਿਧਾਨ ਸਭਾ ਖੇਤਰ ਦੇ ਵੱਖ-ਵੱਖ ਪਿੰਡਾਂ ਵਿੱਚ ਖਾਸ ਟੀਮਾਂ ਘਰ-ਘਰ ਜਾ ਕੇ ਲੋਕਾਂ ਦੀ ਆਨਲਾਈਨ ਰਜਿਸਟ੍ਰੇਸ਼ਨ ਕਰ ਰਹੀਆਂ ਹਨ ਅਤੇ ਮੌਕੇ 'ਤੇ ਹੀ ਉਨ੍ਹਾਂ ਦੇ ਹੈਲਥ ਕਾਰਡ ਤਿਆਰ ਕਰਕੇ ਦੇ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਨੇ ਅਜੇ ਤੱਕ ਰਜਿਸਟ੍ਰੇਸ਼ਨ ਨਹੀਂ ਕਰਵਾਇਆ, ਉਹ ਇਸ ਸਹੂਲਤ ਦਾ ਲਾਭ ਜ਼ਰੂਰ ਲੈਣ।ਟੀਮਾਂ ਆਧਾਰ ਕਾਰਡ ਅਤੇ ਹੋਰ ਲੋੜੀਂਦੇ ਦਸਤਾਵੇਜ਼ਾਂ ਦੇ ਆਧਾਰ 'ਤੇ ਆਨਲਾਈਨ ਅਰਜ਼ੀ ਪ੍ਰਕਿਰਿਆ ਪੂਰੀ ਕਰ ਰਹੀਆਂ ਹਨ, ਤਾਂ ਜੋ ਯੋਗ ਵਿਅਕਤੀਆਂ ਨੂੰ ਤੁਰੰਤ ਯੋਜਨਾ ਨਾਲ ਜੋੜਿਆ ਜਾ ਸਕੇ।ਡਾ. ਈਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਦਾ ਮੁੱਖ ਉਦੇਸ਼ ਗਰੀਬ ਅਤੇ ਲੋੜਵੰਦ ਪਰਿਵਾਰਾਂ ਨੂੰ ਸਿਹਤ ਸੁਰੱਖਿਆ ਪ੍ਰਦਾਨ ਕਰਨਾ ਹੈ।ਹੈਲਥ ਕਾਰਡ ਬਣਨ ਤੋਂ ਬਾਅਦ ਲਾਭਪਾਤਰੀ ਸੂਚੀਬੱਧ ਹਸਪਤਾਲਾਂ ਵਿੱਚ ਕੈਸ਼ਲੇਸ ਇਲਾਜ ਦੀ ਸਹੂਲਤ ਪ੍ਰਾਪਤ ਕਰ ਸਕਦੇ ਹਨ।ਇਸ ਨਾਲ ਇਲਾਜ ਦੌਰਾਨ



ਆਉਣ ਵਾਲੇ ਭਾਰੀ ਖਰਚ ਤੋਂ ਰਾਹਤ ਮਿਲੇਗੀ ਅਤੇ ਆਮ ਆਦਮੀ ਨੂੰ ਆਰਥਿਕ ਸੁਰੱਖਿਆ ਪ੍ਰਾਪਤ ਹੋਵੇਗੀ। ਵਿਧਾਇਕ ਨੇ ਸੰਬੰਧਿਤ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਪ੍ਰਕਿਰਿਆ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਸੌਖੀ ਰੱਖੀ ਜਾਵੇ ਅਤੇ ਕੋਈ ਵੀ ਯੋਗ ਵਿਅਕਤੀ ਯੋਜਨਾ ਤੋਂ ਵੰਚਿਤ ਨਾ ਰਹੇ। ਇਸ ਮੌਕੇ ਪਿੰਡ ਵਾਸੀਆਂ ਨੇ ਆਪਣੇ ਵਿਧਾਇਕ ਦਾ ਸਵਾਗਤ ਅਤੇ ਧੰਨਵਾਦ ਕਰਦੇ ਹੋਏ ਕਿਹਾ ਕਿ ਪਿੰਡ ਵਿੱਚ ਹੀ ਹੈਲਥ ਕਾਰਡ ਬਣ ਜਾਣ ਨਾਲ ਉਨ੍ਹਾਂ ਨੂੰ ਵੱਡੀ ਸਹੂਲਤ ਮਿਲੀ ਹੈ।

# ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਦੀ ਮੀਟਿੰਗ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਓਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਗੜ੍ਹਸ਼ੰਕਰ ਦੀ ਜਨਰਲ ਬਾਡੀ ਦੀ ਭਰਵੀਂ ਮੀਟਿੰਗ ਕਮੇਟੀ ਦੇ ਸਰਪ੍ਰਸਤ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਦੀ ਅਗਵਾਈ ਤੇ ਪ੍ਰਧਾਨ ਮੁਖਤਿਆਰ ਸਿੰਘ ਹੈਪੀ ਹੀਰ ਦੀ ਪ੍ਰਧਾਨਗੀ ਹੇਠ ਇਥੇ ਓਲੰਪੀਅਨ ਜਰਨੈਲ ਸਿੰਘ ਫੁੱਟਬਾਲ ਸਟੇਡੀਅਮ ਵਿਚ ਹੋਈ ਜਿਸ ਵਿਚ ਟੂਰਨਾਮੈਂਟ ਸਬੰਧੀ ਵਿਚਾਰਾਂ ਕਰਦੇ ਹੋਏ ਅਹਿਮ ਫੈਸਲੇ ਲਏ ਗਏ। ਇਸ ਮੌਕੇ ਸਮੂਹ ਅਹੁਦੇਦਾਰਾਂ ਵਲੋਂ ਕਮੇਟੀ ਦੇ ਪ੍ਰਧਾਨ ਮੁਖਤਿਆਰ ਸਿੰਘ ਹੈਪੀ ਹੀਰ ਦੀ ਪ੍ਰਧਾਨਗੀ 'ਤੇ ਤਸੱਲੀ ਦਾ ਪ੍ਰਗਟਾਵਾ ਕਰਦੇ ਹੋਏ ਉਨ੍ਹਾਂ ਨੂੰ ਮੁੜ ਤੋਂ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੌਂਪੀ ਗਈ। ਕਮੇਟੀ ਵਲੋਂ ਅਗਲੇ ਸਾਲ ਤੋਂ ਰਾਜ ਪੱਧਰੀ ਓਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਨਿਰੰਤਰ ਜਾਰੀ ਰੱਖਣ ਦਾ ਐਲਾਨ ਕੀਤਾ। ਇਸ ਮੌਕੇ ਕਮੇਟੀ ਨੇ ਫੈਸਲਾ ਲਿਆ ਗਿਆ ਟੂਰਨਾਮੈਂਟ ਦੇ ਪ੍ਰਬੰਧਾਂ ਵਿਚ ਕਿਸੇ ਵੀ ਤਰ੍ਹਾਂ ਦਾ ਵਿਘਨ ਪਾਉਣ ਵਾਲਿਆਂ ਨਾਲ ਸਖ਼ਤੀ ਨਾਲ ਨਿਪਟਾਇਆ ਜਾਵੇਗਾ। ਇਸ ਮੌਕੇ ਕਮੇਟੀ ਦੇ ਸਰਪ੍ਰਸਤ ਤੇ ਸਾਬਕਾ ਵਿਧਾਇਕ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਅਗਲੇ ਸਾਲ ਤੋਂ ਹਰ ਸਾਲ ਟੂਰਨਾਮੈਂਟ ਲਈ ਇਕ ਲੱਖ ਰੁਪਏ ਦੀ ਸਹਾਇਤਾ ਦਾ ਯੋਗਦਾਨ ਪਾਉਣ ਦਾ ਐਲਾਨ ਕੀਤਾ। ਇਸ ਮੌਕੇ ਕੈਨੇਡਾ, ਇੰਗਲੈਂਡ, ਯੂ ਐੱਸ ਏ ਤੇ ਨਿਊਜ਼ੀਲੈਂਡ ਤੋਂ ਕਮੇਟੀਆਂ ਦੇ ਅਹੁਦੇਦਾਰਾਂ ਨੇ ਵਿਚਾਰ ਰੱਖੇ। ਮੀਟਿੰਗ ਵਿਚ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਅਤੇ ਮੁਖਤਿਆਰ ਸਿੰਘ ਹੈਪੀ ਹੀਰ ਤੋਂ ਇਲਾਵਾ ਦਰਸ਼ਨ ਸਿੰਘ ਪਿੰਕਾ, ਡਾ. ਹਰਵਿੰਦਰ ਸਿੰਘ ਬਾਠ, ਦਲਜੀਤ ਸਿੰਘ ਸਹੋਤਾ,



ਸ਼ਵਿੰਦਰਜੀਤ ਸਿੰਘ ਬੈਂਸ, ਪ੍ਰਿੰਸੀਪਲ ਡਾ. ਅਮਨਦੀਪ ਹੀਰਾ, ਡਾ. ਜਰਨੈਲ ਸਿੰਘ ਯੂ ਕੇ, ਪ੍ਰੇਮ ਡੋਗਰ ਯੂ ਕੇ, ਅਜਮੇਰ ਲੋਚਨ ਯੂ ਕੇ, ਮਨਮੋਹਨ ਸਿੰਘ ਦਿਆਲ ਕੈਨੇਡਾ, ਅਲਵਿੰਦਰ ਸਿੰਘ ਕਾਲਾ ਸ਼ੇਰਗਿੱਲ ਕੈਨੇਡਾ, ਮਨਜਿੰਦਰ ਸਿੰਘ ਬੱਗਾ ਦਿਆਲ ਯੂ ਕੇ, ਗੋਪਾਲ ਕ੍ਰਿਸ਼ਨ ਕੈਨੇਡਾ, ਸਤਨਾਮ ਸਿੰਘ ਸੰਘਾ ਨਿਊਜ਼ੀਲੈਂਡ, ਕੁਲਵੀਰ ਸਿੰਘ ਖੱਖ ਯੂ ਕੇ, ਰਣਜੀਤ ਸਿੰਘ ਖੱਖ, ਅਮਨਦੀਪ ਸਿੰਘ ਬੈਂਸ, ਯੋਗਰਾਜ ਗੰਭੀਰ, ਬਲਰਾਜ ਸਿੰਘ ਤੂਰ, ਨਰਿੰਦਰ ਸਿੰਘ ਸਰਾਂ ਯੂ.ਐੱਸ.ਏ., ਸ਼ਲਿੰਦਰ ਸਿੰਘ ਰਾਣਾ, ਰੋਸ਼ਨਜੀਤ ਸਿੰਘ ਪਨਾਮ, ਸਤਪਾਲ ਸਿੰਘ ਸੋਢੀ, ਪਰਮਿੰਦਰ ਸਿੰਘ, ਹਰਜੀਤ ਸਿੰਘ ਭਾਤਪੁਰ, ਤਰਲੋਚਨ ਸਿੰਘ ਤੇ ਹੋਰ ਮੈਂਬਰ ਹਾਜ਼ਰ ਸਨ।

# ਖ਼ੂਨਦਾਨ ਕਰਕੇ ਮਨਾਈ ਵਿਆਹ ਦੀ ਵਰ੍ਹੇਗੰਢ




**ਬੰਗਾ (ਅਵਤਾਰ ਕਲੇਰ)**

ਅੱਜ ਦੀ ਇਸ ਰੁਝੇਵਿਆਂ ਭਰੀ ਜ਼ਿੰਦਗੀ 'ਚ ਆਪਣਾ ਖ਼ੂਨ ਦੇ ਕੇ ਕਿਸੇ ਦੀ ਜਾਨ ਬਚਾਉਣੀ ਸਭ ਤੋਂ ਉੱਤਮ ਕਾਰਜ ਹੈ। ਇਹ ਪ੍ਰਗਟਾਵਾ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਸ਼ਖ਼ਸੀਅਤ ਬਲਬੀਰ ਸਿੰਘ ਝਿੱਕਾ ਇੰਸ਼ੋਰੈਂਸ ਪੁਆਇੰਟ ਬੰਗਾ ਤੇ ਉਨ੍ਹਾਂ ਦੀ ਜੀਵਨ ਸਾਥਣ ਜਸਵਿੰਦਰ ਕੌਰ ਝਿੱਕਾ ਨੇ ਆਪਣੇ ਵਿਆਹ ਦੀ 29ਵੀਂ ਵਰੇਗੰਢ ਮੌਕੇ ਖ਼ੂਨਦਾਨ ਕਰਨ ਉਪਰੰਤ ਕੀਤਾ। ਉਹਨਾਂ ਕਿਹਾ ਕਿ ਖ਼ੂਨਦਾਨ ਕਰਕੇ ਮਨ ਨੂੰ ਬੇਹੱਦ ਸਕੂਨ ਮਿਲਿਆ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਸਾਰਿਆਂ ਨੂੰ ਖ਼ੂਨਦਾਨ ਕਰਕੇ ਇਸ ਪੁੰਨ ਦੇ ਕਾਰਜ 'ਚ ਹਿੱਸਾ ਪਾਉਣਾ ਚਾਹੀਦਾ ਹੈ। ਡਾ. ਅਜੇ ਬੱਗਾ ਬਲੱਡ ਟਰਾਂਸਫਿਊਜ਼ਨ ਅਫਸਰ ਨੇ ਕਿਹਾ ਕਿ ਖ਼ੂਨਦਾਨ - ਮਹਾਂਦਾਨ ਦਾ ਇਹ ਸੁਨੇਹਾ ਲੋਕ ਲਹਿਰ ਬਣ ਜਾਣਾ ਚਾਹੀਦਾ ਹੈ ਤਾਂ ਕਿ ਜ਼ਰੂਰਤਮੰਦ ਲੋਕਾਂ ਨੂੰ ਲੋੜ ਵੇਲੇ ਖ਼ੂਨ ਆਸਾਨੀ ਨਾਲ ਮਿਲ ਸਕੇ। ਇਸ ਮੌਕੇ ਬੀ ਡੀ ਸੀ ਦੇ ਮੈਨੇਜਰ ਮਨਮੀਤ ਸਿੰਘ ਰਾਹੋਂ, ਰਾਜੀਵ ਕੁਮਾਰ ਭਾਰਦਵਾਜ, ਮੈਡਮ ਪ੍ਰਿਅੰਕਾ, ਮੁਕੇਸ਼ ਕੁਮਾਰ ਕਾਹਮਾ, ਕਪਿਲ ਸ਼ਰਮਾ, ਰਿਟਾਇਰਡ ਪ੍ਰਿੰਸੀਪਲ ਅਵਤਾਰ ਸਿੰਘ ਗੋਬਿੰਦਪੁਰੀ ਦੂਰਦਰਸ਼ਨ ਜਲੰਧਰ, ਜਸਵੀਰ ਸਿੰਘ ਆਸਟਰੀਆ ਆਦਿ ਹਾਜ਼ਰ ਸਨ।

# ਤਨਖਾਹ ਕਟੌਤੀ ਨੂੰ ਲੈ ਕੇ ਦਫ਼ਤਰੀ ਮੁਲਾਜ਼ਮਾਂ ਨੇ ਕੈਬਨਿਟ ਮੰਤਰੀ ਨੂੰ ਦਿੱਤਾ ਮੰਗ ਪੱਤਰ

**ਜਲੰਧਰ (ਰਾਜੇਸ਼ ਥਾਪਾ)**

20 ਸਾਲਾਂ ਤੋਂ ਸਿੱਖਿਆ ਵਿਭਾਗ ਵਿਚ ਤਨਦੇਹੀ ਨਾਲ ਆਪਣੀਆ ਸੇਵਾਵਾਂ ਦੇ ਰਹੇ ਦਫਤਰੀ ਕਰਮਚਾਰੀਆ ਦੀਆ ਤਨਖਾਹਾਂ ਤੇ 31000 ਰੁਪਏ ਪ੍ਰਤੀ ਮਹੀਨਾ ਕੱਟ ਲਾਉਣ ਦੇ ਸਬੰਧ ਵਿਚ ਮੁਲਾਜ਼ਮਾਂ ਦੇ ਵਫ਼ਦ ਵੱਲੋਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੂੰ ਮੰਗ ਪੱਤਰ ਦਿੱਤਾ ਤੇ ਕਿਹਾ ਕਿ 23 ਫਰਵਰੀ ਦੀ ਕੈਬਨਿਟ ਮੀਟਿੰਗ ਦੌਰਾਨ ਤਨਖਾਹ ਕਟੌਤੀ ਦਾ ਪੱਤਰ ਰੱਦ ਕਰਕੇ ਮੁਲਾਜ਼ਮਾਂ ਨੂੰ 01.04.2018 ਮਹੀਨੇ ਤੋਂ ਰੈਗੂਲਰ ਆਰਡਰ ਜਾਰੀ ਕਰਨ ਦੀ ਗੱਲ ਰੱਖੀ ਜਾਵੇ। ਕੈਬਨਿਟ ਮੰਤਰੀ ਵੱਲੋਂ ਭਰੋਸਾ ਦਿੱਤਾ ਗਿਆ ਕਿ ਮੀਟਿੰਗ ਵਿੱਚ ਮੁੱਖ ਮੰਤਰੀ ਕੋਲ ਇਹ ਗੱਲ ਰੱਖਣਗੇ।



ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ 08/09/2025 ਦੀ ਕੈਬਨਿਟ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੈਬਨਿਟ ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਕਈ ਵਾਰ ਅਧਿਕਾਰੀਆ ਨੂੰ ਤਨਖਾਹਾਂ ਨਾ ਘਟਾਉਣ ਅਤੇ ਠੋਸ ਫੈਸਲਾ ਲੈਣ ਦੀ ਹਦਾਇਤ ਕੀਤੀ ਪ੍ਰੰਤੂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਰਕਾਰ ਦੇ ਹੁਕਮਾਂ ਨੂੰ ਅਣਗੌਲਿਆ ਕੀਤਾ ਗਿਆ। ਤਤਕਾਲੀ ਸਕੱਤਰ ਸਕੂਲ ਸਿੱਖਿਆ ਵੱਲੋਂ ਜਥੇਬੰਦੀ ਨਾਲ ਮਿਤੀ 10/10/2025 ਨੂੰ ਮੀਟਿੰਗ ਕੀਤੀ ਗਈ ਜਿਸ ਦੌਰਾਨ ਉਨ੍ਹਾ ਨਾਲ ਹੋਈ ਵਿਚਾਰ ਚਰਚਾ ਅਨੁਸਾਰ ਕਰਮਚਾਰੀਆ ਨੂੰ 01.04.2018 ਤੋਂ ਅਧਿਆਪਕਾਂ ਦੀ ਤਰਜ਼ ਤੇ ਰੈਗੂਲਰ ਕਰਨ ਅਤੇ ਤਨਖਾਹਾਂ ਨਾ ਘਟਾਉਣ ਸਬੰਧੀ ਗੱਲਬਾਤ ਹੋਈ ਸੀ ਜਿਸ ਦੌਰਾਨ ਉਨ੍ਹਾ ਨੂੰ ਬੇਨਤੀ ਪੱਤਰ ਵੀ ਦਿੱਤਾ ਗਿਆ ਸੀ ਪ੍ਰੰਤੂ 5 ਮਹੀਨੇ ਬੀਤਣ ਤੇ 01.04.2018 ਤੋਂ ਆਰਡਰ ਦੇਣ ਜਾਂ ਤਨਖਾਹਾਂ ਸਬੰਧੀ ਫੈਸਲਾ ਲੇਣ ਦੀ ਫਾਈਲ ਸਿੱਖਿਆ ਸਕੱਤਰ ਦਫਤਰ ਦੇ ਇਕ ਟੇਬਲ ਤੋਂ ਦੂਜੇ ਟੇਬਲ ਤੇ ਹੀ ਘੁੰਮ ਰਹੀ ਹੈ।

ਸਾਲ 2018 ਦੌਰਾਨ ਸਿੱਖਿਆ ਵਿਭਾਗ ਦੇ 8886 ਅਧਿਆਪਕਾਂ ਨੂੰ ਸਰਕਾਰ ਵੱਲੋਂ ਰੈਗੂਲਰ ਕੀਤਾ ਗਿਆ ਸੀ ਉਸ ਸਮੇਂ ਦਫ਼ਤਰੀ ਕਰਮਚਾਰੀਆਂ ਨੂੰ ਅਣਗੋਲਿਆ ਕੀਤਾ ਗਿਆ ।ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂਆ ਸ਼ੋਭਿਤ ਭਗਤ, ਗਗਨਦੀਪ ਸ਼ਰਮਾ, ਰਾਜੀਵ ਸ਼ਰਮਾ ਗਗਨ ਸਿਆਲ, ਰਾਕੇਸ਼, ਸੋਹਨ ਲਾਲ, ਪੰਕਜ, ਵਿਕਾਸ ਨੇ ਕਿਹਾ ਕਿ ਸਿੱਖਿਆ ਵਿਭਾਗ ਨੇ ਜੇਕਰ ਤਨਖ਼ਾਹ ਕਟੌਤੀ ਦਾ ਫੈਸਲਾ ਵਾਪਸ ਨਾ ਲਿਆ ਤੇ ਜਬਰੀ ਹੁਕਮ ਥੋਪਣ ਦੀ ਕੋਸ਼ਿਸ਼ ਕੀਤੀ ਤਾਂ ਮੁਲਾਜ਼ਮ ਕਿਸੇ ਸਮੇਂ ਵੀ ਹੜਤਾਲ ਤੇ ਜਾ ਸਕਦੇ ਹਨ। ਨਾਲ ਹੀ ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਦੇ ਇਸ ਫੈਸਲੇ ਵਿਰੁੱਧ ਦਫਤਰੀ ਕਰਮਚਾਰੀ 25 ਫਰਵਰੀ ਨੂੰ ਸਮੂਹਿਕ ਛੁੱਟੀ ਲੈ ਕੇ ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ ਵੱਲ ਮਾਰਚ ਕਰਨਗੇ।

# ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ

**ਨਕੋਦਰ (ਮਨਜੀਤ ਮਾਨ)**

ਦੀ-ਗੋਲਡਨ ਵੈਲਫੇਅਰ ਸੋਸਾਇਟੀ ਵੱਲੋਂ ਗੋਲਡਨ ਐਵਨਿਊ ਕਲੋਨੀ ਨਕੋਦਰ ਵਿਖੇ ਸ਼੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ, ਜਿਸ ਵਿੱਚ ਸਮੂਹ ਕਲੋਨੀ ਨਿਵਾਸੀਆਂ ਦੇ ਪਰਿਵਾਰਾਂ ਅਤੇ ਕਲੋਨੀ ਦੀ ਸੋਸਾਇਟੀ ਦੇ ਮੈਂਬਰਾਂ ਵੱਲੋਂ ਹਾਜਰੀ ਦਿੱਤੀ ਗਈ।ਇਸ ਪ੍ਰੋਗਰਾਮ ਦੇ ਵਿੱਚ ਸਾਰੇ ਪਰਵਾਰਾਂ ਵੱਲੋਂ ਤਨ-ਮਨ-ਧੰਨ ਨਾਲ ਸੇਵਾ ਕੀਤੀ ਗਈ।ਇਸ ਮੌਕੇ ਦਲਜੀਤ ਸਿੰਘ ਤੇਜੀ ਪ੍ਰਧਾਨ ਦੀ-ਗੋਲਡਨ ਐਵਨਿਊ ਵੈਲਫੇਅਰ ਸੋਸਾਇਟੀ ਵੱਲੋਂ ਸਾਰਿਆਂ ਦਾ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ-ਆਸਰਾ ਲੈਂਦੇ ਹੋਏ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ ਗਿਆ ਮਨਜਿੰਦਰ ਸਿੰਘ ਬੱਲ ਵੱਲੋਂ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਲੋਨੀ ਵਾਸੀਆਂ ਨੇ ਆਪਣੀ ਸ਼ਰਧਾ ਦਿਖਾਉਦੇ ਹੋਏ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰਦੇ ਹੋਏ ਸਾਰਿਆਂ ਦੀ ਸੁੱਖ ਸ਼ਾਂਤੀ ਅਤੇ ਖੁਸ਼ੀਆਂ ਤੇ ਖੇੜਿਆਂ ਭਰਿਆ ਸਮਾਂ ਆਉਣ ਦੀ ਕਾਮਨਾ ਕੀਤੀ।ਇਸ ਪ੍ਰੋਗਰਾਮ ਵਿੱਚ ਕਸ਼ਮੀਰ ਸਿੰਘ ਕਲੇਰ, ਭੁਪਿੰਦਰ ਕੁਮਾਰ ਨਾਯਰ, ਪਵਿੱਤਰ ਸਿੰਘ ਕੈਲ੍ਹੇ, ਜਸਵੀਰ ਸਿੰਘ, ਪਵਨ ਕੁਮਾਰ (ਸਾਇੰਸ ਮਾਸਟਰ), ਬਲਵਿੰਦਰ ਸਿੰਘ (ਰਿਟਾਇਰਡ ਪੁਲਿਸ ਅਫਸਰ,



ਸੀ ਆਈ ਡੀ ਵਿਭਾਗ), ਕੁਲਦੀਪ ਸਿੰਘ, ਮਲਕੀਤ ਸਿੰਘ ਕੱਲ੍ਹਾ (ਐਡਵੋਕੇਟ), ਹਰੀਪਾਲ, ਗੁਰਮੀਤ ਸਿੰਘ ਚਾਨਾ (ਮਾਲਵਾ ਪੰਪ ਵਾਲੇ), ਗੁਰਮੀਤ ਸਿੰਘ ਕਲੇਰ, ਮਾਸਟਰ ਓਂਕਾਰ ਸਿੰਘ ਰਿਟਾਇਰਡ ਮੈਥ ਮਾਸਟਰ, ਰਾਜ ਕਪੂਰ ਲੈਕਚਰਾਰ ਮੈਥ (ਰਿਟਾਇਰਡ), ਰਣਜੀਤ ਸਿੰਘ ਚਾਹਲ ਦਾ ਪਰਿਵਾਰ, ਨਿਰਮਲ ਸਿੰਘ, ਵਿੱਕੀ ਭਟਾਰਾ, ਸੋਹਣ ਸਿੰਘ ਚਾਨੀਆ ਵਾਲੇ ਸਵ. ਜੋਗਿੰਦਰ ਸਿੰਘ ਸੋਖੀ ਦਾ ਪਰਿਵਾਰ ਅਤੇ ਕਲੋਨੀ ਵਿੱਚ ਹੋਰ ਬਹੁਤ ਸਾਰੇ ਸੂਝਵਾਨ ਮੈਂਬਰ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਿਲ੍ਹਾ ਇਕਾਈ ਦੇ ਨਵੇਂ ਅਹੁਦੇਦਾਰਾਂ ਦੀ ਸੂਚੀ ਜਾਰੀ

**ਮੋਹਾਲੀ (ਗੁਰਜੀਤ ਬਿੱਲਾ)**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੇ ਗਏ ਪਾਰਟੀ ਵਿਸਥਾਰ ਸਬੰਧੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਤੇ ਜ਼ਿਲ੍ਹਾ ਆਬਜ਼ਰਵਰ ਐੱਨ ਕੇ ਸ਼ਰਮਾ ਨਾਲ ਸਲਾਹ-ਮਸ਼ਵਰਾ ਕਰਨ ਉਪਰੰਤ, ਜ਼ਿਲ੍ਹਾ ਪ੍ਰਧਾਨ ਮੋਹਾਲੀ, ਪਰਵਿੰਦਰ ਸਿੰਘ ਸੋਹਾਣਾ ਵੱਲੋਂ ਜ਼ਿਲ੍ਹਾ ਇਕਾਈ ਦੇ ਨਵੇਂ ਅਹੁਦੇਦਾਰਾਂ ਦੀ ਵਿਸਤ੍ਰਿਤ ਸੂਚੀ ਜਾਰੀ ਕੀਤੀ ਗਈ ਹੈ। ਪਰਵਿੰਦਰ ਸਿੰਘ ਸੁਹਾਣਾ ਵੱਲੋਂ ਜਾਰੀ ਬਿਆਨ ਅਨੁਸਾਰ, ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਅਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਨਿਯੁਕਤੀਆਂ ਕੀਤੀਆਂ ਗਈਆਂ ਹਨ।ਨਵੀਂ ਬਣੀ ਟੀਮ ਵਿੱਚ ਸੀਨੀਅਰ ਮੀਤ ਪ੍ਰਧਾਨ ਵਜੋਂ ਜਸਵੀਰ ਸਿੰਘ ਕੁਰੜਾ, ਗੁਰਚਰਨ ਸਿੰਘ ਟਿੱਕਾ ਨਗਾਰੀ, ਨਿਰਮਲ ਸਿੰਘ ਮਾਣਕ ਮਾਜਰਾ, ਹਰਪ੍ਰੀਤ ਸਿੰਘ ਬਿੱਲੂ ਬੈਰੋਪੁਰ, ਹਰਪਾਲ ਸਿੰਘ ਬਠਲਾਣਾ, ਬਲਵਿੰਦਰ ਸਿੰਘ ਮੋਟੇ ਮਾਜਰਾ, ਗੁਰਪ੍ਰੀਤ ਸਿੰਘ ਤਗੋਰੀ, ਗੁਰਪ੍ਰੀਤ ਸਿੰਘ ਸਨੇਟਾ, ਕਰਮਜੀਤ ਸਿੰਘ ਮੇਲੀ ਤੇ ਗੁਰਮੀਤ ਸਿੰਘ ਕੰਬਾਲੀ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਮੀਤ ਪ੍ਰਧਾਨਾਂ ਵਜੋਂ ਗੁਰਵਿੰਦਰ ਸਿੰਘ ਕੈਲੋਂ, ਗੁਰਵਿੰਦਰ ਸਿੰਘ ਬੜੀ, ਸੁਖਪ੍ਰੀਤ ਸਿੰਘ ਬਾਕਰਪੁਰ, ਗੁਰਵਿੰਦਰ ਸਿੰਘ ਸਫੀਪੁਰ, ਰਣਧੀਰ ਸਿੰਘ ਨਡਿਆਲੀ,ਭਗਵੰਤ ਸਿੰਘ ਬੈਨੀਪਾਲ ਝਿਉਰਹੇੜੀ, ਜਸਵਿੰਦਰ ਸਿੰਘ ਕਾਲਾ ਮਨੋਲੀ, ਦਿਨੇਸ਼ ਰਾਣਾ, ਜੀਵਨ ਰਾਣਾ, ਮੁਹੰਮਦ ਇਕਬਾਲ ਘੜੂੰਆਂ, ਚੌਧਰੀ ਨਾਇਬ ਸਿੰਘ ਗੋਬਿੰਦਗੜ੍ਹ, ਮਨਪ੍ਰੀਤ ਸਿੰਘ ਸਨੇਟਾ, ਜਸਪ੍ਰੀਤ ਸਿੰਘ ਸਨੇਟਾ, ਬਹਾਦਰ ਸਿੰਘ ਕੰਬਾਲੀ ਤੇ ਜਗਤਾਰ ਸਿੰਘ ਚਾਚੂਮਾਜਰਾ ਨੂੰ ਸ਼ਾਮਲ ਕੀਤਾ ਗਿਆ ਹੈ। ਜਨਰਲ ਸਕੱਤਰਾਂ ਵਜੋਂ ਸੁਰਿੰਦਰ ਸਿੰਘ ਗਰੇਵਾਲ ਬਲੌਂਗੀ, ਸਤਨਾਮ ਸਿੰਘ ਲਾਂਡਰਾਂ, ਸੋਹਣ ਸਿੰਘ ਦੱਪੜਚਿੜੀ ਕਲਾਂ, ਨਵਜੋਤ ਸਿੰਘ ਚੱਪੜ ਚਿੜੀ ਖੁਰਦ, ਗੁਰਮੀਤ ਸਿੰਘ ਬੜਮਾਜਰਾ, ਸੁਰਮੁੱਖ ਸਿੰਘ ਨੰਬਰਦਾਰ ਰਾਏਪੁਰ (ਦਾਉ) ਤੇ ਕਰਨੈਲ ਸਿੰਘ ਬਹਿਲੋਲਪੁਰ ਨੂੰ ਨਿਯੁਕਤ ਕੀਤਾ ਗਿਆ ਹੈ। ਜੱਥੇਬੰਦਕ ਸਕੱਤਰਾਂ ਵਜੋਂ ਚੌਧਰੀ ਕਰਮਜੀਤ ਸਨੇਟਾ, ਸਰਦਾਰਾ ਸਿੰਘ ਜੁਝਾਰ ਨਗਰ ਤੇ ਸੋਹਣ ਸਿੰਘ ਦੁਰਾਲੀ ਨੂੰ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਹਰਵਿੰਦਰ ਸਿੰਘ ਨੰਬਰਦਾਰ ਨੂੰ ਪ੍ਰੈੱਸ ਸਕੱਤਰ ਬਣਾਇਆ ਗਿਆ ਹੈ, ਜਦਕਿ ਸੰਦੀਪ ਰਾਣਾ ਅਤੇ ਰਕੇਸ਼ ਸਿੰਘ ਤੜੌਲੀ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ।

# ਸ੍ਰੀ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਹਾੜੇ ਮੌਕੇ ਕੀਰਤਨ ਦਰਬਾਰ ਕਰਵਾਏ

**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)**

ਪਿੰਡ ਜੱਲੋਵਾਲ ਖਨੂਰ ਵਿਖੇ ਡਾਇਮੰਡ ਆਫ਼ ਕੈਲੀਫੋਰਨੀਆ, ਗੁਰ ਕ੍ਰਿਪਾ ਵੈਲਫੇਅਰ ਸੁਸਾਇਟੀ, ਸਮੂਹ ਸਾਧ ਸੰਗਤ ਜੱਲੋਵਾਲ ਖਨੂਰ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਦੇ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸਾਲਾਨਾ ਦੂਜਾ ਇੰਟਰਨੈਸ਼ਨਲ ਮਹਾਨ ਕੀਰਤਨ ਦਰਬਾਰ ਕਰਵਾਏ ਗਏ।ਇਸ ਮੌਕੇ ਦੀਦਾਰ ਸਿੰਘ ਅਮਰੀਕਾ, ਬਲਕਾਰ ਸਿੰਘ ਅਮਰੀਕਾ, ਪ੍ਰਿੰਸੀਪਲ ਸਤਨਾਮ ਸਿੰਘ ਜੱਲੋਵਾਲ ਖਨੂਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਲਾਨਾ ਦੂਜੇ ਇੰਟਰਨੈਸ਼ਨਲ ਮਹਾਨ ਕੀਰਤਨ ਮੌਕੇ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਖੁੱਲ੍ਹੇ ਪੰਡਾਲ ਵਿੱਚ ਸਿੰਘ ਸਾਹਿਬ ਜਥੇਦਾਰ ਕੁਲਦੀਪ ਸਿੰਘ ਗੜਗੱਜ ਜਥੇਦਾਰ ਸ੍ਰੀ ਅਕਾਲ ਤਖਤ ਸ੍ਰੀ ਅੰਮ੍ਰਿਤਸਰ, ਜਿੰਦਾ ਸ਼ਹੀਦ ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾ, ਮਹੰਤ ਪ੍ਰਿਤਪਾਲ ਸਿੰਘ ਮਿੱਠਾ ਟਿਵਾਣਾ ਹੁਸ਼ਿਆਰਪੁਰ, ਸੰਤ ਅਨੂਪ ਸਿੰਘ ਊਨਾ ਸਾਹਿਬ ਵਾਲੇ, ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ, ਭਾਈ ਬਲਵਿੰਦਰ ਸਿੰਘ ਰੰਗੀਲਾ ਚੰਡੀਗੜ੍ਹ ਵਾਲੇ, ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜੈਦੀਪ ਸਿੰਘ ਕਥਾ ਵਾਚਕ ਫਗਵਾੜਾ, ਭਾਈ ਗਗਨਦੀਪ ਸਿੰਘ ਗੰਗਾ ਨਗਰ ਵਾਲੇ, ਬੀਬੀ ਦਲੇਰ ਕੌਰ ਖਾਲਸਾ ਇੰਟਰਨੈਸ਼ਨਲ ਢਾਡੀ ਜੱਥਾ, ਇਕਬਾਲ ਸਿੰਘ ਹੁਸ਼ਿਆਰਪੁਰ ਆਦਿ ਗੁਰਬਾਣੀ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਪ੍ਰਮੁੱਖ ਸਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮਾਗਮ ਦੌਰਾਨ ਭਾਈ ਅਮਰੀਕ



ਸਿੰਘ ਮੁੱਖ ਗ੍ਰੰਥੀ ਖਨੂਰ, ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ, ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ, ਜਥੇਦਾਰ ਜਤਿੰਦਰ ਸਿੰਘ ਲਾਲੀ ਬਾਜਵਾ ਹੁਸ਼ਿਆਰਪੁਰ, ਜਥੇਦਾਰ ਇਕਬਾਲ ਸਿੰਘ ਖੇੜਾ, ਜਥੇਦਾਰ ਸੁਰਜੀਤ ਸਿੰਘ ਮਸੂਤਾ ਭੁੰਗਰਨੀ, ਹਰਮਿੰਦਰ ਸਿੰਘ ਸੰਧੂ ਚੱਬੇਵਾਲ, ਨਿਰਮਲ ਸਿੰਘ ਭੀਲੋਵਾਲ, ਦੀਦਾਰ ਸਿੰਘ ਅਮਰੀਕਾ, ਬਲਕਾਰ ਸਿੰਘ ਅਮਰੀਕਾ, ਗੁਰਜੀਤ ਸਿੰਘ ਕੈਲੀਫੋਰਨੀਆ,ਪਰਮਿੰਦਰ ਸਿੰਘ ਕਨੇਡਾ, ਪ੍ਰਿੰਸੀਪਲ ਸਤਨਾਮ ਸਿੰਘ ਜੱਲੋਵਾਲ ਖਨੂਰ, ਥਾਣੇਦਾਰ ਚਰਨਜੀਤ ਸਿੰਘ ਖਨੂਰ, ਸੁਰਜੀਤ ਸਿੰਘ ਸ਼ਿੰਬਲੀ, ਅਮਰਜੀਤ ਸਿੰਘ ਸ਼ਿੰਬਲੀ, ਬਾਬਾ ਹਰਭਜਨ ਸਿੰਘ, ਸਰਪੰਚ ਬਲਜੀਤ ਸਿੰਘ ਜੱਲੋਵਾਲ, ਬੰਟੀ ਠੀਡਾ, ਜਸਵੀਰ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਕੈਪਟਨ ਗੁਰਦੀਪ ਸਿੰਘ, ਸਰਪੰਚ ਜਗਤਾਰ ਸਿੰਘ ਖਨੂਰ, ਤਰਸੇਮ ਸਿੰਘ, ਸੁਖਜਿੰਦਰ ਸਿੰਘ, ਜਥੇਦਾਰ ਹਰਬੰਸ ਸਿੰਘ ਜੱਲੋਵਾਲ, ਹਰਵਿੰਦਰ ਸਿੰਘ ਬਿੰਦਾ ਲੁਧਿਆਣਾ, ਜਸਵੀਰ ਸਿੰਘ ਜੱਸਾ, ਜਸਦੀਪ ਸਿੰਘ ਹੈਰੀ, ਕਮਲਜੀਤ ਸਿੰਘ ਭੂਪਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।ਇਸ ਮੌਕੇ ਸਮਾਗਮ ਦੌਰਾਨ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਵੈਲਫੇਅਰ ਸੁਸਾਇਟੀ ਵੱਲੋਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਮਹਾਨ ਕੀਰਤਨ ਦਰਬਾਰ ਭਾਈ ਜੈਦੀਪ ਸਿੰਘ ਫਗਵਾੜਾ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ।ਇਸ ਮੌਕੇ ਸਮਾਗਮ ਦੌਰਾਨ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ।

# ਹਾਈਕੋਰਟ ਦੇ ਸਟੇਅ ਦੇ ਬਾਵਜੂਦ ਹੋ ਰਹੀ ਡੀਸਿਲਟਿੰਗ : ਐੱਨ ਕੇ ਸ਼ਰਮਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)**

ਡੇਰਾਬੱਸੀ ਦੇ ਸਾਬਕਾ ਵਿਧਾਇਕ ਐੱਨ ਕੇ ਸ਼ਰਮਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਟੇਅ ਆਰਡਰ ਦੇ ਬਾਵਜੂਦ ਡੇਰਾਬੱਸੀ ਖੇਤਰ ਵਿੱਚ ਡੀਸਿਲਟਿੰਗ (ਨਦੀ ਦੀ ਸਫਾਈ)



ਕੀਤੇ ਜਾਣ ਦਾ ਦੋਸ਼ ਲਗਾਇਆ ਹੈ। ਐਨ ਕੇ ਸ਼ਰਮਾ ਨੇ ਕਿਸਾਨਾਂ ਦੀ ਮੰਗ 'ਤੇ ਅਮਲਾਲਾ ਤੇ ਆਲੇ-ਦੁਆਲੇ ਦੇ ਇਲਾਕਿਆਂ ਦਾ ਦੌਰਾ ਕੀਤਾ, ਜਿੱਥੇ ਜੇ ਸੀ ਬੀ ਤੇ ਪੋਕ ਲੇਨ ਮਸ਼ੀਨਾਂ ਮਿੱਟੀ ਪੁੱਟ ਰਹੀਆਂ ਸਨ। ਟਰੈਕਟਰ ਟਰਾਲੀਆਂ ਤੇ ਟਿੱਪਰ ਮਿੱਟੀ ਦੀ ਢੋਆ-ਢੁਆਈ ਕਰ ਰਹੇ ਸਨ।ਕਿਸਾਨ ਹਰਦੀਪ ਸਿੰਘ, ਹਰਚਰਨ ਸਿੰਘ ਅਮਲਾਲਾ, ਜਗਤਾਰ ਸਿੰਘ, ਰਤਨ ਸਿੰਘ ਫੌਜੀ ਤੇ ਬਲਵੀਰ ਸਿੰਘ ਨੇ ਦੱਸਿਆ ਕਿ ਡੀਸਿਲਟਿੰਗ ਦੇ ਨਾਂਅ ਤੇ ਪਿਛਲੇ ਮਹੀਨੇ ਤੋਂ ਖੁਦਾਈ ਜਾਰੀ ਹੈ। ਘੱਗਰ ਦਰਿਆ ਦੇ ਕੰਢੇ ਖੜ੍ਹੇ ਕਈ ਕੀਮਤੀ ਦਰੱਖਤ ਜੜ੍ਹੋਂ ਪੁੱਟ ਦਿੱਤੇ ਗਏ ਹਨ।ਸਾਬਕਾ ਵਿਧਾਇਕ ਸ਼ਰਮਾ ਨੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ, ਉੱਥੇ ਮੌਜੂਦ ਜੇ ਈ ਨਾਲ ਗੱਲ ਕੀਤੀ, ਜਿਨ੍ਹਾਂ ਨੇ ਕਿਹਾ ਕਿ ਹਾਈ ਕੋਰਟ ਦੇ ਹੁਕਮਾਂ ਦੀ ਕਾਪੀ ਉਨ੍ਹਾਂ ਤੱਕ ਨਹੀਂ ਪਹੁੰਚੀ। ਜਦੋਂ ਸ਼ਰਮਾ ਨੇ ਐੱਸ ਡੀ ਐਮ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਜਗ੍ਹਾ ਕਿਸੇ ਨੂੰ ਵੀ ਅਲਾਟ ਨਹੀਂ ਕੀਤੀ ਗਈ ਹੈ। ਐੱਸ ਡੀ ਐੱਮ ਨੇ ਇੱਥੇ ਮਾਈਨਿੰਗ ਬਾਰੇ ਅਣਜਾਣਤਾ ਪ੍ਰਗਟਾਈ। ਪੱਤਰਕਾਰਾਂ ਨਾਲ ਗੱਲ ਕਰਦਿਆਂ, ਸਾਬਕਾ ਵਿਧਾਇਕ ਨੇ ਕਿਹਾ ਕਿ ਅਧਿਕਾਰੀ ਕਿਸੇ ਵੀ ਜਾਣਕਾਰੀ ਤੋਂ ਇਨਕਾਰ ਕਰ ਰਹੇ ਹਨ ਤੇ ਅਮਲਾਲਾ ਤੇ ਆਸ ਪਾਸ ਦੇ ਇਲਾਕਿਆਂ ਦੇ ਕਿਸਾਨਾਂ ਨੂੰ ਦਿਨ-ਰਾਤ ਖੁਦਾਈ ਕਰਨ ਵਾਲੀਆਂ ਮਸ਼ੀਨਾਂ ਨਾਲ ਬਰਬਾਦ ਕੀਤਾ ਜਾ ਰਿਹਾ ਹੈ। ਸ਼ਰਮਾ ਨੇ ਕਿਹਾ ਕਿ ਉਹ ਇਸ ਮਾਮਲੇ ਵਿੱਚ ਜ਼ਿਲ੍ਹਾ ਡਿਪਟੀ ਕਮਿਸ਼ਨਰ ਨੂੰ ਸ਼ਿਕਾਇਤ ਕਰਨਗੇ ਤੇ ਹਾਈ ਕੋਰਟ ਦੀ ਉਲੰਘਣਾ ਦਾ ਮਾਮਲਾ ਵੀ ਦਰਜ ਕੀਤਾ ਜਾਵੇਗਾ।

# ਸੁਲਤਾਨਪੁਰ 'ਚ ਲੋਕਾਂ ਦੇ ਘਰਾਂ 'ਚ ਦਾਖਲ ਹੋਇਆ ਗੰਦਾ ਪਾਣੀ

## ਪ੍ਰਸ਼ਾਸਨਿਕ ਅਣਗਹਿਲੀ ਵਿਰੁੱਧ 'ਲੋਕ ਇਨਸਾਫ ਮੰਚ' ਨੇ ਕੀਤਾ ਸੰਘਰਸ਼ ਦਾ ਐਲਾਨ

**ਫਿਲੌਰ, (ਨਿਰਮਲ)**-ਬਲਾਕ ਫਿਲੌਰ ਦੇ ਪਿੰਡ ਸੁਲਤਾਨਪੁਰ ਵਿੱਚ ਗੰਦਾ ਪਾਣੀ ਲੋਕਾਂ ਦੇ ਘਰਾਂ 'ਚ ਦਾਖਲ ਹੋ ਚੁੱਕਾ ਹੈ, ਜਿਸ ਕਾਰਨ ਪਿੰਡ ਵਾਸੀ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਇਸ ਗੰਭੀਰ ਅਤੇ ਤਰਸਯੋਗ ਸਥਿਤੀ ਦਾ ਜਾਇਜ਼ਾ ਲੈਣ ਲਈ 'ਲੋਕ ਇਨਸਾਫ ਮੰਚ ਪੰਜਾਬ' ਦੀ ਟੀਮ ਵੱਲੋਂ ਪਿੰਡ ਦਾ ਤੂਫ਼ਾਨੀ ਦੌਰਾ ਕੀਤਾ ਗਿਆ ਤੇ ਪਿੰਡ ਵਾਸੀਆਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕੀਤਾ ਗਿਆ।ਮੰਚ ਦੇ ਪ੍ਰਧਾਨ ਜਰਨੈਲ ਫਿਲੌਰ, ਸਕੱਤਰ ਪਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ ਅਤੇ ਡਾ. ਸੰਦੀਪ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਤੇ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਦਾ ਐਲਾਨ ਕੀਤਾ।ਮੀਟਿੰਗ ਨੂੰ ਸੰਬੋਧਨ ਕਰਦਿਆਂ ਮੰਚ ਦੇ ਸਕੱਤਰ ਪਰਸ਼ੋਤਮ ਫਿਲੌਰ ਨੇ ਕਿਹਾ ਕਿ ਇਹ ਸਿਰਫ਼ ਇੱਕ ਪਿੰਡ ਦੀ ਸਮੱਸਿਆ ਨਹੀਂ, ਸਗੋਂ ਪ੍ਰਸ਼ਾਸਨ ਫੇਲ੍ਹ ਹੋਣ ਦਾ ਸਬੂਤ ਹੈ । ਰਵੀ ਕੁਮਾਰ ਨੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇੱਕ ਹਫ਼ਤੇ ਦੇ ਅੰਦਰ ਪਾਣੀ ਦੀ ਨਿਕਾਸੀ ਦਾ ਪੱਕਾ ਹੱਲ ਨਾ ਹੋਇਆ ਤਾਂ ਪਿੰਡ ਵਾਸੀਆਂ ਵੱਲੋਂ ਬੀ ਡੀ ਪੀ ਓ ਦਫ਼ਤਰ ਦਾ ਘਿਰਾਓ ਕਰਕੇ ਉੱਥੇ ਹੀ ਪੱਕਾ ਮੋਰਚਾ ਲਾਇਆ ਜਾਵੇਗਾ। ਇਸ ਮੌਕੇ ਮਨੀਸ਼ ਕਲੇਰ, ਸੌਰਵ ਕੈਂਥ, ਲਾਡੀ ਕਲੇਰ, ਜਰਨੈਲ ਰਾਮ, ਸੋਮਰਾਜ, ਬਲਦੇਵ ਸਿੰਘ, ਸੰਤੋਖ ਰਾਮ, ਬੂਟਾ ਰਾਮ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ, ਜਿਨ੍ਹਾਂ ਨੇ ਸੰਬੰਧਿਤ ਵਿਭਾਗ ਵਿਰੁੱਧ ਅਸਮਾਨ ਗੂੰਜਵੇਂ ਨਾਅਰੇ ਲਗਾਏ।



# ਪੁਲ ਦੀ ਖਸਤਾ ਹਾਲਤ ਬਣ ਰਹੀ ਹਾਦਸਿਆਂ ਦਾ ਕਾਰਨ : ਮਿੱਕੀ ਪੰਡਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਕਾਰ ਸਿੰਘ)**

ਕੇਂਦਰ ਸਰਕਾਰ ਆਏ ਦਿਨ ਨਿਤ ਨਵੀਆਂ ਸੜਕਾਂ ਦਾ ਉਦਘਾਟਨ ਕਰ ਰਹੀ ਹੈ ਅਤੇ ਆਮ ਜਨਤਾ ਨੂੰ ਵਾਧੂ ਸਹੂਲਤਾਂ ਮੁਹੱਈਆ ਕਰਵਾਉਣ ਲਈ ਨਵੇਂ ਪੁਲ ਬਣਾ ਰਹੀ ਹੈ ਤਾਂ ਜੋ ਵਾਹਨ ਚਾਲਕਾਂ ਨੂੰ ਕਿਸੇ ਵੀ ਪ੍ਰਕਾਰ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ, ਪਰ ਕੇਂਦਰ ਸਰਕਾਰ ਦਾ ਨੈਸ਼ਨਲ ਹਾਈਵੇ ਅਥਾਰਟੀ ਵਿਭਾਗ ਨਵੀਆਂ ਸੜਕਾਂ ਦਾ ਨਿਰਮਾਣ ਕਰਨਾ ਤਾਂ ਇੱਕ ਪਾਸੇ ਪਹਿਲਾਂ ਤੋਂ ਬਣੀਆਂ ਹੋਈਆਂ ਸੜਕਾਂ ਦੀ ਮੁਰੰਮਤ ਵੀ ਨਹੀਂ ਕਰਵਾ ਰਿਹਾ ਜਿਸ ਦੀ ਤਾਜਾ ਮਿਸਾਲ ਹੈ ਟਾਂਡਾ ਸ੍ਰੀ ਹਰਗੋਬਿੰਦਪੁਰ ਦੀ ਸੜਕ ਤੇ ਇਸ ਤੇ ਪੈਂਦੇ ਬਿਆਸ ਦਰਿਆ ਪੁੱਲ ਦੀ ਖਸਤਾ ਹਾਲਤ।ਆਮ ਜਨਤਾ ਨੂੰ ਦਰਪੇਸ਼ ਆ ਰਹੀਆਂ ਇਨ੍ਹਾਂ ਮੁਸ਼ਕਲਾਂ ਨੂੰ ਵੇਖਦੇ ਹੋਏ ਸ਼ਿਵ ਸੈਨਾ ਪੰਜਾਬ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ ਦੀ ਅਗਵਾਈ ਵਿੱਚ ਦੋਆਬਾ ਪ੍ਰਧਾਨ ਸ਼ਿਵਮ ਵੈਦ, ਜ਼ਿਲਾ ਚੇਅਰਮੈਨ ਵਿਕਾਸ ਜਸਰਾ, ਬੇਟ ਏਰੀਆ ਪ੍ਰਧਾਨ ਗਗਨ ਪਰੋਜ, ਹਿੰਦੂ ਨੇਤਾ ਗਿੰਦਾ ਪਰੋਜ, ਉੱਘੇ ਸਮਾਜ ਸੇਵੀ ਜਿੰਦਰ ਬਨਿਆਲ, ਹਿੰਦੂ ਨੇਤਾ ਬਿੱਲਾ ਜੌਹਲ, ਹਰਜੀਤ ਸਿੰਘ, ਵਿਨੋਦ ਚੋਲਾਂਗ ਅਤੇ ਹੋਰ ਸ਼ਿਵ ਸੈਨਾ ਵਰਕਰਾਂ ਨੇ ਨੈਸ਼ਨਲ ਹਾਈਵੇ ਅਥਾਰਟੀ ਤੇ ਕੇਂਦਰ ਸਰਕਾਰ ਖ਼ਿਲਾਫ਼ ਰੋਸ ਦਾ ਪ੍ਰਗਟਾਵਾ ਕੀਤਾ।

# ਪ੍ਰੋਜੈਕਟ 'ਰੌਸ਼ਨੀ' ਨਾਲ ਬੱਚਿਆਂ ਨੂੰ ਮਿਲੀ ਨਵੀਂ ਦ੍ਰਿਸ਼ਟੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਬੱਚਿਆਂ ਦੇ ਸਿਹਤ ਅਤੇ ਬਿਹਤਰ ਭਵਿੱਖ ਨੂੰ ਯਕੀਨੀ ਬਣਾਉਣ ਲਈ ਚਲਾਏ ਜਾ ਰਹੇ ਯਤਨਾਂ ਦੇ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ (ਡੀ ਐਮ ਸੀ) ਲੁਧਿਆਣਾ ਵੱਲੋਂ ਚਲਾਏ ਜਾ ਰਹੇ 'ਪ੍ਰੋਜੈਕਟ ਰੌਸ਼ਨੀ' ਦੇ ਅਧੀਨ ਤੇ ਰਾਸ਼ਟਰੀ ਬਾਲ ਸਿਹਤ ਪ੍ਰੋਗਰਾਮ (ਆਰ ਬੀ ਐਸ ਕੇ) ਤਹਿਤ ਫਰਵਰੀ ਦੇ ਪਹਿਲੇ ਹਫਤੇ ਵਿਸ਼ੇਸ਼ ਜਾਂਚ ਕੈਂਪ ਆਯੋਜਿਤ ਕੀਤਾ ਗਿਆ ਸੀ, ਜਿਸ ਨਾਲ ਹਜ਼ਾਰਾਂ ਬੱਚਿਆਂ ਨੂੰ ਲਾਭ ਮਿਲਿਆ। ਡੀ ਐਮ ਸੀ ਲੁਧਿਆਣਾ ਦੀ ਡਾ. ਪ੍ਰਿਅੰਕਾ ਅਰੋੜਾ ਅਨੁਸਾਰ ਇਸ ਮੁਹਿਮ ਦੌਰਾਨ ਜ਼ਿਲ੍ਹੇ ਦੇ 15 ਸਰਕਾਰੀ ਤੇ ਨਿੱਜੀ ਸਕੂਲਾਂ ਵਿੱਚ ਸਿਹਤ ਜਾਂਚ ਕੀਤੀ ਗਈ ਤੇ ਕੁੱਲ 3,402 ਬੱਚਿਆਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਸਰਕਾਰੀ ਸਕੂਲਾਂ ਦੀ ਰਿਪੋਰਟ ਆਰ ਬੀ ਐਸ ਕੇ ਟੀਮ ਨਾਲ ਸਾਂਝੀ ਕਰ ਦਿੱਤੀ ਗਈ ਹੈ, ਜਦਕਿ ਜਿਨ੍ਹਾਂ ਬੱਚਿਆਂ ਨੂੰ ਚਸ਼ਮੇ ਦੀ ਲੋੜ ਹੈ, ਉਨ੍ਹਾਂ ਨੂੰ ਰਾਸ਼ਟਰੀ ਅੰਨ੍ਹਾਪਣ ਕੰਟਰੋਲ ਪ੍ਰੋਗਰਾਮ (ਏ ਪੀ ਸੀ ਬੀ) ਅਧੀਨ ਮੁਫ਼ਤ ਚਸ਼ਮੇ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਕੁਝ ਬੱਚਿਆਂ ਵਿੱਚ ਦ੍ਰਿਸ਼ਟੀ ਕਮਜ਼ੋਰੀ ਪਾਈ ਗਈ, ਜਿਨ੍ਹਾਂ ਨੂੰ ਮੌਕੇ 'ਤੇ ਹੀ ਚਸ਼ਮੇ ਦਿੱਤੇ ਗਏ, ਜਦਕਿ ਗੰਭੀਰ ਸਮੱਸਿਆਵਾਂ ਵਾਲੇ ਬੱਚਿਆਂ ਨੂੰ ਅੱਗੇ ਇਲਾਜ ਅਤੇ ਸਰਜਰੀ ਦੀ ਸਲਾਹ ਦਿੱਤੀ ਗਈ। ਇਸੇ ਲੜੀ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਦੋ ਬੱਚਿਆਂ ਵਿੱਚ ਅੱਖਾਂ ਦੇ ਟੇਢੇਪਣ (ਸਕਵਿੰਟ) ਦੀ ਸਮੱਸਿਆ ਪਾਈ ਗਈ ਸੀ। ਇਨ੍ਹਾਂ ਦੋਵਾਂ ਬੱਚਿਆਂ ਦਾ ਸਫਲ ਅਪ੍ਰੇਸ਼ਨ ਡੀ ਐਮ ਸੀ ਹਸਪਤਾਲ ਲੁਧਿਆਣਾ ਵਿੱਚ ਕੀਤਾ ਗਿਆ।

# ਵਿਧਾਇਕ ਕੁਲਵੰਤ ਸਿੰਘ ਨੇ 11 ਰਜਿਸਟਰੇਸ਼ਨ ਕੇਂਦਰਾਂ ਦਾ ਕੀਤਾ ਦੌਰਾ

**ਮੋਹਾਲੀ (ਡਾ. ਬਿੱਲਾ)**-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨੂੰ ਸਹੀ ਮਾਇਨਿਆਂ ਦੇ ਵਿੱਚ ਲਾਗੂ ਕਰਨ ਦੇ ਲਈ ਵਿਧਾਨ ਸਭਾ ਹਲਕਾ ਮੋਹਾਲੀ- ਵਿਧਾਇਕ ਕੁਲਵੰਤ ਸਿੰਘ ਵੱਲੋਂ ਰਜਿਸਟਰੇਸ਼ਨ ਕੀਤੇ ਜਾਣ ਵਾਲੇ ਸੇਵਾ ਕੇਂਦਰਾਂ ਦਾ ਦੌਰਾ ਕੀਤਾ ਗਿਆ, ਵਿਧਾਇਕ ਕੁਲਵੰਤ ਸਿੰਘ ਹੋਰਾਂ ਵੱਲੋਂ ਜੁਝਾਰ ਨਗਰ, ਫੇਜ਼ -6, ਮੋਹਾਲੀ ਪਿੰਡ,ਫੇਜ਼- 1, ਫੇਜ਼ 321 , ਫੇਜ਼ -10, ਸੈਕਟਰ-66, ਬਾਕਰਪੁਰ, ਸਨੇਟਾ, ਸੈਕਟਰ-79, ਸੈਕਟਰ- 77 ਵਿਖੇ ਚੱਲ ਰਹੇ ਸੇਵਾ ਕੇਂਦਰਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੋਰਾਂ ਵੱਲੋਂ ਸੂਬੇ ਦੇ ਸਰਬਪੱਖੀ ਵਿਕਾਸ ਲਈ ਵੱਖ- ਵੱਖ ਸਕੀਮਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਪੰਜਾਬ ਦੇ ਵਿਕਾਸ ਦੀ ਗਤੀ ਵੀ ਪਹਿਲਾਂ ਦੇ ਮੁਕਾਬਲਤਨ ਹੋਰ ਤੇਜ਼ ਹੋ ਚੁੱਕੀ ਹੈ।



# ਅਧਿਆਪਕਾਂ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਰਾਜ ਪੱਧਰੀ ਰੈਲੀ 'ਚ ਲਿਆ ਹਿੱਸਾ

**ਗੜ੍ਹਸ਼ੰਕਰ, (ਫੂਲਾ ਸਿੰਘ ਬੀਰਮਪੁਰ)**-ਜੀ ਟੀ ਯੂ ਗੜ੍ਹਸ਼ੰਕਰ 1 ਦੇ ਬਲਾਕ ਪ੍ਰਧਾਨ ਪਵਨ ਕੁਮਾਰ ਗੋਇਲ, ਜੀ ਟੀ ਯੂ ਬਲਾਕ ਗੜ੍ਹਸ਼ੰਕਰ 2 ਦੇ ਬਲਾਕ ਪ੍ਰਧਾਨ ਅਸ਼ਵਨੀ ਕੁਮਾਰ ਰਾਣਾ ਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਬਲਾਕ ਪ੍ਰਧਾਨ ਸਤਪਾਲ ਮਿਨਹਾਸ ਦੀ ਅਗਵਾਈ ਹੇਠ ਸ੍ਰੀ ਆਨੰਦਪੁਰ ਸਾਹਿਬ ਦੀ ਵਿਸ਼ਾਲ ਰੈਲੀ ਵਿੱਚ ਦੋਵਾਂ ਬਲਾਕਾਂ ਦੇ ਅਧਿਆਪਕਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਜਿਸ ਵਿੱਚ ਲੈਕਚਰਾਰ ਰਾਜ ਕੁਮਾਰ, ਲੈਕਚਰਾਰ ਨਰੇਸ਼ ਕੁਮਾਰ, ਸੰਦੀਪ ਕੁਮਾਰ ਹੈੱਡਮਾਸਟਰ, ਸੀ ਐੱਚ ਟੀ ਗੁਰਦੇਵ ਸਿੰਘ ਢਿੱਲੋਂ, ਸੀ ਐੱਚ ਟੀ ਜਸਵੀਰ ਸਿੰਘ, ਸੀ ਐੱਚ ਟੀ ਨਰੇਸ਼ ਕੁਮਾਰ, ਸੀ ਐੱਚ ਟੀ ਕੁਲਵੰਤ ਸਿੰਘ, ਲੈਕਚਰਾਰ ਹਰਬਲਾਸ ਬੰਗਾ, ਲੈਕਚਰਾਰ ਮਨੋਜ ਬੰਗਾ, ਨਿਤਿਨ ਸੁਮਨ, ਹਰਦੀਪ ਕੁਮਾਰ, ਲੈਕਚਰਾਰ ਅਮਰੀਕ ਦਿਆਲ, ਲੈਕਚਰਾਰ ਰਾਜ ਕੁਮਾਰ ਬੀਨੇਵਾਲ, ਕਰਨੈਲ ਸਿੰਘ, ਮਨੋਜ ਕੁਮਾਰ, ਕੇਵਲ ਕੌਰ, ਨਿਵੇਦਿਤਾ, ਕੁਲਜੀਤ ਕੌਰ, ਨਰਿੰਦਰ ਕੌਰ, ਖੁਸ਼ਵਿੰਦਰ ਕੌਰ, ਰੋਹਿਤ ਸ਼ਰਮਾ, ਕੁਲਦੀਪ ਸਿੰਘ, ਵਰਿੰਦਰ ਸਿੰਘ, ਦਵਿੰਦਰ ਕੁਮਾਰ, ਨਵਜੋਤ ਕੌਰ, ਕਾਂਤਾ ਰਾਣੀ, ਸੇਵਾਮੁਕਤ ਮਾਸਟਰ ਸਤਪਾਲ ਕਲੇਰ ਤੇ ਹੋਰ ਅਧਿਆਪਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।



# ਨਿਰੰਕਾਰੀ ਮਿਸ਼ਨ ਦੇ ਸੇਵਾਦਾਰਾਂ ਨੇ ਘੱਗਰ ਦਰਿਆ ਦੇ ਕਿਨਾਰਿਆਂ ਦੀ ਸਫ਼ਾਈ ਕੀਤੀ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਜਦੋਂ ਸੇਵਾ ਸਾਧਨਾ ਬਣ ਜਾਂਦੀ ਹੈ ਅਤੇ ਪ੍ਰਕ੍ਰਿਤੀ ਦੇ ਪ੍ਰਤੀ ਸਵੰਦੇਨਾ ਜੀਵਨ ਦਾ ਮੂਲ ਮੰਤਰ ਹੋਵੇ ਤਾਂ ਪਵਿੱਤਰ ਸੰਕਲਪ ਜਨਮ ਲੈਂਦੇ ਹਨ। ਮਾਨਵ ਸੇਵਾ ਅਤੇ ਲੋਕ ਕਲਿਆਣ ਦੀ ਇਸ ਅਦਭੁੱਤ ਚੇਤਨਾ ਨੂੰ ਸਾਕਾਰ ਰੂਪ ਪ੍ਰਦਾਨ ਕਰਨ ਲਈ ਸੰਤ ਨਿਰੰਕਾਰੀ ਮਿਸ਼ਨ ਦੁਆਰਾ 'ਪ੍ਰੋਜੈਕਟ ਅਮ੍ਰਿਤ' ਅਧੀਨ 'ਸਵੱਛ ਜਲ-ਸਵੱਛ ਮਨ' ਦੇ ਚੌਥੇ ਚਰਨ ਦਾ ਸ਼ਾਨਦਾਰ ਸ਼ੁਭ ਕਾਰਜ ਐਤਵਾਰ ਸਵੇਰੇ 8 ਵਜੇ ਤੋਂ ਲੈ ਕੇ 11:00 ਵਜੇ ਤੱਕ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੂਰੇ ਭਾਰਤ ਵਿੱਚ ਆਯੋਜਿਤ ਕੀਤਾ ਗਿਆ।ਇਸੇ ਲੜੀ ਤਹਿਤ ਨਿਰੰਕਾਰੀ ਮਿਸ਼ਨ ਦੀਆਂ ਡੇਰਾ ਬੱਸੀ ਤੇ ਭਾਂਖਰਪੁਰ ਬਰਾਂਚਾਂ ਦੇ ਲਗਭਗ 400 ਸੰਤ ਸੇਵਾਦਾਰਾਂ ਵੱਲੋਂ ਘੱਗਰ ਦਰਿਆ ਦੇ ਕਿਨਾਰਿਆਂ ਦੀ ਸਫ਼ਾਈ ਕੀਤੀ ਗਈ। ਡੇਰਾ ਬੱਸੀ ਦੀ ਸੰਯੋਜਕ ਭੈਣ ਗੁਰਚਰਨ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਵਿਸ਼ਾਲ ਅਭਿਆਨ ਦੇਸ਼ ਭਰ ਵਿੱਚ 1500 ਤੋਂ ਵੱਧ ਸਥਾਨਾਂ ਤੇ ਇੱਕੋ ਸਮੇਂ 'ਤੇ ਆਯੋਜਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਭਾਂਖਰਪੁਰ ਬਰਾਂਚ ਦੇ ਮੁਖੀ ਗੁਰਦਾਸ ਓਬਰਾਏ ਤੇ ਖੇਤਰੀ ਸੰਚਾਲਕ ਰਾਜੇਸ਼ ਗੌੜ ਵੀ ਮੌਜੂਦ ਸਨ। ਸਫਾਈ ਅਭਿਆਨ ਉਪਰੰਤ ਸਤਿਸੰਗ ਦਾ ਆਯੋਜਨ ਵੀ ਇਸੇ ਸਥਾਨ ਤੇ ਹੀ ਕੀਤਾ ਗਿਆ।ਇਸ ਪਹਿਲ ਦਾ ਮੁੱਖ ਉਦੇਸ਼ ਸਮਾਜ ਨੂੰ ਇਹ ਜਾਣਕਾਰੀ ਕਰਵਾਉਣਾ ਹੈ ਪਾਣੀ ਕੋਈ ਸਰੋਤ ਨਹੀਂ ਸਗੋਂ ਜੀਵਨ ਦਾ ਅਧਾਰ ਅਤੇ ਪ੍ਰਮਾਤਮਾ ਦੀ ਅਨਮੁੱਲੀ ਦੇਣ ਹੈ। ਜਿਸ ਦੀ ਰੱਖਿਆ ਕਰਨਾ ਹਰੇਕ ਇਨਸਾਨ ਦਾ ਨੈਤਿਕ ਕਰਤੱਵ ਹੈ।ਗੀਤਾਂ ਦੀਆਂ ਮਧੁਰ ਧੁਨਾਂ, ਸਮੂਹਿਕ ਗਾਨ, ਜਾਗਰੂਕਤਾ ਸੈਮੀਨਾਰਾ ਤੇ ਸੋਸ਼ਲ ਮੀਡੀਆ ਅਭਿਆਨਾ ਦੇ ਮਾਧਿਅਮ ਨਾਲ ਪਾਣੀ ਤੋਂ ਹੋਣ ਵਾਲੇ ਰੋਗ ਤੇ ਸਫਾਈ ਦੇ ਮਹੱਤਵ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।



# ਬਜ਼ੁਰਗਾਂ ਲਈ ਮੁਫ਼ਤ ਸਿਹਤ ਜਾਂਚ ਕੈਂਪ ਅੱਜ

**ਜਲੰਧਰ (ਇਕਬਾਲ ਸਿੰਘ ਉਭੀ)**-ਪੰਜਾਬ ਸਰਕਾਰ ਵਲੋਂ ਬਜ਼ੁਰਗਾਂ ਦੀ ਭਲਾਈ ਲਈ ਸ਼ੁਰੂ ਕੀਤੀ 'ਸਾਡੇ ਬਜ਼ੁਰਗ, ਸਾਡਾ ਮਾਣ' ਮੁਹਿੰਮ ਤਹਿਤ ਜ਼ਿਲ੍ਹੇ ਵਿੱਚ ਵੱਖ-ਵੱਖ ਥਾਈਂ ਮੁਫ਼ਤ ਸਿਹਤ ਜਾਂਚ ਕੈਂਪ ਲਗਾਏ ਜਾ ਰਹੇ ਹਨ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨਰੇਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਸਿਹਤ ਵਿਭਾਗ ਦੇ ਸਹਿਯੋਗ ਨਾਲ 23 ਫਰਵਰੀ ਨੂੰ ਐੱਸ ਡੀ ਐੱਚ ਨਕੋਦਰ ਵਿਖੇ ਸਿਹਤ ਜਾਂਚ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਵਡੇਰੀ ਉਮਰ ਵਿੱਚ ਹੋਣ ਵਾਲੀਆਂ ਸਮੱਸਿਆਵਾਂ, ਜਿਵੇਂ ਅੱਖਾਂ ਦਾ ਮੋਤੀਆ, ਜੋੜਾਂ ਦੇ ਦਰਦ ਤੇ ਹੋਰ ਸਰੀਰਿਕ ਬਿਮਾਰੀਆਂ ਦੀ ਜਾਂਚ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ। ਇਸੇ ਤਰ੍ਹਾਂ 2 ਮਾਰਚ ਨੂੰ ਸੀ ਐੱਚ ਸੀ. ਕਰਤਾਰਪੁਰ, 9 ਮਾਰਚ ਨੂੰ ਐੱਸ ਡੀ ਐੱਚ ਫਿਲੌਰ ਤੇ 16 ਮਾਰਚ ਨੂੰ ਪੀ ਐੱਚ ਸੀ ਜੰਡਿਆਲਾ ਵਿਖੇ ਕੈਂਪ ਲਗਾਏ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਅੱਖਾਂ ਦੀ ਜਾਂਚ ਦੌਰਾਨ ਜਿਹੜੇ ਮਰੀਜ਼ ਸਰਜਰੀ ਦੀ ਲੋੜ ਵਾਲੇ ਪਾਏ ਗਏ, ਉਨ੍ਹਾਂ ਦੇ ਆਪ੍ਰੇਸ਼ਨ ਸਿਹਤ ਵਿਭਾਗ ਵੱਲੋਂ ਮੁਫ਼ਤ ਕਰਵਾਏ ਜਾਣਗੇ।

# ਹੋਲਾ ਮਹੱਲਾ ਤੋਂ ਪਹਿਲਾਂ ਮੇਲਾ ਖੇਤਰ ਦੀ ਸਫਾਈ ਲਈ ਮੁਹਿੰਮ ਸ਼ੁਰੂ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਹੋਲਾ ਮਹੱਲਾ ਦੀਆਂ ਅਗਾਓ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਕੀਰਤਪੁਰ ਸਾਹਿਬ ਵਿਚ 27 ਫਰਵਰੀ ਤੋ 1 ਮਾਰਚ ਤੇ ਸ੍ਰੀ ਅਨੰਦਪੁਰ ਸਾਹਿਬ ਵਿਚ 2 ਮਾਰਚ ਤੋ 4 ਮਾਰਚ ਤੱਕ ਹੋਲਾ ਮਹੱਲਾ ਤਿਉਹਾਰ ਮਨਾਇਆ ਜਾ ਰਿਹਾ ਹੈ, ਜਿੱਥੇ ਲੱਖਾਂ ਸੰਗਤਾਂ ਪਹੁੰਚਦੀਆਂ ਹਨ, ਇਸ ਲਈ ਮੇਲਾ ਖੇਤਰ ਦੀ ਵਿਆਪਕ ਸਫਾਈ ਦੀ ਮੁਹਿੰਮ ਸ਼ੁਰੂ ਹੋ ਗਈ ਹੈ।ਹਰਜੋਤ ਬੈਂਸ ਕੈਬਨਿਟ ਮੰਤਰੀ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਅਤੇ ਡਿਪਟੀ ਕਮਿਸ਼ਨਰ ਰੂਪਨਗਰ ਸ੍ਰੀ ਅਦਿੱਤਿਆ ਡੇਚਲਵਾਲ ਵੱਲੋਂ ਹੋਲਾ ਮਹੱਲਾ ਦੀਆਂ ਅਗਾਓ ਤਿਆਰੀਆਂ ਲਈ ਕੀਤੀਆ ਮੀਟਿੰਗਾਂ ਵਿੱਚ ਜਾਰੀ ਕੀਤੇ ਨਿਰਦੇਸ਼ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਨਗਰ ਕੌਂਸਲ ਤੇ ਨਗਰ ਪੰਚਾਇਤ ਕੀਰਤਪੁਰ ਸਾਹਿਬ ਵੱਲੋਂ ਸਫਾਈ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਡਰੇਨਾਂ ਤੇ ਸੀਵਰ ਦੀ ਸਫਾਈ, ਕੂੜੇ ਦੀ ਡਪਿੰਗ ਨੂੰ ਯਕੀਨੀ ਬਣਾਇਆ ਗਿਆ ਹੈ। ਸੀਵਰਮੈਨ ਡਰੇਨਾ ਤੇ ਸੀਵਰ ਦੀ ਸਫਾਈ ਕਰ ਰਹੇ ਹਨ, ਨਗਰ ਕੌਂਸਲਾਂ ਵੱਲੋਂ ਗਿੱਲੇ ਤੇ ਸੁੱਕੇ ਕੂੜੇ ਦਾ ਵਿਸ਼ੇਸ਼ ਪ੍ਰਬੰਧਨ ਕੀਤਾ ਜਾ ਰਿਹਾ ਹੈ।ਸਿਹਤ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਭੀੜ ਵਾਲੇ ਇਲਾਕਿਆਂ ਵਿੱਚ ਪਾਣੀ ਦਾ ਛਿੜਕਾਓ ਅਤੇ ਫੋਗਿੰਗ ਨਿਯਮਿਤ ਤੌਰ 'ਤੇ ਕਰਵਾਈ ਜਾਵੇਗੀ ਤਾਂ ਜੋ ਧੂੜ ਅਤੇ ਮੱਛਰ-ਮੱਖੀਆਂ ਤੋਂ ਬਚਾਵ ਹੋ ਸਕੇ। ਮੇਲਾ ਖੇਤਰ ਵਿੱਚ ਕੂੜਾ ਡੰਪਿੰਗ ਲਈ ਨਿਰਧਾਰਤ ਥਾਵਾਂ ਬਣਾਈਆਂ ਗਈਆਂ ਹਨ ਤੇ ਸਫਾਈ ਕਰਮਚਾਰੀਆਂ ਦੀ ਡਿਊਟੀ ਸ਼ਿਫਟਾਂ ਵਿੱਚ ਲਗਾਈ ਗਈ ਹੈ।



# ਕੌਮਾਂਤਰੀ ਮਾਂ ਬੋਲੀ ਦਿਵਸ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**-ਪ੍ਰਿਥਵੀ ਵੈਲਫੇਅਰ ਸੋਸਾਇਟੀ ਵੱਲੋਂ ਕੌਮਾਂਤਰੀ ਮਾਂ ਬੋਲੀ ਦਿਵਸ ਸਕੂਲ ਦੇ ਵਿਦਿਆਰਥੀਆਂ ਨਾਲ ਮਨਾਇਆ ਗਿਆ।ਸੰਸਥਾ ਦੇ ਮੈਂਬਰ ਸਰਕਾਰੀ ਪ੍ਰਾਇਮਰੀ ਸਕੂਲ (ਨਜ਼ਦੀਕ ਖੇਡ ਮੈਦਾਨ) ਆਦਮਪੁਰ ਵਿਖੇ ਬੱਚਿਆਂ ਵਿੱਚ ਪਹੁੰਚੇ । ਸੰਸਥਾ ਦੇ ਪ੍ਰਧਾਨ, ਹਰਿੰਦਰ ਸਿੰਘ ਨੇ ਬੱਚਿਆਂ ਨੂੰ ਇਸ ਦੀ ਆਰੰਭਤਾ ਬਾਰੇ ਜਾਣੂ ਕਰਵਾਇਆ।ਹਰਿੰਦਰ ਸਿੰਘ ਨੇ ਦੱਸਿਆ ਕਿ ਕਿਵੇਂ ਯੂਨੈਸਕੋ ਵਿੱਚ ਸਨ। 1999 ਵਿੱਚ ਅਨੇਕ ਦੇਸ਼ਾਂ ਨੇ ਇਸ ਤੇ ਸਹਿਮਤੀ ਪ੍ਰਗਟਾਈ, ਤੇ ਅਗਲੇ ਵਰ੍ਹੇ ਸਨ 2000 ਵਿੱਚ ਇਸ ਨੂੰ ਮਨਾਇਆ ਜਾਣ ਲੱਗਾ। ਉਨ੍ਹਾਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੁੜੇ ਸਵਾਲ ਕੀਤੇ, ਪੰਜਾਬੀ ਪਹਾੜੇ ਵੀ ਸੁਣੇ, ਪੰਜਾਬੀ ਗਿਣਤੀ ਵੀ ਸੁਣੀ ।ਸਹੀ ਜਵਾਬ ਦੇਣ ਵਾਲੇ ਵਿਦਿਆਰਥੀ ਨੂੰ ਇਨਾਮ ਵਜੋਂ ਪੜਨ ਲਿਖਣ ਵਾਲੀ ਸਮੱਗਰੀ ਦਿੱਤੀ ਗਈ। ਬੱਚਿਆਂ ਵਿੱਚ ਬਹੁਤ ਉਤਸ਼ਾਹ ਵੇਖਣ ਨੂੰ ਮਿਲਿਆ।ਦੋ ਲੜਕੀਆਂ ਨੇ ਪੰਜਾਬੀ ਬੋਲੀ ਨਾਲ ਜੁੜੀ ਕਵਿਤਾ ਵੀ ਸੁਣਾਈ।ਹਰਿੰਦਰ ਸਿੰਘ ਨੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਨਗਦ ਇਨਾਮ ਦਿੱਤਾ।ਵਿਦਿਆਰਥੀਆਂ ਨੂੰ ਦੱਸਿਆ ਕਿ ਹਮੇਸ਼ਾ ਆਪਣੀ ਮਾਂ ਬੋਲੀ ਨਾਲ ਜੁੜੇ ਰਹੋ । ਦੂਜਿਆਂ ਭਾਸ਼ਾਵਾਂ ਨੂੰ ਸਿੱਖਣਾ, ਬੋਲਣਾ ਕੋਈ ਮਾੜੀ ਗੱਲ ਨਹੀਂ, ਹਰ ਭਾਸ਼ਾ ਦਾ ਸਤਿਕਾਰ ਕਰਨਾ ਚਾਹੀਦਾ ਹੈ, ਪਰ ਆਪਣੀ ਮਾਂ ਬੋਲੀ ਨੂੰ ਸਰਵੋਤਮ ਰਖਦਿਆਂ ਪੂਰਾ ਪਿਆਰ ਤੇ ਸਤਿਕਾਰ ਕਰੋ ।ਇਸ ਮੌਕੇ ਤੇ ਸਕੂਲ ਦੇ ਮੁੱਖ ਅਧਿਆਪਕ, ਦੀਪਕ ਨੇ ਵੀ ਮਾਂ ਬੋਲੀ ਦਿਵਸ ਤੇ ਬੱਚਿਆਂ ਨੂੰ ਸੰਬੋਧਤ ਕੀਤਾ ਤੇ ਸੰਸਥਾ ਦਾ ਧੰਨਵਾਦ ਕੀਤਾ। ਸੰਸਥਾ ਵੱਲੋਂ ਅਵਤਾਰ ਸਿੰਘ ਮਸਾਣੀਆਂ, ਗੁਰਮੀਤ ਸਿੰਘ ਨਿੱਝਰ, ਰਵਿੰਦਰ ਸਿੰਘ ਸੈਣੀ, ਇਕਰਾਮ ਸਿੰਘ ਸ਼ਾਮਲ ਹੋਏ ।



# ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ



**ਗੁਰਾਇਆ (ਬਿੰਦਰ ਸੁਮਨ)**-ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਹਾਈ ਕਮਾਂਡ ਵਲੋਂ ਕੁਲਵਿੰਦਰ ਸਿੰਘ ਸੰਧੂ ਨੂੰ ਗੁਰਾਇਆ ਸਰਕਲ ਦਾ ਪ੍ਰਧਾਨ ਨਿਯੁਕਤ ਕਰਨ ਤੇ ਸ਼੍ਰੋਮਣੀ ਅਕਾਲੀ ਦਲ ਦੀ ਅਹਿਮ ਮੀਟਿੰਗ ਗੁਰਾਇਆ ਵਿਖੇ ਬਲਦੇਵ ਸਿੰਘ ਖਹਿਰਾ ਸਾਬਕਾ ਵਿਧਾਇਕ ਫਿਲੌਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਬਲਦੇਵ ਸਿੰਘ ਖਹਿਰਾ ਨੇ ਸੰਧੂ ਨੂੰ ਵਧਾਈ ਦਿੰਦਿਆ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਸੰਧੂ ਅਹਿਮ ਰੋਲ ਅਦਾ ਕਰਨਗੇ। ਸ਼੍ਰੋਮਣੀ ਅਕਾਲੀ ਦਲ ਵਲੋਂ ਪੰਜਾਬ ਵਿੱਚ 40 ਸਿਆਸੀ ਕਾਨਫਰੰਸ ਕੀਤੀਆਂ ਜਾ ਰਹੀਆਂ ਹਨ। ਵਿਧਾਨ ਸਭਾ ਹਲਕਾ ਫਿਲੌਰ ਦੀ ਸਿਆਸੀ ਕਾਨਫਰੰਸ 26 ਮਾਰਚ ਨੂੰ ਗੁਰਾਇਆ ਦਾਣਾ ਮੰਡੀ ਵਿੱਚ ਕੀਤੀ ਜਾਵੇਗੀ। ਇਸ ਮੌਕੇ ਸ੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਬੱਲ ਮਿਲਿਆ ਜਦੋ ਕਈ ਨੌਜਵਾਨਾਂ ਨੇ ਵੱਖ ਵੱਖ ਪਾਰਟੀਆਂ ਨੂੰ ਛੱਡ ਕੇ ਸ੍ਰੋਮਣੀ ਅਕਾਲੀ ਦਲ ਦਾ ਪੱਲਾ ਫੜਿਆ ਜਿਹਨਾਂ ਦਾ ਬਲਦੇਵ ਸਿੰਘ ਖਹਿਰਾ ਵਲੋਂ ਸਿਰਪਾਓ ਪਾ ਕੇ ਸਵਾਗਤ ਕੀਤਾ ਗਿਆ।

# ਪਿੰਡ ਮੁੰਡੀਆਂ ਵਿਖੇ ਪੰਜ ਸਾਲ ਤੋਂ ਛੋਟੀ ਲੜਕੀਆਂ ਦਾ ਸਨਮਾਨ

**ਮੋਰਿੰਡਾ(ਨਿਹਾਲ ਸਿੰਘ ਕਲਸੀ)**

ਨਜ਼ਦੀਕੀ ਪਿੰਡ ਮੁੰਡੀਆਂ ਵਿਖੇ 'ਮੇਰੀ ਬੇਟੀ ਮੇਰਾ ਮਾਣ' ਦੇ ਤਹਿਤ ਪੰਜ ਸਾਲ ਤੋਂ ਛੋਟੀਆਂ ਲੜਕੀਆਂ ਦਾ ਸਨਮਾਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆ ਸਮਾਜ ਸੇਵੀ ਬਲਵਿੰਦਰ ਸਿੰਘ ਮੁੰਡੀਆਂ ਨੇ ਦੱਸਿਆ ਕਿ ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਸਮਾਜ ਸੇਵੀ ਤੇ ਭਾਰਤੀ ਜਨਤਾ ਪਾਰਟੀ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਕੋ ਕਨਵੀਨਰ ਸਵਰਨ ਸਿੰਘ ਸੈਪਲਾ ਵੱਲੋਂ ਛੋਟੀਆਂ ਬੱਚੀਆਂ ਦਾ ਸਨਮਾਨ ਕੀਤਾ ਗਿਆ ਸਮਾਜ ਸੇਵੀ ਸਵਰਨ ਸਿੰਘ ਸੈਪਲਾ ਨੇ ਕਿਹਾ ਕਿ ਸਾਡੇ ਮਧ ਵਰਗੀ ਪਰਵਾਰ ਨਾਲ ਜੁੜੇ ਬੱਚੇ ਵੱਡੇ ਅਫਸਰ ਬਣਨਾ ਚਾਹੁੰਦੇ ਹਨ ਪ੍ਰੰਤੂ ਉਹਨਾਂ ਨੂੰ ਚੰਗੀ ਸਿਖਲਾਈ ਨਹੀਂ ਮਿਲਦੀ। ਉਹਨਾਂ ਕਿਹਾ ਕਿ ਸਾਡੇ ਸਮਾਜ ਵਿੱਚ ਅੱਜ ਵੀ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਜੋ ਕਿ ਗਲਤ ਹੈ। ਇੱਥੇ ਦੱਸਣਯੋਗ ਹੈ ਕਿ ਬਹੁਤ ਸਾਰੇ ਵਿਭਾਗਾਂ ਨੂੰ ਅੱਜ ਵੀ ਲੜਕੀਆਂ ਪ੍ਰਮੁੱਖਤਾ ਦੇ ਤੌਰ ਤੇ ਚਲਾ ਰਹੀਆਂ ਹਨ। ਨੌਜਵਾਨ ਆਗੂ ਪਲਵਿੰਦਰ ਸਿੰਘ ਅਰਨੌਲੀ ਨੇ ਕਿਹਾ ਕਿ ਸਮਾਜ ਸੇਵੀ ਸਵਰਨ ਸਿੰਘ ਸੈਂਪਲਾਂ ਵੱਲੋਂ ਕੀਤੇ ਗਏ ਉਪਰਾਲੇ ਦੀ ਤਰ੍ਹਾਂ ਹੋਰ ਲੋਕਾਂ ਨੂੰ ਵੀ ਬੱਚਿਆਂ ਦੀ ਬੇਹਤਰੀ ਲਈ ਅੱਗੇ ਆਉਣ ਦੀ ਜਰੂਰਤ ਹੈ । ਇਹ ਇਸ ਮੌਕੇ ਬਲਵਿੰਦਰ ਸਿੰਘ, ਹਰਪ੍ਰੀਤ ਸਿੰਘ, ਹਰਵਿੰਦਰ ਸਿੰਘ, ਡਾਕਟਰ ਨਿਰਮਲ ਸਿੰਘ, ਲਾਭ ਸਿੰਘ ਫੌਜੀ, ਕਿਰਨਦੀਪ ਕੌਰ, ਰਣਜੀਤ ਕੌਰ, ਪਰਮਜੀਤ ਕੌਰ, ਕੁਲਦੀਪ ਕੌਰ, ਬਲਜੀਤ ਕੌਰ, ਸੌਦਾਗਰ ਸਿੰਘ ਆਦਿ ਹਾਜ਼ਰ ਸਨ।



# ਵਿਦਿਆਰਥੀਆਂ ਵੱਲੋਂ ਪੌਲੀਟੈਕਨਿਕ ਕਾਲਜ ਦਾ ਉਦਯੋਗਿਕ ਦੌਰਾ



**ਜਲੰਧਰ (ਸ਼ੈਲੀ ਐਲਬਰਟ)**-ਆਟੋਮੋਬਾਈਲ ਵਿਭਾਗ ਦੇ ਵਿਦਿਆਰਥੀਆਂ ਨੇ ਮੇਹਰ ਚੰਦ ਪੌਲੀਟੈਕਨਿਕ ਕਾਲਜ ਵੱਲੋਂ ਇੱਕ ਉਦਯੋਗਿਕ ਦੌਰੇ ਦੇ ਤਹਿਤ ਸਪੀਡਵੇਜ਼ ਟਾਇਰਜ਼ ਦਾ ਦੌਰਾ ਕੀਤਾ। ਇਹ ਦੌਰਾ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਸਰਪਰਸਤੀ ਅਤੇ ਆਟੋਮੋਬਾਈਲ ਵਿਭਾਗ ਦੇ ਮੁਖੀ ਗੌਰਵ ਸ਼ਰਮਾ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ।ਦੌਰੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਗੌਰਵ ਸ਼ਰਮਾ ਨੇ ਦੱਸਿਆ ਕਿ ਵਿਭਾਗ ਹਰ ਸੈਮੇਸਟਰ ਵਿੱਚ ਉਦਯੋਗਿਕ ਦੌਰੇ ਕਰਵਾਉਂਦਾ ਹੈ ਤਾਂ ਜੋ ਵਿਦਿਆਰਥੀਆਂ ਦੀ ਪ੍ਰਯੋਗਾਤਮਕ ਅਤੇ ਤਕਨੀਕੀ ਸਮਝ ਵਿੱਚ ਵਾਧਾ ਹੋ ਸਕੇ। ਉਨ੍ਹਾਂ ਕਿਹਾ ਕਿ ਅਜਿਹੇ ਦੌਰੇ ਕਲਾਸਰੂਮ ਪੜ੍ਹਾਈ ਅਤੇ ਅਸਲ ਉਦਯੋਗਿਕ ਕੰਮ ਵਿਚਕਾਰ ਦੇ ਅੰਤਰ ਨੂੰ ਘਟਾਉਣ ਵਿੱਚ ਮਦਦਗਾਰ ਸਾਬਤ ਹੁੰਦੇ ਹਨ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਵਿਭਾਗ ਦੀ ਇਸ ਕੋਸ਼ਿਸ਼ ਦੀ ਸਰਾਹਨਾ ਕੀਤੀ ਅਤੇ ਵਿਦਿਆਰਥੀਆਂ ਨੂੰ ਤਕਨੀਕੀ ਅਤੇ ਸਿੱਖਿਆਤਮਕ ਪ੍ਰੋਗਰਾਮਾਂ ਵਿੱਚ ਸਰਗਰਮ ਭਾਗ ਲੈਣ ਲਈ ਪ੍ਰੇਰਿਤ ਕੀਤਾ। ਦੌਰੇ ਦੌਰਾਨ ਫੈਕਟਰੀ ਦੇ ਕਰਮਚਾਰੀਆਂ ਨੇ ਵਿਦਿਆਰਥੀਆਂ ਨੂੰ ਟਾਇਰ ਨਿਰਮਾਣ ਪ੍ਰਕਿਰਿਆ ਬਾਰੇ ਸਧਾਰਨ ਅਤੇ ਸਪਸ਼ਟ ਢੰਗ ਨਾਲ ਜਾਣਕਾਰੀ ਦਿੱਤੀ।

# ਰਿੰਪਲ ਕੁਮਾਰ ਬਣੇ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ

**ਫਗਵਾੜਾ (ਡਾ. ਰਮਨ)**-ਰੈਸਲਿੰਗ ਫੈਡਰੇਸ਼ਨ ਇੰਡੀਆ (ਡਬਲਯੂ ਐੱਫ ਆਈ) ਦੇ ਕੌਮੀ ਪ੍ਰਧਾਨ ਸੰਜੇ ਕੁਮਾਰ ਸਿੰਘ ਦੀਆਂ ਹਦਾਇਤਾਂ ਅਤੇ ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਰਮਨ ਬਖਸ਼ੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਿਲ੍ਹਾ ਕਪੂਰਥਲਾ ਰੈਸਲਿੰਗ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਸਬੰਧੀ ਇਕ ਮੀਟਿੰਗ ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਫਗਵਾੜਾ ਵਿਖੇ ਸਾਬਕਾ ਨੈਸ਼ਨਲ ਚੀਫ ਕੁਸ਼ਤੀ ਕੋਚ ਪੀ ਆਰ ਸੌਂਧੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਸਰਬ ਸੰਮਤੀ ਨਾਲ ਪਹਿਲਵਾਨ ਰਿੰਪਲ ਕੁਮਾਰ ਸਰਪੰਚ ਵਜੀਦੋਵਾਲ ਨੂੰ ਜ਼ਿਲ੍ਹਾ ਕਪੂਰਥਲਾ ਦਾ ਪ੍ਰਧਾਨ ਐਲਾਨਿਆ ਗਿਆ। ਇਸ ਤੋਂ ਇਲਾਵਾ ਰੀਤ ਪ੍ਰੀਤ ਪਾਲ ਸਿੰਘ ਨੂੰ ਜਨਰਲ ਸਕੱਤਰ, ਸਲਵਿੰਦਰ ਸਿੰਘ ਜੱਸੀ ਸਾਬਕਾ ਸੁਪਰਡੈਂਟ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਖਜਾਨਚੀ ਅਤੇ ਇੰਟਰਨੈਸ਼ਨਲ ਪਹਿਲਵਾਨ ਰਵਿੰਦਰ ਨਾਥ ਕੁਸ਼ਤੀ ਕੋਚ ਨੂੰ ਜੁਆਇੰਟ ਸਕੱਤਰ ਐਲਾਨਿਆ ਗਿਆ। ਸਾਬਕਾ ਚੀਫ ਕੋਚ ਪੀ.ਆਰ. ਸੋਂਧੀ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਸਨਮਾਨਤ ਕਰਦੇ ਹੋਏ ਕੁਸ਼ਤੀ ਨੂੰ ਜਿਲ੍ਹਾ ਪੱਧਰ 'ਤੇ ਪ੍ਰਫੁੱਲਤ ਕਰਨ ਦੀ ਹਦਾਇਤ ਕੀਤੀ। ਪ੍ਰਧਾਨ ਰਿੰਪਲ ਕੁਮਾਰ ਨੇ ਦੱਸਿਆ ਕਿ ਜਿਲ੍ਹਾ ਪੱਧਰੀ ਅੰਡਰ-17 ਰੈਸਲਿੰਗ ਮੁਕਾਬਲੇ 3 ਮਾਰਚ ਨੂੰ ਰਾਏਪੁਰ ਡੱਬਾ ਰੈਸਲਿੰਗ ਅਕੈਡਮੀ ਪਰਮ ਨਗਰ ਵਿਖੇ ਕਰਵਾਈ ਜਾਵੇਗੀ। ਇਸ ਮੌਕੇ ਸਮਾਜ ਸੇਵਕ ਆਸ਼ੂ ਮਾਰਕੰਡਾ, ਸੁਖਜੀਤ ਸਾਬੀ, ਪ੍ਰਿੰਸੀਪਲ ਮਨਜੀਤ ਸਿੰਘ ਆਦਿ ਹਾਜ਼ਰ ਸਨ।



# ਕਰੇਗੁੱਟਾ ਪਹਾੜੀਆਂ 'ਚ ਮਾਓਵਾਦੀਆਂ ਦੀ ਘੇਰਾਬੰਦੀ ਖ਼ਤਮ ਕਰੇ ਭਾਜਪਾ ਸਰਕਾਰ : ਜਮਹੂਰੀ ਫਰੰਟ

**ਬੰਗਾ (ਅਵਤਾਰ ਕਲੇਰ)**-ਇੱਥੇ ਪ੍ਰੈੱਸ ਬਿਆਨ ਜਾਰੀ ਕਰਕੇ ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਆਗੂਆਂ ਡਾ. ਪਰਮਿੰਦਰ, ਪ੍ਰੋਫੈਸਰ ਏ ਕੇ ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਤੇ ਯਸ਼ਪਾਲ ਨੇ 'ਓਪਰੇਸ਼ਨ ਬਲੈਕ ਫਾਰੈਸਟ 2' ਦੇ ਤਹਿਤ ਹਜ਼ਾਰਾਂ ਦੀ ਤਾਦਾਦ 'ਚ ਸੁਰੱਖਿਆ ਬਲਾਂ ਵੱਲੋਂ ਛੱਤੀਸਗੜ੍ਹ-ਤੇਲੰਗਾਨਾ ਸਰਹੱਦੀ ਖੇਤਰ ਦੀਆਂ ਕਰੇਗੁੱਟਾ ਪਹਾੜੀਆਂ ਨੂੰ ਪਾਇਆ ਘੇਰਾ ਖ਼ਤਮ ਕਰਨ ਤੇ 'ਮੁਕਾਬਲਿਆਂ' ਦੀ ਨੀਤੀ ਬੰਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਮੀਡੀਆ ਰਿਪੋਰਟਾਂ ਅਨੁਸਾਰ ਬਹੁਤ ਸਾਰੇ ਮਾਓਵਾਦੀ ਕਰੇਗੁੱਟਾ ਪਹਾੜੀਆਂ 'ਚ ਮੌਜੂਦ ਹਨ ਤੇ ਹਜ਼ਾਰਾਂ ਸੁਰੱਖਿਆ ਬਲਾਂ ਉਨ੍ਹਾਂ ਨੂੰ ਮਾਰ ਮੁਕਾਉਣ ਲਈ ਤਾਇਨਾਤ ਕੀਤੇ ਗਏ ਹਨ ਤਾਂ ਜੋ 31 ਮਾਰਚ 2026 ਤੱਕ ਭਾਰਤ ਨੂੰ 'ਮਾਓਵਾਦ ਮੁਕਤ' ਬਣਾਉਣ ਦਾ ਫਾਸ਼ੀਵਾਦੀ ਟੀਚਾ ਪੂਰਾ ਕੀਤਾ ਜਾ ਸਕੇ। 'ਓਪਰੇਸ਼ਨ ਕਗਾਰ' ਦੇ ਤਹਿਤ ਛੱਤੀਸਗੜ੍ਹ ਰਾਜ ਵਿਚ ਜਨਵਰੀ 2024 ਤੋਂ ਲੈ ਕੇ ਹੁਣ ਤੱਕ ਸੁਰੱਖਿਆ ਬਲਾਂ ਵੱਲੋਂ 'ਮੁਕਾਬਲਿਆਂ' ਦੇ ਨਾਂ ਹੇਠ 532 ਮਾਓਵਾਦੀਆਂ ਦੀਆਂ ਗ਼ੈਰਅਦਾਲਤੀ ਹੱਤਿਆਵਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਵੱਡੀ ਗਿਣਤੀ 'ਚ ਔਰਤਾਂ ਵੀ ਹਨ। ਉਨ੍ਹਾਂ ਮੰਗ ਕੀਤੀ ਕਿ ਕਰੇਗੁੱਟਾ ਪਹਾੜੀਆਂ ਦੀ ਘੇਰਾਬੰਦੀ ਖ਼ਤਮ ਕੀਤੀ ਜਾਵੇ, ਆਦਿਵਾਸੀ ਇਲਾਕਿਆਂ ਵਿਚ ਕਤਲੇਆਮ ਬੰਦ ਕੀਤਾ ਜਾਵੇ, ਸਕਿਊਰਿਟੀ ਕੈਂਪ ਹਟਾਏ ਜਾਣ ਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ, ਉਜਾੜੇ ਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਤੇ ਹੁਕਮਰਾਨ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਉੱਪਰ ਸਵਾਲ ਉਠਾਉਣ ਵਾਲੇ ਚਿੰਤਕਾਂ ਤੇ ਹੱਕਾਂ ਦੇ ਕਾਰਕੁਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕਣ ਦੀ ਨੀਤੀ ਬੰਦ ਕੀਤੀ ਜਾਵੇ।

# ਪੰਜਢੇਰਾ ਵਿਖੇ ਗੁਰਦੁਆਰਾ ਸਾਹਿਬ ਦਾ ਰੱਖਿਆ ਨੀਂਹ ਪੱਥਰ



**ਫਿਲੌਰ, (ਨਿਰਮਲ)**-ਨਵੀਂ ਆਬਾਦੀ ਪਿੰਡ ਪੰਜਢੇਰਾ ਜਗਤਪੁਰਾ ਫਿਲੌਰ ਵਿਖੇ ਸ੍ਰੀ ਕਲਗੀਧਰ ਗੁਰਦੁਆਰਾ ਸਾਹਿਬ ਜੀ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਨੀਂਹ ਪੱਥਰ ਰੱਖਣ ਦੀ ਸੇਵਾ ਸੰਤ ਬਾਬਾ ਸੁਖਵਿੰਦਰ ਸਿੰਘ ਜੀ ਆਲੋਵਾਲ ਵਾਲਿਆਂ ਵੱਲੋਂ ਨਿਭਾਈ ਗਈ। ਇਸ ਮੌਕੇ ਉਨ੍ਹਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਘਰਾਂ ਨਾਲ ਜੁੜ ਕੇ ਮਨ ਅਤੇ ਆਤਮਾ ਨੂੰ ਸ਼ਾਂਤੀ ਮਿਲਦੀ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਗੁਰੂ ਘਰ ਹਾਜ਼ਰੀ ਜ਼ਰੂਰ ਲਗਾਉਣੀ ਚਾਹੀਦੀ ਹੈ। ਇਸ ਮੌਕੇ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਹਾਜ਼ਰ ਬਲਵੀਰ ਸਿੰਘ ਭੁੱਲਰ, ਕੁਲਵਿੰਦਰ ਸਿੰਘ , ਬੰਤਾ ਸਿੰਘ , ਬਲਵੀਰ ਸਿੰਘ ਗਿੱਲ, ਜਰਨੈਲ ਸਿੰਘ ਭੱਟੀ, ਮਨਦੀਪ ਸਿੰਘ ਚਾਂਦੀ ਰਾਮ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ ਭੁੱਲਰ ,ਗੁਰਸੇਵਕ ਸਿੰਘ ਪੰਚ ਅਮਰੀਕ ਸਿੰਘ ਮੰਨਾ ਪੰਚ, ਭਰਤ ,ਮਹਿੰਦਰ ਪਾਲ, ਸੁਖਵਿੰਦਰ ਸਿੰਘ ਕੰਬੋਜ ਹਾਜ਼ਰ ਰਹੇ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਐੱਮ ਐੱਮ ਏ ਦੇ ਦਫਤਰ ਅੱਗੇ ਧਰਨਾ

**ਮੋਹਾਲੀ (ਗੁਰਜੀਤ ਬਿੱਲਾ)**

ਸੰਯੁਕਤ ਕਿਸਾਨ ਮੋਰਚੇ ਤੇ ਟਰੇਡ ਜਥੇਬੰਦੀਆਂ ਦੇ ਸਾਂਝੇ ਸੱਦੇ ਮੁਤਾਬਕ ਐੱਮ ਐੱਲ ਏ ਕੁਲਵੰਤ ਸਿੰਘ ਮੁਹਾਲੀ ਦੇ ਦਫ਼ਤਰਾਂ ਅੱਗੇ ਸਾਂਝਾ ਇਹ ਧਰਨੇ ਸਮੂਹ ਲੋਕਾਂ ਦੀਆਂ ਪ੍ਰਮੁੱਖ ਮੰਗਾਂ ਦਾ ਹੱਲ ਕਰਵਾਉਣ ਲਈ ਦਿੱਤਾ ਗਿਆ ਜਿਸ ਵਿੱਚ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰ ਵੱਲੋਂ ਕਾਰਪੋਰੇਟ ਘਰਾਨਿਆਂ ਦੇ ਪੱਖੀ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਬਿਜਲੀ ਸੋਧ ਬਿੱਲ 2025 ਨੂੰ ਪਾਰਲੀਮੈਂਟ ਵਿੱਚ ਪਾਸ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਖੇਤੀ ਤੇ ਕਬਜ਼ਾ ਕਰਨ ਲਈ ਬੀਜ ਬਿੱਲ ਲਿਆਂਦਾ ਜਾ ਰਿਹਾ ਹੈ ਤੇ ਖੇਤੀ ਸੈਕਟਰ ਦੇ ਨਾਲ ਨਾਲ ਡੇਅਰੀ ਖੇਤਰ ਨੂੰ ਬਰਬਾਦ ਕਰਕੇ ਮੁਕਤ ਵਪਾਰ ਸਮਝੌਤੇ ਰਾਹੀਂ ਵਿਦੇਸ਼ੀ ਅਤੇ ਕਾਰਪੋਰੇਟ ਘਰਾਨਿਆਂ ਦੇ ਸਪੁਰਦ ਕਰਨ ਲਈ ਤਤਪਰ ਹੈ। ਕਿਰਤ ਕਨੂੰਨਾਂ ਵਿੱਚ ਸੋਧਾਂ ਕਰਕੇ ਕਾਰਪੋਰੇਟ ਪੱਖੀ ਕਨੂੰਨ ਬਣਾਕੇ ਲਾਗੂ ਕੀਤਾ ਜਾ ਰਿਹਾ ਹੈ। ਧਰਨੇ ਨੂੰ ਕਿਸਾਨ ਜਥੇਬੰਦੀਆਂ ਵੱਲੋਂ ਪ੍ਰਦੀਪ ਮੁਹਾਸਿਬ ਦਿੰਦਰ ਸਿੰਘ ਕਾਲਾ ਜਸਪਾਲ ਸਿੰਘ ਲਾਡਰਾ ਜਸਪਾਲ ਸਿੰਘ ਨਿਆਮਿਆ ਕਮਲਜੀਤ ਲਾਡਰਾਜਗਜੀਤ ਸਿੰਘ ਕਰਾਲਾ ਕਿਰਪਾਲ ਸਿੰਘ ਸਿਆਊ ਜਸਵੰਤ ਸਿੰਘ ਮਾਣਕਮਾਜਰਾ ਮਾਸਟਰ ਯਸ਼ਪਾਲ ਸੱਜਣ ਸਿੰਘ ਦਰਸ਼ਨ ਸਿੰਘ ਧੁਰਾਲੀ ਪਰਮਦੀਪ ਬੈਦਵਾਨ ਪਰਮਜੀਤ ਖਰੜ ਜਸਵਿੰਦਰ ਕੰਡਾਲਾ ਗੁਰਪਰੀਤ ਸਿੰਘ ਪਲਹੇੜੀ ਗੁਰਪਰੀਤ ਸਿੰਘ ਸੇਖਨਮਾਜਰਾ ਮੁਲਾਜ਼ਮ ਜਥੇਬੰਦੀਆਂ ਵੱਲੋਂ ਟੀਐਸ ਯੂ ਵੱਲੋਂ ਲੱਖਾ ਸਿੰਘ , ਗੁਰਬਖਸ਼ ਸਿੰਘ ਪੈਨਸ਼ਨਰਾਂ ਵੱਲੋਂ ਜਤਿੰਦਰ ਸਿੰਘ ਸੀ ਐਚ ਬੀ ਕਾਮਿਆਂ ਵੱਲੋਂ ਜੋਰਾ ਸਿੰਘ ਫੈਡਰੇਸ਼ਨ ਏਟਕ ਵੱਲੋਂ ਹਰਪਰੀਤ ਸਿੰਘ ਨੇ ਸੰਬੋਧਨ ਕੀਤਾ।



# ਸੜਕ ਹਾਦਸੇ ਦੌਰਾਨ 2 ਜ਼ਖ਼ਮੀ

**ਫਿਲੌਰ, (ਨਿਰਮਲ)**-ਫਿਲੌਰ ਦੇ ਨਜ਼ਦੀਕੀ ਪਿੰਡ ਬੱਛੋਵਾਲ ਹਾਈਵੇ ਤੇ ਸੜਕ ਹਾਦਸੇ ਦੌਰਾਨ ਦੋ ਵਿਅਕਤੀਆਂ ਦੇ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਹਾਦਸੇ ਵਾਲੀ ਜਗ੍ਹਾ ਤੇ ਹਾਜ਼ਰ ਵਿਅਕਤੀਆਂ ਨੇ ਦੱਸਿਆ ਕਿ ਪਿੰਡ ਬੱਛੋਵਾਲ ਵੱਲੋਂ ਆਈ ਕਾਰ ਨੇ ਸਕੂਟਰੀ ਨੂੰ ਟੱਕਰ ਮਾਰੀ ਜਿਸ ਕਾਰਨ ਸਕੂਟਰੀ ਸਵਾਰ ਵਿਅਕਤੀ ਜ਼ਖ਼ਮੀ ਹੋ ਗਏ। ਕਾਰ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ। ਮੌਕੇ ਤੇ ਥਾਣਾ ਫਿਲੌਰ ਦੇ ਏ ਐੱਸ ਆਈ ਜਸਵਿੰਦਰ ਸਿੰਘ ਪਹੁੰਚੇ ਜਿਨ੍ਹਾਂ ਜ਼ਖਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਪਹੁੰਚਾਇਆ ਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।



# ਚੌਂਕੀ ਇੰਚਾਰਜ, ਏ ਐੱਸ ਆਈ ਸਨਮਾਨਤ

**ਨਕੋਦਰ (ਮਨਜੀਤ ਮਾਨ)**-ਪੰਜਾਬ ਪ੍ਰਧਾਨ ਮਾਸਟਰ ਮੋਹਿੰਦਰਪਾਲ ਉੱਗੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤੀਆ ਵਾਲਮੀਕਿ ਸਭਾ ਵੱਲੋਂ ਚੌਂਕੀ ਇੰਚਾਰਜ ਬੂਟਾ ਰਾਮ , ਏ. ਐਸ. ਆਈ ਤੇ ਬੂਟਾ ਸਿੰਘ, ਹਵਲਦਾਰ ਦਾ ਸਿਰੋਪਾਓ ਤੇ ਮੈਡਲ ਨਾਲ ਸਨਮਾਨ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਜੋਗਿੰਦਰ ਸਿੰਘ ਟਾਈਗਰ, ਆਲ ਇੰਡੀਆ ਰੰਘਰੇਟਾ ਦਲ, ਪੰਜਾਬ, ਹਰਬੰਸ ਲਾਲ ਪਹਿਲਵਾਨ, ਮਾਣਕਪੁਰ, ਸਤਿੰਦਰ ਸਿੰਘ, ਸਰਪੰਚ ਰਸੂਲਪੁਰ ਕਲਾਂ ਤੇ ਹੋਰ ਹਾਜ਼ਰ ਸਨ।



# ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮੌਕੇ ਲੈਕਚਰ ਕਰਵਾਇਆ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਉਂਦੇ ਹੋਏ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਲੈਕਚਰ ਵਿਚ ਬੁਲਾਰੇ ਵਜੋਂ ਕਹਾਣੀਕਾਰ ਅਜਮੇਰ ਸਿੱਧੂ ਤੇ ਡਾ. ਕੇਵਲ ਰਾਮ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਪ੍ਰੋ. ਲਖਵਿੰਦਰਜੀਤ ਕੌਰ ਨੇ ਵਿਸ਼ੇਸ਼ ਬੁਲਾਰਿਆਂ ਨੂੰ ਪੌਦੇ ਦੇ ਕੇ ਰਸਮੀ ਸੁਆਗਤ ਕੀਤਾ। ਪ੍ਰੋ. ਲਖਵਿੰਦਰਜੀਤ ਕੌਰ ਨੇ ਆਏ ਹੋਏ ਮਹਿਮਾਨਾਂ ਲਈ ਸਵਾਗਤੀ ਸ਼ਬਦ ਬੋਲਦਿਆਂ ਕਿਹਾ ਕਿ ਮਾਂ ਬੋਲੀ ਸਾਡੀ ਜ਼ਿੰਦਗੀ ਵਿਚ ਇਕ ਅਹਿਮ ਭੂਮਿਕਾ ਨਿਭਾਉਂਦੀ ਹੈ। ਜਦੋਂ ਅਸੀਂ ਕੋਈ ਵੀ ਭਾਸ਼ਾ ਬੋਲਦੇ ਹਾਂ ਉਹ ਆਪਣੀ ਜਗ੍ਹਾ, ਪ੍ਰੰਤੂ ਮਾਂ ਬੋਲੀ ਦਾ ਸਤਿਕਾਰ ਕਰਨਾ ਸਾਡੇ ਅਜੋਕੇ ਸਮੇਂ ਦੀ ਲੋੜ ਹੈ। ਪ੍ਰੋ. ਸੌਰਵ ਦਾਦਰੀ ਨੇ ਸਭ ਤੋਂ ਪਹਿਲਾ ਡਾ. ਕੇਵਲ ਰਾਮ ਦੇ ਜੀਵਨ ਪੱਖ ਅਤੇ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਦੱਸਦਿਆਂ ਉਨ੍ਹਾਂ ਨੂੰ ਵਿਦਿਆਰਥੀਆਂ ਦੇ ਰੂ-ਬਰੂ ਕਰਵਾਇਆ। ਡਾ. ਕੇਵਲ ਰਾਮ ਨੇ ਆਪਣੇ ਲੈਕਚਰ ਵਿਚ ਮਾਤ ਭਾਸ਼ਾ ਦੇ ਵਿਕਾਸ, ਨਿਕਾਸ, ਉਸ ਨੂੰ ਪੇਸ਼ ਆਉਣ ਵਾਲੀਆਂ ਚੁਣੌਤੀਆਂ ਤੇ ਉਨ੍ਹਾਂ ਦੇ ਸੰਭਾਵੀ ਹੱਲਾਂ ਬਾਰੇ ਗੱਲ ਕਰਦਿਆਂ ਦੱਸਿਆਂ ਕਿ ਪੰਜਾਬ ਮਾਤ ਭਾਸ਼ਾ ਨੂੰ ਬੇਸ਼ੱਕ ਪੰਜਾਬ ਦੀ ਭਾਸ਼ਾ ਕਿਹਾ ਜਾਂਦਾ ਹੈ, ਪਰ ਜਿੰਨੀਆਂ ਵੀ ਸਰਕਾਰਾਂ ਆਈਆਂ ਹਨ, ਉਨ੍ਹਾਂ ਨੇ ਆਪਣੇ ਆਪਣਏ ਤਰੀਕੇ ਨਾਲ ਪੰਜਾਬੀ ਭਾਸ਼ਾ ਨਾਲ ਵਿਤਕਰਾ ਕੀਤਾ ਹੈ, ਜੋ ਕਿ ਇਕ ਚਿੰਤਾਂ ਦਾ ਵਿਸ਼ਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਪੰਜਾਬ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਯੋਗ ਕਦਮ ਚੁੱਕਣੇ ਚਾਹੀਦੇ ਹਨ ਅਤੇ ਵਿਦਿਆਰਥੀਆਂ ਵਿਚ ਪੰਜਾਬੀ ਭਾਸ਼ਾ ਪ੍ਰਤੀ ਚੇਤਨਾ ਪੈਦਾ ਕਰਨੀ ਚਾਹੀਦੀ ਹੈ। ਪ੍ਰੋ. ਸੌਰਵ ਦਾਦਰੀ ਨੇ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਈ। ਇਸ ਮੌਕੇ ਪ੍ਰੋ. ਕੰਵਰ ਕੁਲਵੰਤ ਸਿੰਘ, ਪ੍ਰੋ. ਜਾਨਕੀ ਅਗਰਵਾਰ, ਡਾ. ਮਨਬੀਰ ਕੌਰ, ਡਾ. ਸੰਘਾ ਗੁਰਬਖਸ਼ ਕੌਰ, ਡਾ. ਹਰਵਿੰਦਰ ਕੌਰ, ਪ੍ਰੋ. ਰਿਤੂ ਸਿੰਘ, ਡਾ. ਨਰੇਸ਼ ਕੁਮਾਰੀ ਪ੍ਰੋ. ਨਵਦੀਪ ਸਿੰਘ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਨਰਿੰਦਰ ਕੌਰ, ਪ੍ਰੋ. ਬਲਦੀਪ ਕੌਰ, ਡਾ. ਪ੍ਰਿਅੰਕਾ ਹਾਜ਼ਰ ਹੋਏ।

# ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਜਲੰਧਰ ਸ਼ਹਿਰੀ ਦੇ ਨਵ-ਨਿਯੁਕਤ ਸਰਕਲ ਪ੍ਰਧਾਨ ਸਨਮਾਨਤ



**ਜਲੰਧਰ (ਇਕਬਾਲ ਸਿੰਘ ਉਭੀ)**

ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਜਲੰਧਰ ਸ਼ਹਿਰੀ ਦੇ ਵਿਧਾਨ ਸਭਾ ਹਲਕਾ ਉੱਤਰੀ, ਸੈਂਟਰਲ, ਪੱਛਮੀ ਤੇ ਹਲਕਾ ਕੈਂਟ ਦੇ ਸਰਕਲਾਂ ਦੇ ਨਵ ਨਿਯੁਕਤ ਪ੍ਰਧਾਨਾਂ ਨੂੰ ਇਕਬਾਲ ਸਿੰਘ ਢੀਂਡਸਾ ਪ੍ਰਧਾਨ ਜ਼ਿਲ੍ਹਾ ਅਕਾਲੀ ਦਲ ਸ਼ਹਿਰੀ ਪ੍ਰੋ ਮਨਜੀਤ ਸਿੰਘ ਅਤੇ ਹਰਜਾਪ ਸਿੰਘ ਸੰਘਾ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਨਵ ਨਿਯੁਕਤ ਸਰਕਲ ਪ੍ਰਧਾਨਾਂ ਵਿੱਚ ਸਰਕਲ ਮੋਤੀ ਨਗਰ ਸੁਖਦੀਪ ਸਿੰਘ ਸੁੱਖ ਗੁਰਾਇਆ, ਸਰਕਲ ਮਕਸੂਦਾਂ ਹਰਪਾਲ ਸਿੰਘ ਸੋਢੀ, ਸਰਕਲ ਸੋਡਲ ਗੁਰਜੀਤ ਸਿੰਘ ਮਰਵਾਹਾ, ਸਰਕਲ ਕਿਸ਼ਨਪੁਰਾ ਸੁਰਜੀਤ ਸਿੰਘ ਰਾਠੌਰ, ਸਰਕਲ ਪ੍ਰਤਾਪਬਾਗ ਗੁਰਮੀਤ ਸਿੰਘ ਬਾਵਾ, ਸਰਕਲ ਗੋਪਾਲ ਨਗਰ ਰਘਬੀਰ ਸਿੰਘ, ਸਰਕਲ ਗੁਰੂ ਨਾਨਕ ਪੁਰਾ-ਜਸਬੀਰ ਸਿੰਘ ਲਾਡੀ, ਸਰਕਲ ਗੁਰੂ ਨਾਨਕ ਪੁਰਾ- 2 ਸ਼ਮਸ਼ੇਰ ਸਿੰਘ ਢੀਂਡਸਾ, ਸਰਕਲ ਦਕੋਹਾ-1 ਹਰਦੀਪ ਸਿੰਘ ਰਿੰਪੀ, ਸਰਕਲ ਦਕੋਹਾ -2 ਪਵਨ ਪ੍ਰਾਸ਼ਰ, ਸਰਕਲ ਧੰਨੋਵਾਲੀ ਸੁਖਦੀਪ ਸਿੰਘ, ਸਰਕਲ ਰਾਮਾਂਮੰਡੀ ਹਰਜਿੰਦਰ ਸਿੰਘ ਢੀਂਡਸਾ, ਸਰਕਲ ਲੱਧੇਵਾਲੀ ਪ੍ਰਮਜੀਤ ਸਿੰਘ ਪੰਮਾ, ਜੁਝਾਰ ਸਿੰਘ, ਸਰਕਲ ਲਾਡੋਵਾਲੀ ਪ੍ਰਮਿੰਦਰ ਸਿੰਘ, ਸਰਕਲ ਪਟੇਲ ਚੌਂਕ ਚਰਨਜੀਤ ਸਿੰਘ ਮਿੰਟਾਂ, ਸਰਕਲ ਪੱਕਾ ਬਾਗ਼ ਕੁਲਦੀਪ ਸਿੰਘ ਉਬਰਾਏ, ਸਰਕਲ ਆਦਰਸ਼ ਨਗਰ ਅਮਰਜੀਤ ਸਿੰਘ ਬਸਰਾ, ਸਰਕਲ ਵਿਜੇ ਨਗਰ ਕੁਲਜੀਤ ਸਿੰਘ ਚਾਵਲਾ,ਸਰਕਲ ਊਧਮ ਸਿੰਘ ਨਗਰ ਪਵਨ ਕੁਮਾਰ,ਸਰਕਲ ਬਸਤੀ ਬਾਵਾ ਖੇਲ ਸੁਖਦੇਵ ਸਿੰਘ,ਸਰਕਲ ਮਿੱਠੂ ਬਸਤੀ-1 ਜਥੇਦਾਰ ਵਰਿਆਮ ਸਿੰਘ,ਸਰਕਲ ਬਸਤੀ ਮਿੱਠੂ-2 ਕੁਲਬੀਰ ਸਿੰਘ, ਸਰਕਲ ਬਸਤੀ ਗੁਜਾਂ ਅਮਨਦੀਪ ਸਿੰਘ ਬਾਜਵਾ, ਸਰਕਲ ਭਾਰਗੋ ਕੈਂਪ ਰਾਹੁਲ ਭਗਤ,ਸਰਕਲ ਮਾਡਲ ਹਾਊਸ ਸਰਬਜੀਤ ਸਿੰਘ ਰਿੱਪੀ, ਸਰਕਲ ਬਸਤੀ ਸ਼ੇਖ ਮਨਬੀਰ ਸਿੰਘ ਅਕਾਲੀ, ਸਰਕਲ ਅਵਤਾਰ ਨਗਰ ਗੁਰਬਿੰਦਰ ਸਿੰਘ ਜੱਜ,ਸਰਕਲ ਘਈ ਨਗਰ ਤਜਿੰਦਰ ਸਿੰਘ,ਸਰਕਲ ਪ੍ਰਤਾਪ ਪੁਰਾ ਜਥੇਦਾਰ ਸੁਖਦੇਵ ਸਿੰਘ ਫਤਿਹਪੁਰ, ਸਰਕਲ ਜੰਡਿਆਲਾ ਜਥੇਦਾਰ ਬਲਰਾਜ ਸਿੰਘ ਜੋਹਲ, ਸਰਕਲ ਜਮਸ਼ੇਰ ਜਥੇਦਾਰ ਰਣਧੀਰ ਸਿੰਘ ਬਾਹੀਆ, ਸਰਕਲ ਕੈਂਟ ਸੁਮੀਤ ਧੀਰ, ਸਰਕਲ ਗੜ੍ਹਾ -1 ਰਾਮ ਸਰੂਪ, ਸਰਕਲ ਗੜ੍ਹਾ-2 ਕੰਵਲਜੀਤ ਸਿੰਘ ਲੱਕੀ, ਸਰਕਲ ਅਰਬਨ ਅਸਟੇਟ ਹਰਪ੍ਰੀਤ ਸਿੰਘ ਸਚਦੇਵਾ, ਸਰਕਲ ਸੁਭਾਨਾ ਕੁਲਬੀਰ ਸਿੰਘ ਢਿੱਲੋਂ, ਸਰਕਲ ਦੀਪ ਨਗਰ ਗੁਰਨਾਮ ਸਿੰਘ,ਸਰਕਲ ਬੂਟਾ ਮੰਡੀ ਰਮਿਤ ਕੌਲ, ਸਰਕਲ ਖੁਰਲਾ ਕਿੰਗਰਾ ਹਰਵਿੰਦਰ ਸਿੰਘ ਬੱਬੀ ਨੂੰ ਸਨਮਾਨਤ ਕੀਤਾ ਗਿਆ।

# ਨਹੀਂ ਰਹੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਸੀਨੀਅਰ ਆਗੂ ਜੱਥੇਦਾਰ ਰਜਿੰਦਰ ਸਿੰਘ ਫੌਜੀ

**ਫਗਵਾੜਾ, (ਡਾ ਰਮਨ, ਜਸਵਿੰਦਰ ਢੱਡਾ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਪੀ ਏ ਸੀ ਕਮੇਟੀ ਦੇ ਮੈਂਬਰ ਤੇ ਕਿਸਾਨ ਵਿੰਗ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਜੱਥੇਦਾਰ ਰਜਿੰਦਰ ਸਿੰਘ ਫੌਜੀ ਅਕਾਲ ਪੁਰਖ ਦੀ ਬਖਸਿਸ਼ ਕੀਤੀ ਸੁਆਸਾਂ ਦੀ ਪੂੰਜੀ ਨੂੰ ਭੋਗਦੇ ਹੋਏ ਅਕਾਲ ਪੁਰਖ ਦੇ ਚਰਨਾਂ ਜਾ ਬਿਰਾਜੇ ਹਨ। ਪਾਰਟੀ ਦੇ ਜਿਲ੍ਹਾਂ ਕਪੂਰਥਲਾ ਦੇ ਪ੍ਰੈਸ ਸਕੱਤਰ ਗੁਰਦਿਆਲ ਸਿੰਘ ਮਾਨਾਂਵਾਲੀ ਅਤੇ ਵਿਧਾਨ ਸਭਾ ਹਲਕਾ ਫਗਵਾੜਾ ਦੇ ਹਲਕਾ ਇੰਚਾਰਜ ਕੁਲਦੀਪ ਸਿੰਘ ਨੂਰ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਜੱਥੇਦਾਰ ਰਜਿੰਦਰ ਸਿੰਘ ਫੌਜੀ ਜੋ ਪਿੱਛਲੇ ਸਮੇਂ ਤੋਂ ਅਟੈਕ ਆਉਣ ਤੋਂ ਬਾਅਦ ਸਰੀਰਕ ਪੱਖੋਂ ਢਿੱਲੇ ਚੱਲ ਰਹੇ ਸੀ ਜਿਨ੍ਹਾਂ ਦਾ ਬੀਤੀ ਰਾਤ ਦੇਹਾਂਤ ਹੋ ਗਿਆ।

ਜੱਥੇਦਾਰ ਰਜਿੰਦਰ ਸਿੰਘ ਫੌਜੀ ਦੇ ਅਕਾਲ ਚਲਾਣੇ ਤੋਂ ਬਾਅਦ ਪਾਰਟੀ ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ, ਇਕਬਾਲ ਸਿੰਘ ਟਿਵਾਣਾ, ਹਰਜਿੰਦਰ ਸਿੰਘ ਜੱਖੂ, ਜੱਥੇਦਾਰ ਸੁੱਚਾ ਸਿੰਘ ਬਿਸ਼ਨਪੁਰ, ਸੁਖਜੀਤ ਸਿੰਘ ਡਰੋਲੀ, ਰੇਸ਼ਮ ਸਿੰਘ ਪੱਪੀ, ਸੁਖਜੀਤ ਕੌਰ ਭਬਿਆਣਾ, ਬਲਵੀਰ ਸਿੰਘ ਬਸਰਾ, ਨੇ ਜਿੱਥੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜੱਥੇਦਾਰ ਰਜਿੰਦਰ ਸਿੰਘ ਫੌਜੀ ਦਾ ਅੰਤਿਮ ਸੰਸਕਾਰ 24 ਫਰਵਰੀ ਨੂੰ ਦੁਪਿਹਰ 12 ਵਜੇ ਪਿੰਡ ਨੌਰੰਗਸ਼ਾਹਪੁਰ (ਫਗਵਾੜਾ) ਵਿਖੇ ਕੀਤਾ ਜਾਵੇਗਾ।



## ਰੋਟਰੀ ਕਲੱਬ ਨੇ ਗਰਭਵਤੀ ਔਰਤਾਂ ਨੂੰ ਸਿਵਲ ਹਸਪਤਾਲ 'ਚ ਪ੍ਰੋਟੀਨ ਪਾਊਡਰ ਵੰਡਿਆ



**ਨਾਭਾ (ਵਰਿੰਦਰ ਵਰਮਾ)**-ਰੋਟਰੀ ਕਲੱਬ ਨਾਭਾ ਗ੍ਰੇਟਰ ਨਾਭਾ ਵੱਲੋਂ ਸਿਵਲ ਹਸਪਤਾਲ ਨਾਭਾ ਵਿਖੇ ਪੋਸ਼ਣ ਅਭਿਆਨ ਤਹਿਤ ਗਰਭਵਤੀ ਔਰਤਾਂ ਨੂੰ ਪ੍ਰੋਟੀਨ ਪਾਊਡਰ ਵੰਡਿਆ ਗਿਆ।ਇਸ ਮੌਕੇ ਐੱਸ ਐੱਮ ਓ ਡਾ. ਵੀਨੂੰ ਗੋਇਲ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਉਹਨਾ ਕਿਹਾ ਕਿ ਗਰਭ ਅਵਸਥਾ ਦੌਰਾਨ ਪਰਿਆਪਤ ਮਾਤਰਾ ਵਿੱਚ ਦਾਲਾਂ, ਦੁੱਧ, ਦਹੀਂ, ਸੋਇਆਬੀਨ, ਪਨੀਰ, ਕਾਲੇ ਛੋਲੇ, ਆਂਡਿਆਂ ਦਾ ਸੇਵਨ ਕਰਨਾ ਚਾਹੀਦਾ ਹੈ।ਉਹਨਾਂ ਦੱਸਿਆ ਕਿ ਪ੍ਰੋਟੀਨ ਦੀ ਕਮੀ ਕਾਰਨ ਗਰਭਵਤੀ ਔਰਤਾਂ ਨੂੰ ਜਣੇਪੇ ਦੌਰਾਨ ਖੂਨ ਦੀ ਕਮੀ, ਬੱਚੇ ਦਾ ਕਮਜ਼ੋਰ ਹੋਣਾ, ਫੀਡ ਦੀ ਕਮੀ ਹੋਣਾ, ਡਲਿਵਰੀ ਉਪਰੰਤ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ।ਉਨ੍ਹਾਂ ਨੇ ਗਰਭਵਤੀ ਔਰਤਾਂ ਨੂੰ ਸੰਤੁਲਿਤ ਖੁਰਾਕ ਬਾਰੇ ਜਾਗਰੂਕ ਕੀਤਾ ਅਤੇ ਉਨ੍ਹਾਂ ਪ੍ਰੋਟੀਨ ਦਾ ਆਪਣੇ ਭੋਜਨ ਵਿੱਚ ਵੱਧ ਤੋਂ ਵੱਧ ਵਰਤੋਂ ਕਰਨ ਲਈ ਕਿਹਾ।ਉਨ੍ਹਾਂ ਨੇ ਔਰਤਾਂ ਨੂੰ ਸਹੀ ਟਾਈਮ ਤੇ ਜਾਂਚ ਕਰਵਾਉਣ ਲਈ ਵੀ ਕਿਹਾ।ਇਸ ਮੌਕੇ ਕਲੱਬ ਪ੍ਰਧਾਨ ਭੂਪੇਸ਼ ਬਾਂਸਲ ਨੇ ਦੱਸਿਆ ਕਿ ਇਹ ਪ੍ਰੋਟੀਨ ਪਾਊਡਰ ਰੋ. ਵਿਕਾਸ ਮਿੱਤਲ ਅਤੇ ਰਜਨੀ ਮਿੱਤਲ ਵੱਲੋ ਸਹਿਯੋਗ ਦਿੱਤਾ ਗਿਆ ਹੈ।ਇਸ ਮੌਕੇ ਜਰਨਲ ਸਕੱਤਰ ਮਨੋਜ ਕੁਮਾਰ ਸਿੰਗਲਾ, ਗੀਨਾ ਸਿੰਗਲਾ, ਸੁਸ਼ਮਾ ਗਰਗ, ਸਵੀਟੀ ਬਾਂਸਲ, ਬਬੀਤਾ, ਡਾਕਟਰ ਰਮਨਪ੍ਰੀਤ ਕੌਰ, ਸਨੇਹ ਲਤਾ, ਹਰਜੀਤ ਕੌਰ ਆਦਿ ਹਾਜ਼ਰ ਸਨ।

## 145ਵਾਂ ਅੱਖਾਂ ਦਾ ਚੈੱਕਅੱਪ ਕੈਂਪ ਲਗਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਇਥੋਂ ਦੀ ਸਮਾਜ ਸੇਵਾ ਵਿੱਚ ਸਿਰਮੌਰ ਸੰਸਥਾ ਸੰਤ ਤ੍ਰਿਵੈਣੀ ਗਿਰਿ ਪੁਨਰ ਜੋਤੀ ਆਈ ਹਸਪਤਾਲ ਸੋਸਾਇਟੀ ਵੱਲੋਂ ਸ੍ਰੀ ਮਹੰਤ ਰਾਮ ਨਰਾਇਣ ਗਿਰੀ ਦੇ ਆਸ਼ੀਰਵਾਦ ਸਦਕਾ 145ਵਾਂ ਅੱਖਾਂ ਦਾ ਚੈੱਕਅੱਪ ਕੈਂਪ ਲਗਾਇਆ ਗਿਆ ਜਿਸ ਵਿੱਚ 350 ਮਰੀਜ਼ਾ ਦਾ ਚੈੱਕਅੱਪ ਕਰਕੇ 275 ਮਰੀਜ਼ ਆਪ੍ਰੇਸ਼ਨ ਕਰਨ ਲਈ ਚੁਣੇ ਗਏ। ਇਸ ਮੌਕੇ ਲੋੜਬੰਦ ਮਰੀਜ਼ਾਂ ਨੂੰ ਮੈਡੀਸਿਨ ਅਤੇ ਐਨਕਾਂ ਫਰੀ ਦਿੱਤੀਆਂ ਗਈਆਂ।

## ਮੇਜਰ ਅਜਾਇਬ ਸਿੰਘ ਸਕੂਲ ਵੱਲੋਂ ਬੱਚਿਆਂ ਨੂੰ ਕਾਬਲ ਬਣਾਉਣ ਦੇ ਉਪਰਾਲੇ ਪ੍ਰਸੰਸਾਯੋਗ : ਸਪੀਕਰ ਸੰਧਵਾਂ



**ਕੋਟਕਪੂਰਾ (ਰਛਪਾਲ ਭੁੱਲਰ)**-ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜੀਵਨਵਾਲਾ ਦੇ ਡਾਇਰੈਕਟਰ/ਪ੍ਰਿੰਸੀਪਲ ਡਾ: ਐਸ.ਐਸ. ਬਰਾੜ ਦੇ ਵਿਆਹ ਦੀ ਵਰ੍ਹੇਗੰਢ ਦੀ ਖੁਸ਼ੀ ਵਿੱਚ ਰੱਖੇ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਖਿਆ ਕਿ ਡਾਕਟਰ ਬਰਾੜ ਅਤੇ ਉਨ੍ਹਾਂ ਦੀ ਧਰਮਪਤਨੀ ਮੈਡਮ ਟੀ.ਕੇ. ਬਰਾੜ ਦਾ ਵਿਦਿਅਕ ਖੇਤਰ ਦੇ ਨਾਲ ਨਾਲ ਖੇਡਾਂ, ਸੱਭਿਆਚਾਰ, ਵਾਤਾਵਰਣ ਤੇ ਸਮਾਜਸੇਵਾ ਸਮੇਤ ਵੱਖ ਵੱਖ ਖੇਤਰਾਂ ਵਿੱਚ ਵੱਡਮੁੱਲਾ ਯੋਗਦਾਨ ਹੈ।ਗੁੱਡ ਮੋਰਨਿੰਗ ਵੈਲਫੇਅਰ ਕਲੱਬ ਦੇ ਪ੍ਰਧਾਨ ਡਾ ਮਨਜੀਤ ਸਿੰਘ ਢਿੱਲੋਂ, ਚੇਅਰਮੈਨ ਪੱਪੂ ਲਹੋਰੀਆ ਅਤੇ ਮੁੱਖ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ ਵੱਲੋਂ ਰੱਖੇ ਪ੍ਰੋਗਰਾਮ ਵਿੱਚ ਵੱਖ ਵੱਖ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਡਾ. ਬਰਾੜ ਅਤੇ ਉਹਨਾ ਦੀ ਧਰਮਪਤਨੀ ਨੂੰ ਵਿਆਹ ਦੀ ਵਰ੍ਹੇਗੰਢ ਦੀ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੇ ਚੰਗੇਰੇ ਭਵਿੱਖ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।ਸਪੀਕਰ ਸੰਧਵਾਂ ਦੇ ਧਰਮ ਪਤਨੀ ਬੀਬਾ ਗੁਰਪ੍ਰੀਤ ਕੌਰ ਨੇ ਆਖਿਆ ਕਿ ਜਿਸ ਤਰ੍ਹਾਂ ਡਾ. ਬਰਾੜ ਅਤੇ ਉਨ੍ਹਾਂ ਦੀ ਧਰਮਪਤਨੀ ਵੱਲੋਂ ਵਿਦਿਆ ਮੁਹੱਈਆ ਕਰਾਉਣ ਦੇ ਨਾਲ-ਨਾਲ ਬੱਚਿਆਂ ਨੂੰ ਸਮਾਜਿਕ ਕੁਰੀਤੀਆਂ ਤੇ ਮਾੜੀ ਸੁਸਾਇਟੀ ਤੋਂ ਬਚਾਅ ਕੇ ਚੰਗੇ ਨਾਗਰਿਕ ਬਣਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਉਸ ਨਾਲ ਤੰਦਰੁਸਤ ਸਮਾਜ ਅਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਦੀਆਂ ਸੰਭਾਵਨਾਵਾਂ ਪੈਦਾ ਹੋਣੀਆਂ ਸੁਭਾਵਿਕ ਹੈ।ਡਾ. ਐਸ.ਐਸ. ਬਰਾੜ ਨੇ ਸਪੀਕਰ ਸੰਧਵਾਂ ਅਤੇ ਉਹਨਾ ਦੀ ਹਮਸਫ਼ਰ ਸਮੇਤ ਗੁੱਡ ਮੌਰਨਿੰਗ ਕਲੱਬ ਦੇ ਹਾਜ਼ਰੀਨ ਅਹੁਦੇਦਾਰਾਂ ਤੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਲੱਬ ਵਲੋਂ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਲਈ ਵਿੱਢੀ ਮੁਹਿੰਮ ਵਿੱਚ 11 ਹਜ਼ਾਰ ਰੁਪਏ ਦਾ ਯੋਗਦਾਨ ਪਾਇਆ। ਇਸ ਮੌਕੇ ਸਪੀਕਰ ਸੰਧਵਾਂ ਦੇ ਪੀ.ਆਰ.ਓ. ਮਨਪ੍ਰੀਤ ਸਿੰਘ ਮਨੀ ਧਾਲੀਵਾਲ ਅਤੇ ਮਨਦੀਪ ਸਿੰਘ ਮੋਂਗਾ ਸਮੇਤ ਹੋਰਨਾ ਨੇ ਵੀ ਸੰਬੋਧਨ ਕੀਤਾ।

## ਲੋਕ ਅਕਾਲੀ ਦਲ ਦੀ 12 ਮਾਰਚ ਦੀ ਰੈਲੀ ਨੂੰ ਇਤਿਹਾਸਕ ਬਣਾਉਣ ਲਈ ਬੇਤਾਬ : ਪਵਨ ਗੋਇਲ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਅੰਦਰ 12 ਮਾਰਚ ਨੂੰ ਹੋਣ ਜਾ ਰਹੀ 'ਪੰਜਾਬ ਬਚਾਓ' ਰੈਲੀ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਤਿਆਰੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਹੋਣ ਵਾਲੀ ਇਸ ਰੈਲੀ ਨੂੰ ਕਾਮਯਾਬ ਬਣਾਉਣ ਲਈ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਤੇ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਵੱਲੋਂ ਹਲਕੇ ਵਿਚ ਡੋਰ ਟੂ ਡੋਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਇਨ੍ਹਾਂ ਮੀਟਿੰਗਾਂ ਦੌਰਾਨ ਪਾਰਟੀ ਆਗੂਆਂ, ਵਰਕਰਾਂ ਅਤੇ ਕਾਰਡਰ ਨੂੰ ਰੈਲੀ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਜਾ ਰਹੇ ਹਨ।ਆਗੂਆਂ ਨੇ ਵਰਕਰਾਂ ਨੂੰ ਕਿਹਾ ਕਿ ਉਹ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਬਣਾਉਣ ਤੇ ਪਾਰਟੀ ਦੀਆਂ ਨੀਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦੇਣ।ਖਾਸ ਤੌਰ 'ਤੇ ਤਤਕਾਲੀ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਦੌਰਾਨ ਕਰਾਏ ਗਏ ਵਿਕਾਸ ਕਾਰਜਾਂ ਤੇ ਚਲਾਈਆਂ ਗਈਆਂ ਲੋਕ ਭਲਾਈ ਯੋਜਨਾਵਾਂ ਬਾਰੇ ਲੋਕਾਂ ਨੂੰ ਜਾਣੂ ਕਰਾਉਣ ਦੀ ਅਪੀਲ ਕੀਤੀ ਗਈ ਹੈ।ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੀਨੀਅਰ ਅਕਾਲੀ ਆਗੂ ਪਵਨ ਗੋਇਲ ਨੇ ਕਿਹਾ ਕਿ ਰੈਲੀ ਨੂੰ ਲੈ ਕੇ ਪਾਰਟੀ ਵਰਕਰਾਂ ਵਿਚ ਖਾਸਾ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।ਉਨ੍ਹਾਂ ਦੱਸਿਆ ਕਿ ਹਲਕੇ ਦੇ ਵੱਖ-ਵੱਖ ਪਿੰਡਾਂ ਤੇ ਸ਼ਹਿਰੀ ਇਲਾਕਿਆਂ ਵਿਚ ਮੀਟਿੰਗਾਂ ਦਾ ਦੌਰ ਜਾਰੀ ਹੈ ਤੇ ਹਰ ਵਰਗ ਦੇ ਲੋਕ ਰੈਲੀ ਵਿੱਚ ਸ਼ਮੂਲੀਅਤ ਲਈ ਉਤਸੁਕ ਹਨ।ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਚਾਹੁਣ ਵਾਲੇ ਸਮਰਥਕ ਇਸ ਰੈਲੀ ਨੂੰ ਇਤਿਹਾਸਕ ਬਣਾਉਣ ਲਈ ਬੇਤਾਬ ਹਨ।ਪਵਨ ਗੋਇਲ ਨੇ ਦਾਅਵਾ ਕੀਤਾ ਕਿ ਜਦੋਂ ਵੀ ਸੂਬੇ ਵਿਚ ਚੋਣਾਂ ਹੁੰਦੀਆਂ ਹਨ ਤਾਂ ਪਾਰਟੀ ਦੀ ਜਿੱਤ ਦਾ ਮੁੱਢ ਹਲਕਾ ਬਾਘਾਪੁਰਾਣਾ ਤੋਂ ਹੀ ਬੱਝਦਾ ਹੈ।ਉਨ੍ਹਾਂ ਵਿਸ਼ਵਾਸ ਜਤਾਇਆ ਕਿ ਇਸ ਵਾਰ ਵੀ ਲੋਕ ਭਾਰੀ ਗਿਣਤੀ ਵਿਚ ਰੈਲੀ ਵਿੱਚ ਪਹੁੰਚ ਕੇ ਪਾਰਟੀ ਦੇ ਹੱਕ ਵਿਚ ਆਪਣਾ ਸਮਰਥਨ ਦਰਜ ਕਰਾਉਣਗੇ।ਪਾਰਟੀ ਆਗੂਆਂ ਮੁਤਾਬਕ 12 ਮਾਰਚ ਦੀ 'ਪੰਜਾਬ ਬਚਾਓ' ਰੈਲੀ ਨਾ ਸਿਰਫ ਹਲਕੇ ਵਿੱਚ, ਸਗੋਂ ਪੂਰੇ ਜ਼ਿਲ੍ਹੇ ਵਿੱਚ ਸਿਆਸੀ ਮਾਹੌਲ ਨੂੰ ਨਵੀਂ ਦਿਸ਼ਾ ਦੇਵੇਗੀ।

## ਕੌਮਾਂਤਰੀ ਮਾਂ ਬੋਲੀ ਦਿਵਸ ਮਨਾਇਆ



**ਕੋਟਕਪੂਰਾ (ਰਛਪਾਲ ਭੁੱਲਰ)**-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿੱਚ ਕੌਮਾਂਤਰੀ ਮਾਂ ਬੋਲੀ ਦਿਵਸ ਦੇ ਸਬੰਧ ਵਿੱਚ ਪੰਜਾਬੀ ਲਿਖਾਈ ਮੁਕਾਬਲਾ ਕਰਾਇਆ ਗਿਆ, ਜਿਸ ਵਿੱਚ ਛੇਵੀਂ ਤੇ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਮੁਕਾਬਲੇ ਵਿੱਚ ਛੇਵੀਂ ਜਮਾਤ ਦੀ ਨਵਜੋਤ ਕੌਰ ਤੇ ਸੱਤਵੀਂ ਜਮਾਤ ਦੇ ਸੁਖਜੋਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ।ਦੂਜਾ ਸਥਾਨ ਸੱਤਵੀਂ ਕਲਾਸ ਦੀ ਦਿਕਸ਼ਾ ਰਾਣੀ ਅਤੇ ਛੇਵੀਂ ਕਲਾਸ ਦੇ ਅਰਸ਼ਦੀਪ ਸਿੰਘ ਨੇ ਪ੍ਰਾਪਤ ਕੀਤਾ।ਤੀਜੇ ਸਥਾਨ 'ਤੇ ਛੇਵੀਂ ਜਮਾਤ ਦੀ ਹਰਸਿਮਰਨ ਕੌਰ ਤੇ ਏਕਮਜੋਤ ਸਿੰਘ ਰਹੇ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰ ਕੌਰ ਅਤੇ ਪ੍ਰਿੰਸੀਪਲ ਸ਼੍ਰੀਮਤੀ ਸੋਮਾ ਦੇਵੀ ਹਾਜ਼ਰ ਸਨ।ਬਲਜੀਤ ਸਿੰਘ ਨੇ ਦੱਸਿਆ ਕਿ ਇਹੋ ਜਿਹੇ ਮੁਕਾਬਲੇ ਬੱਚਿਆਂ ਦਾ ਬੌਧਿਕ ਵਿਕਾਸ ਕਰਦੇ ਹਨ ਤੇ ਉਨ੍ਹਾਂ ਵਿੱਚ ਨਵਾਂ ਉਤਸ਼ਾਹ ਪੈਦਾ ਕਰਦੇ ਹਨ।

## ਭਗਵਾਨ ਖਾਟੂ ਸ਼ਿਆਮ ਦੇ ਮੰਦਰ ਤੱਕ ਪੈਦਲ ਨਿਸ਼ਾਨ ਯਾਤਰਾ ਕੱਢੀ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਲੱਖੀ ਮੇਲੇ ਦੇ ਸ਼ੁਭ ਦਿਹਾੜੇ 'ਤੇ ਸ੍ਰੀ ਖਾਟੂ ਸ਼ਿਆਮ ਪਰਵਾਰ ਵੱਲੋਂ ਇੱਕ ਨਿਸ਼ਾਨ ਯਾਤਰਾ ਕੱਢੀ ਗਈ। ਰਾਮ ਬਾਗ ਤੋਂ ਸਵੇਰੇ 10 ਵਜੇ ਇਹ 45ਵੀਂ ਨਿਸ਼ਾਨ ਯਾਤਰਾ ਆਰੰਭ ਹੋਈ, ਜਿਸ ਵਿੱਚ ਭਾਰੀ ਗਿਣਤੀ 'ਚ ਸ਼ਰਧਾਲੂ ਸ਼ਾਮਲ ਹੋਏ। ਯਾਤਰਾ ਦੌਰਾਨ ਇੱਕ ਸੁੰਦਰ ਰੱਥ ਵਿਚ ਭਗਵਾਨ ਖਾਟੂ ਸ਼ਿਆਮ ਜੀ ਸੁਸ਼ੋਭਿਤ ਕੀਤੇ ਗਏ, ਜਿਸ ਨੂੰ ਖਿੱਚ ਕੇ ਸ਼ਰਧਾਲੂ ਮੰਦਰ ਪਹੁੰਚੇ। ਭਗਵਾਨ ਖਾਟੂ ਸ਼ਿਆਮ ਜੀ ਦੇ ਭਗਤਾਂ ਵਲੋਂ ਹੱਥਾਂ ਵਿਚ ਝੰਡੇ ਫੜ ਜੈਕਾਰੇ ਲਾਉਂਦੇ ਹੋਏ ਕਰੀਬ 24 ਕਿਲੋਮੀਟਰ ਦੂਰ ਖਾਟੂ ਸ਼ਿਆਮ ਜੀ ਦੇ ਮੰਦਰ ਤੱਕ ਇਹ ਪੈਦਲ ਯਾਤਰਾ ਕੀਤੀ। ਮੰਦਰ ਵਿਖੇ ਪਹੁੰਚ ਕੇ ਸ਼ਰਧਾਲੂਆਂ ਨੇ ਭਗਵਾਨ ਖਾਟੂ ਸ਼ਿਆਮ ਜੀ ਦੇ ਦਰਸ਼ਨ ਕੀਤੇ ਤੇ ਆਪਣੀ ਮਨੋਕਾਮਨਾਵਾਂ ਪੂਰਨ ਕੀਤੀਆਂ। ਇਸ ਮੌਕੇ ਰਾਮਲੀਲਾ ਕਮੇਟੀ ਦੇ ਪ੍ਰਧਾਨ ਅਸ਼ੋਕ ਸੂਦ, ਰੋਕੀ ਬਾਂਸਲ, ਸੁਰਿੰਦਰ ਅਗਰਵਾਲ, ਪ੍ਰਧਾਨ ਨੰਦ ਕਿਸ਼ੋਰ, ਰਿੰਕੂ ਨਾਗਪਾਲ, ਸੰਨੀ ਓਹਰੀ, ਅਸ਼ਵਨੀ ਸਿੰਗਲਾ, ਮੰਗਤ ਰਾਏ ਬੱਤਰਾ, ਰੋਜ਼ੀ ਮਹਿੰਦਰੂ ਵੀ ਮੌਜੂਦ ਸਨ।

## ਮਾਲਵਾ ਪੰਜਾਬੀ ਸਾਹਿਤ ਸਭਾ ਰਾਮਪੁਰਾ ਫੂਲ ਨੇ ਮਾਂ-ਬੋਲੀ ਦਿਹਾੜਾ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਕੌਮਾਂਤਰੀ ਮਾਂ-ਬੋਲੀ ਦਿਹਾੜਾ ਮਾਲਵਾ ਪੰਜਾਬੀ ਸਾਹਿਤ ਸਭਾ (ਰਜਿ:) ਰਾਮਪੁਰਾ ਫੂਲ (ਬਠਿੰਡਾ) ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਨਾਇਆ ਗਿਆ। ਸਭਾ ਦੇ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਬਠਿੰਡਾ, ਸਬ ਡਿਵੀਜ਼ਨਲ ਮੈਜਿਸਟ੍ਰੇਟ ਫੂਲ, ਐਮ .ਐਲ .ਏ ਹਲਕਾ ਮੌੜ ਸੁਖਬੀਰ ਸਿੰਘ ਮਾਈਸਰਖਾਨਾ, ਐਮ ਐਲ ਏ ਹਲਕਾ ਰਾਮਪੁਰਾ ਫੂਲ ਬਲਕਾਰ ਸਿੱਧੂ ਨੂੰ ਮੰਗ ਪੱਤਰ ਦਿੱਤੇ ਗਏ ਦੇ ਉਪਰੰਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਰਾਮਪੁਰਾ ਦੇ ਖੇਡ ਮੈਦਾਨ ਦੇ ਵਿੱਚ ਸਕੂਲੀ ਵਿਦਿਆਰਥੀਆਂ ਤੇ ਆਮ ਲੋਕਾਂ ਦਾ ਭਰਵਾਂ ਇਕੱਠ ਹੋਇਆ।ਦਰਸ਼ਨ ਸਿੰਘ ਪ੍ਰੀਤੀਮਾਨ ਨੇ ਪੰਜਾਬੀ ਮਾਂ ਬੋਲੀ ਨੂੰ ਬਚਾਉਣ ਲਈ ਪੰਜਾਬੀ ਲੋਕਾਂ, ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਜਗਾਵਾ ਦੇਣ ਲਈ ਭਾਸ਼ਣ ਦਿੱਤਾ ਤੇ ਦਿੱਤੇ ਗਏ ਮੰਗ ਪੱਤਰ ਜੋ ਮੰਗਾਂ ਸਬੰਧੀ ਸਨ, ਪੜ੍ਹ ਕੇ ਸੁਣਾਏ। ਪਿੰਡ ਰਾਮਪੁਰਾ ਵਿੱਚ ਮਾਰਚ ਕੱਢਿਆ ਗਿਆ, ਜਿਸ ਵਿੱਚ ਵੱਖ-ਵੱਖ ਪੜਾਵਾਂ ਤੇ ਹੈਡਮਾਸਟਰ ਹਰਿੰਦਰ ਸਿੰਘ ਭੁੱਲਰ, ਹੈਡਮਾਸਟਰ ਸੁਖਵਿੰਦਰ ਸਿੰਘ ਬਾਠ, ਨਿਰਮਲ ਸਿੰਘ ਵਿਗਿਆਨੀ ਨੇ ਆਪਣੇ ਵਿਚਾਰ ਰੱਖੇ, ਸਕੂਲ ਦੇ ਪੰਜਾਬੀ ਅਧਿਆਪਕਾ ਗਰਮੀਤ ਕੌਰ, ਵਿਦਿਆਰਥਣ ਸਰਬਦੀਪ ਕੌਰ ਨੇ ਆਪਣੇ ਵਿਚਾਰ ਰੱਖੇ ਅਤੇ ਸਕੂਲ ਦੇ ਵਿਦਿਆਰਥੀ ਜਸ਼ਨਦੀਪ ਸਿੰਘ ਨੇ ਅਤੇ ਸੁਖਮਨਵੀਰ ਸਿੰਘ ਸਿੱਧੂ ਨੇ ਪੰਜਾਬੀ ਮਾਂ-ਬੋਲੀ ਪ੍ਰਤੀ ਆਪਣੇ ਗੀਤ ਗਾਏ। ਸਕੂਲੀ ਵਿਦਿਆਰਥਣਾਂ ਤੇ ਵਿਦਿਆਰਥੀਆਂ ਦੇ ਹੱਥਾਂ ਵਿੱਚ ਮਾਂ -ਬੋਲੀ ਪੰਜਾਬੀ ਨਾਲ਼ ਸੰਬੰਧਤ ਨਾਹਰਿਆਂ ਵਾਲੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ।ਇਸ ਸਮੇਂ ਦਰਸ਼ਨ ਸਿੰਘ ਭੁੱਲਰ, ਹਰਬੰਸ ਸਿੰਘ ਖੁਰਮੀ, ਗਮਦੂਰ ਸਿੰਘ ਜੱਸੀ, ਡਾਕਟਰ ਨਰੰਜਨ ਸਿੰਘ ਚੌਹਾਨ, ਜਗਸੀਰ ਸਿੰਘ ਸੀਰਾ, ਦਰਸ਼ਨ ਸਿੰਘ ਖਾਲਸਾ ਮੰਡੀ ਕਲਾਂ, ਤੋਤੀ ਸਿੰਘ, ਪ੍ਰੀਤਮ ਸਿੰਘ ਆਰਟਿਸਟ ਹਾਜ਼ਰ ਸਨ। ਪ੍ਰੋਗਰਾਮ ਵਿੱਚ ਪ੍ਰਿੰਸੀਪਲ ਜਸਬੀਰ ਸਿੰਘ ਅਤੇ ਪਿੰਡ ਦੇ ਸਰਪੰਚ ਰਾਜਵਿੰਦਰ ਸਿੰਘ ਸਿੱਧੂ ਨੇ ਮਾਂ-ਬੋਲੀ ਪ੍ਰਤੀ ਵਿਚਾਰ ਸਾਂਝੇ ਕੀਤੇ।ਇਸ ਪ੍ਰੋਗਰਾਮ ਵਿੱਚ ਬੀਬੀ ਹਰਜੀਤ ਕੌਰ ਅਕਾਲੀ ਸਿੱਧੂ ਤੇ ਸਨੇਹਵੀਰ ਕੌਰ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ। ਇਸ ਪ੍ਰੋਗਰਾਮ ਵਿੱਚ ਮਾਲਵਾ ਪੰਜਾਬੀ ਸਾਹਿਤ ਸਭਾ (ਰਜਿ:) ਰਾਮਪੁਰਾ ਫੂਲ (ਬਠਿੰਡਾ) ਦਾ ਸਮੁੱਚਾ ਪਰਵਾਰ ਹਾਜ਼ਰ ਹੋਇਆ।ਇਸ ਸਮਾਗਮ ਦੇ ਅਖ਼ੀਰ ਤੇ ਹੈਡਮਾਸਟਰ ਹਰਿੰਦਰ ਸਿੰਘ ਭੁੱਲਰ ਨੇ ਸਭ ਦਾ ਧੰਨਵਾਦ ਕੀਤਾ ਅਤੇ ਸਟੇਜ ਦੀ ਕਾਰਵਾਈ ਲੈਕਚਰਾਰ ਦਹੂਦ ਸਿੰਘ ਨੇ ਨਿਭਾਈ।ਇਸ ਪ੍ਰੋਗਰਾਮ ਦੀ ਜਾਣਕਾਰੀ ਲੈਕ: ਦਹੂਦ ਸਿੰਘ, ਹੈਡਮਾਸਟਰ ਹਰਿੰਦਰ ਸਿੰਘ ਭੁੱਲਰ ਤੇ ਗਗਨ ਫੂਲ ਨੇ ਪ੍ਰੈਸ ਨੂੰ ਦਿੱਤੀ।

## ਪੰਜਾਬੀ ਬੋਲੀ, ਸੱਭਿਆਚਾਰ ਦੀ ਰਾਖੀ ਲਈ ਸੈਮੀਨਾਰ ਅੱਜ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੁੱਖ ਅਤੇ ਅਫਸੋਸ ਹੈ ਕਿ ਜਿਸ ਗੁਰਮੁਖੀ ਪੰਜਾਬੀ ਲਿੱਪੀ ਵਿਚ ਸਾਡੇ ਗੁਰੂ ਸਾਹਿਬਾਨ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ, ਉਸ ਗੁਰਮੁਖੀ ਤੇ ਪੰਜਾਬੀ ਬੋਲੀ ਨੂੰ ਦੁਸ਼ਮਣ ਨਿਰੰਤਰ ਸਾਜਸ਼ੀ ਢੰਗਾਂ ਰਾਹੀ ਨੁਕਸਾਨ ਕਰਦਾ ਆ ਰਿਹਾ ਹੈ।ਜੋ ਪੰਜਾਬੀ ਨੂੰ ਤੇ ਪੰਜਾਬੀ ਵਿਰਸੇ ਨੂੰ ਪਿਆਰ ਕਰਨ ਵਾਲੀਆਂ ਸ਼ਖਸੀਅਤਾਂ ਹਨ, ਅਜਿਹੇ ਸਮੇਂ ਉਨ੍ਹਾਂ ਵੱਲੋਂ ਚੁੱਪ ਰਹਿਣਾ ਅਤੇ ਕੋਈ ਆਵਾਜ਼ ਬੁਲੰਦ ਨਾ ਕਰਨਾ, ਹੋਰ ਵੀ ਦੁਖਦਾਇਕ ਅਮਲ ਹਨ।ਇਸ ਲਈ ਹਰ ਪੰਜਾਬੀ ਅਤੇ ਸਿੱਖੀ ਨੂੰ ਪਿਆਰ ਕਰਨ ਵਾਲੇ ਇਨਸਾਨਾਂ ਦਾ ਫਰਜ਼ ਬਣ ਜਾਂਦਾ ਹੈ ਕਿ ਜਿਥੇ ਕਿਤੇ ਵੀ ਅਜਿਹੇ ਸਾਜਸ਼ੀ ਹਮਲੇ ਹੁੰਦੇ ਹਨ ਉਨ੍ਹਾਂ ਦਾ ਦ੍ਰਿੜ੍ਹਤਾ ਨਾਲ ਵਿਰੋਧ ਵੀ ਕੀਤਾ ਜਾਵੇ ਅਤੇ ਆਪਣੀ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਿਤ ਕਰਨ ਅਤੇ ਗੁਰੂ ਸਾਹਿਬ ਜੀ ਦੀਆਂ ਸਿਖਿਆਵਾ ਦਾ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਨਿਭਾਈ ਜਾਵੇ।ਇਸ ਮਕਸਦ ਲਈ ਜੋ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ 24 ਫਰਵਰੀ ਨੂੰ ਗੁਰਦੁਆਰਾ ਮੱਲ ਅਖਾੜਾ ਸਾਹਿਬ ਖਡੂਰ ਸਾਹਿਬ ਵਿਖੇ ਇਕ ਸੈਮੀਨਰ ਰੱਖਿਆ ਗਿਆ ਹੈ, ਜਿਸ ਵਿਚ ਸਮੁੱਚੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਵਿਦਵਾਨਾਂ, ਬੁੱਧੀਜੀਵੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।ਇਹ ਅਪੀਲ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਵੱਖ-ਵੱਖ ਸਥਾਨਾਂ, ਸੂਬਿਆਂ ਵਿਚ ਵਿਚਰਣ ਵਾਲੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਵਿਦਵਾਨਾਂ, ਬੁੱਧੀਜੀਵੀਆਂ ਨੂੰ ਇਸ ਸੈਮੀਨਰ ਵਿਚ ਸ਼ਮੂਲੀਅਤ ਕਰਨ ਹਿੱਤ ਕੀਤੀ।

## ਸਪੀਕਰ ਸੰਧਵਾਂ ਨੇ ਰਾਈਜ਼ਿੰਗ ਮੇਨ ਦੇ 23.09 ਕਰੋੜ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ



**ਕੋਟਕਪੂਰਾ (ਰਛਪਾਲ ਭੁੱਲਰ)**

ਲੋਕਾਂ ਨੂੰ ਸੀਵਰੇਜ ਤੇ ਬਰਸਾਤੀ ਪਾਣੀ ਦੀ ਹੁਣ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ, ਇਹ ਪ੍ਰਗਟਾਵਾ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਕੋਟਕਪੂਰਾ ਦੇ ਦੇਵੀਵਾਲਾ ਰੋਡ ਤੇ ਰਾਈਜਿੰਗ ਮੇਨ ਤੇ ਕੰਮ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ।ਸੰਧਵਾਂ ਨੇ ਦੱਸਿਆ ਕਿ ਇਸ ਪ੍ਰੋਜੈਕਟ 'ਤੇ 23.09 ਕਰੋੜ ਰੁਪਏ ਖਰਚੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਹ ਸਿਰਫ ਐਲਾਨ ਨਹੀਂ ਹੈ, ਇਹ 18 ਮਹੀਨਿਆਂ ਦਾ ਪ੍ਰੋਜੈਕਟ ਹੈ ਤੇ ਇਸ ਨੂੰ ਸੀਮਤ ਸਮੇਂ ਅੰਦਰ ਪੂਰਾ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਕੋਟਕਪੂਰਾ ਹਲਕੇ ਵਿੱਚ ਵਿਕਾਸ ਦੇ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਹੋਰ ਪ੍ਰੋਜੈਕਟਾਂ ਦੇ ਨਾਲ-ਨਾਲ ਛੱਪੜਾਂ ਨੂੰ ਸਾਫ ਕਰਵਾ ਕੇ ਬਰਸਾਤੀ ਪਾਣੀ ਦੀ ਸਟੋਰੇਜ ਲਈ ਵੀ ਕੰਮ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਡੇ ਵੱਡੇ ਪ੍ਰੋਜੈਕਟਾਂ 'ਤੇ ਕੰਮ ਕਰਕੇ ਸੂਬੇ ਦਾ ਬਹੁਪੱਖੀ ਵਿਕਾਸ ਕਰ ਰਹੀ ਹੈ।ਉਨ੍ਹਾਂ ਕੋਟਕਪੂਰਾ ਨਿਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਕੂੜਾ ਕਰਕਟ ਖੁੱਲ੍ਹੇ ਵਿੱਚ ਨਾ ਸੁੱਟਣ ਤਾਂ ਜੁ ਸੀਵਰੇਜ ਵਿੱਚ ਕਿਸੇ ਵੀ ਕਿਸਮ ਦਾ ਕਚਰਾ ਨਾ ਫਸੇ।ਉਨ੍ਹਾਂ ਕਿਹਾ ਕਿ ਸੀਵਰੇਜ ਦੀ ਸਮੱਸਿਆ ਤੋਂ ਨਿਜ਼ਾਤ ਪਾਉਣ ਲਈ ਪੁਰਾਣੀਆਂ ਲਾਈਨਾਂ ਨੂੰ ਬਦਲਣਾ, ਨਵੇਂ ਸੀਵਰੇਜ ਪ੍ਰੋਜੈਕਟ ਸ਼ੁਰੂ ਕਰਨਾ ਤੇ ਟ੍ਰੀਟਮੈਂਟ ਪਲਾਂਟਾਂ ਨਾਲ ਜੋੜਨਾ ਜ਼ਰੂਰੀ ਹੈ।ਸਪੀਕਰ ਨੇ ਇਹ ਵੀ ਦੱਸਿਆ ਕਿ ਰਜਬਾਹੇ ਦੀ ਰੀ-ਲਾਈਨਿੰਗ ਦਾ 12.50 ਕਰੋੜ ਦੇ ਪ੍ਰੋਜੈਕਟ ਦਾ ਕੰਮ ਵੀ ਜਲਦ ਸ਼ੁਰੂ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਸੂਆ ਟੁੱਟਣ ਕਾਰਨ ਇਲਾਕੇ ਵਿੱਚ ਸਬਜ਼ੀਆਂ ਅਤੇ ਹੋਰ ਫਸਲਾਂ ਨੂੰ ਭਾਰੀ ਨੁਕਸਾਨ ਪਹੁੰਚਦਾ ਸੀ।ਇਸ ਮਹੱਤਵਪੂਰਨ ਪ੍ਰੋਜੈਕਟ ਦੇ ਸ਼ੁਰੂ ਹੋਣ ਨਾਲ ਕਿਸਾਨਾਂ ਨੂੰ ਵੱਡੀ ਰਾਹਤ ਮਿਲੇਗੀ ਤੇ ਪਾਣੀ ਪ੍ਰਬੰਧਨ ਪ੍ਰਣਾਲੀ ਹੋਰ ਮਜ਼ਬੂਤ ਬਣੇਗੀ। ਇਹ ਉਪਰਾਲਾ ਹਲਕੇ ਦੀ ਖੇਤੀਬਾੜੀ ਤੇ ਆਰਥਿਕਤਾ ਨੂੰ ਮਜ਼ਬੂਤੀ ਦੇਣ ਵੱਲ ਇਕ ਅਹਿਮ ਕਦਮ ਸਾਬਤ ਹੋਵੇਗਾ।

## ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਕੌਮਾਂਤਰੀ ਮਾਂ-ਬੋਲੀ ਦਿਹਾੜੇ ਨੂੰ ਸਮਰਪਤ ਵੈਬੀਨਾਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ 'ਕੌਮਾਂਤਰੀ ਮਾਂ-ਬੋਲੀ ਦਿਹਾੜੇ ਨੂੰ ਸਮਰਪਤ' 'ਡਿਜੀਟਲ ਯੁੱਗ ਵਿੱਚ ਮਾਂ-ਬੋਲੀ ਦਾ ਭਵਿੱਖ' ਵਿਸ਼ੇ 'ਤੇ ਇਕ ਰਾਸ਼ਟਰੀ ਵੈਬੀਨਾਰ ਕੀਤਾ ਗਿਆ। ਇਸ ਰਾਸ਼ਟਰੀ ਵੈਬੀਨਾਰ ਵਿੱਚ ਮੁੱਖ ਵਕਤਾ ਦੇ ਤੌਰ 'ਤੇ ਡਾ. ਹਰਜਿੰਦਰ ਸਿੰਘ ਸਹਾਇਕ ਪ੍ਰੋਫੈਸਰ ਪੰਜਾਬੀ ਤੇ ਡੋਗਰੀ ਵਿਭਾਗ ਸੈਂਟਰਲ ਯੂਨੀਵਰਸਿਟੀ ਆਫ਼ ਹਿਮਾਚਲ ਪ੍ਰਦੇਸ਼, ਧਰਮਸ਼ਾਲਾ ਨੇ ਹਾਜ਼ਰੀ ਭਰੀ। ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਵੱਲੋਂ ਪ੍ਰਮੁੱਖ ਬੁਲਾਰੇ ਨੂੰ ਜੀ ਆਇਆਂ ਕਿਹਾ ਗਿਆ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਾਂ-ਬੋਲੀ ਸਭ ਤੋਂ ਮਿੱਠੀ ਤੇ ਨਿਆਰੀ ਹੁੰਦੀ ਹੈ, ਜੋ ਅਸੀਂ ਸੁਤੇ-ਸਿੱਧ ਆਪਣੀ ਮਾਂ ਤੋਂ ਸਿੱਖਦੇ ਹਾਂ। ਅਜੋਕੇ ਡਿਜੀਟਲ ਯੁੱਗ ਵਿੱਚ ਭਾਵੇਂ ਤਕਨੀਕ ਨੇ ਬਹੁਤ ਵਿਕਾਸ ਕਰ ਲਿਆ ਹੈ, ਫਿਰ ਵੀ ਇਸ ਨਾਲ ਮਾਂ-ਬੋਲੀ ਦਾ ਮਹੱਤਵ ਹੋਰ ਜ਼ਿਆਦਾ ਵੱਧ ਜਾਂਦਾ ਹੈ। ਮਾਤ-ਭਾਸ਼ਾ ਵਿੱਚ ਸਿਰਜਿਤ ਵਸਤ ਦਾ ਆਪਣਾ ਮੁੱਲ-ਵਿਧਾਨ ਹੁੰਦਾ ਹੈ, ਭਾਵੇਂ ਮਸਨੂਈ ਬੁੱਧੀ ਅਜੋਕੀ ਪੀੜ੍ਹੀ 'ਤੇ ਵਧੇਰੇ ਪ੍ਰਬਲ ਹੋ ਰਹੀ ਹੈ। ਇਸ ਰਾਸ਼ਟਰੀ ਵੈਬੀਨਾਰ ਦੇ ਮੁੱਖ ਵਕਤਾ ਡਾ. ਹਰਜਿੰਦਰ ਸਿੰਘ ਨੇ ਆਪਣੇ ਵਿਚਾਰ ਵਿਅਕਤ ਕਰਦਿਆਂ ਕੌਮਾਂਤਰੀ ਮਾਂ-ਬੋਲੀ ਦਿਹਾੜੇ ਦੇ ਇਤਿਹਾਸਕ ਮਹੱਤਵ ਨੂੰ ਉਜਾਗਰ ਕਰਦਿਆਂ ਵਿਸ਼ਵ-ਭਾਸ਼ਾਵਾਂ ਦੀ ਦਸ਼ਾ ਤੇ ਦਿਸ਼ਾ ਦੀ ਵਿਸਤ੍ਰਿਤ ਰੂਪ ਵਿੱਚ ਗੱਲ ਕੀਤੀ। ਉਨ੍ਹਾਂ ਕਿਹਾ ਕਿ ਡਿਜੀਟਲ ਯੁੱਗ ਵਿੱਚ ਭਾਸ਼ਾ ਦੀ ਸੰਭਾਲ ਤੇ ਪ੍ਰਸਾਰ ਲਈ ਸੋਸ਼ਲ ਮੀਡੀਆ, ਈ-ਪੁਸਤਕਾਂ, ਬਲੌਗਿੰਗ ਤੇ ਆਨਲਾਈਨ ਪਲੇਟਫਾਰਮ ਬਹੁਤ ਮਹੱਤਵਪੂਰਨ ਸਾਧਨ ਹਨ। ਉਨ੍ਹਾਂ ਵਿਦਿਆਰਥਣਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਮਾਂ-ਬੋਲੀ ਪੰਜਾਬੀ ਵਿੱਚ ਲਿਖਣ, ਪੜ੍ਹਨ ਤੇ ਡਿਜੀਟਲ ਸਮੱਗਰੀ ਤਿਆਰ ਕਰਨ ਵਿੱਚ ਅਗਵਾਈ ਕਰਨ। ਇਸ ਰਾਸ਼ਟਰੀ ਵੈਬੀਨਾਰ ਵਿੱਚ ਹਾਜ਼ਰੀਨ ਸਰੋਤਿਆਂ/ਦਰਸ਼ਕਾਂ ਦਾ ਧੰਨਵਾਦ ਡਾ. ਪਰਮਵੀਰ ਕੌਰ, ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਕੀਤਾ ਗਿਆ ਅਤੇ ਮੰਚ ਸੰਚਾਲਕ ਦੀ ਭੂਮਿਕਾ ਪ੍ਰੋ. ਨਿਸ਼ਾਨ ਸਿੰਘ ਨੇ ਨਿਭਾਈ। ਇਸ ਰਾਸ਼ਟਰੀ ਵੈਬੀਨਾਰ ਵਿੱਚ ਵਿਦਿਆਰਥਣਾਂ ਨੇ ਉਤਸ਼ਾਹ ਨਾਲ ਭਾਗ ਲਿਆ।

## ਮੁੱਖ ਮੰਤਰੀ ਮਾਨ ਨੇ ਸੰਦੀਪ ਗਿਲਹੋਤਰਾ ਦੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਉੱਘੇ ਸਮਾਜ ਸੇਵਕ ਸੰਦੀਪ ਗਿਲਹੋਤਰਾ ਦੇ ਦੇਹਾਂਤ 'ਤੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਗਿਲਹੋਤਰਾ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ। ਸੰਦੀਪ ਗਿਲਹੋਤਰਾ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਸਹੁਰਾ ਸਾਹਿਬ ਸਨ।ਇਸ ਔਖੀ ਘੜੀ ਵਿੱਚ ਪੀੜਤ ਪਰਵਾਰ ਨਾਲ ਦੁੱਖ ਪ੍ਰਗਟ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਵਰਗੀ ਸੰਦੀਪ ਗਿਲਹੋਤਰਾ ਨਿਰਸਵਾਰਥ ਸੇਵਾ ਦੇ ਚਾਨਣ ਮੁਨਾਰੇ ਅਤੇ ਸਮਰਪਿਤ ਸਮਾਜ ਸੇਵਕ ਸਨ, ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਲੋਕਾਂ ਦੀ ਭਲਾਈ ਲਈ ਸਮਰਪਤ ਕਰ ਦਿੱਤਾ। ਉਨ੍ਹਾਂ ਨੇ ਸਮਾਜ ਦੇ ਸਾਰੇ ਵਰਗਾਂ, ਖਾਸ ਕਰ ਕੇ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਦੀ ਬਿਹਤਰੀ ਲਈ ਅਣਥੱਕ ਕੰਮ ਕੀਤਾ। ਉਹ ਦੱਬੇ-ਕੁਚਲੇ ਅਤੇ ਲੋੜਵੰਦ ਲੋਕਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦੇ ਸਨ।ਸੰਦੀਪ ਗਿਲਹੋਤਰਾ ਦੇ ਚੰਗੇ ਕੰਮ ਹਮੇਸ਼ਾ ਲੋਕਾਂ ਦੇ ਦਿਲਾਂ ਵਿੱਚ ਉੱਕਰੇ ਰਹਿਣਗੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਿਰਸਵਾਰਥ ਸੇਵਾ ਲਈ ਪ੍ਰੇਰਿਤ ਕਰਦੇ ਰਹਿਣਗੇ। ਉਨ੍ਹਾਂ ਦੇ ਬੇਵਕਤੀ ਅਕਾਲ ਚਲਾਣੇ ਨੇ ਇੱਕ ਅਜਿਹਾ ਖਲਾਅ ਪੈਦਾ ਕਰ ਦਿੱਤਾ ਹੈ, ਜੋ ਕਦੇ ਵੀ ਭਰਿਆ ਨਹੀਂ ਜਾ ਸਕਦਾ।ਪਰਵਾਰ ਦੀ ਲੋਕ ਸੇਵਾ ਪ੍ਰਤੀ ਵਚਨਬੱਧਤਾ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਇਸ ਮਹਾਨ ਆਤਮਾ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ, ਉਨ੍ਹਾਂ ਦਾ ਜਵਾਈ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਮਿਸ਼ਨਰੀ ਉਤਸ਼ਾਹ ਨਾਲ ਸੂਬੇ ਦੇ ਲੋਕਾਂ ਦੀ ਸੇਵਾ ਕਰ ਰਹੇ ਹਨ।ਮੁੱਖ ਮੰਤਰੀ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਪੀੜਤ ਪਰਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਸਨੇਹੀਆਂ ਨੂੰ ਇਸ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਸਹਿਣ ਕਰਨ ਦੀ ਤਾਕਤ ਦੇਣ ਅਤੇ ਵਿਛੜੀ ਰੂਹ ਨੂੰ ਸਦੀਵੀ ਸ਼ਾਂਤੀ ਬਖ਼ਸ਼ਣ।ਇਸ ਮੌਕੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ, ਅਮਨਦੀਪ ਸਿੰਘ ਗੋਲਡੀ ਮੁਸਾਫਿਰ, ਜਗਦੀਪ ਕੰਬੋਜ ਗੋਲਡੀ ਅਤੇ ਹੋਰ ਵੀ ਮੌਜੂਦ ਸਨ।

## ਡਿਜੀਟਲ ਲੈਣ-ਦੇਣ ਨੂੰ ਮਿਲਿਆ ਭਾਰੀ ਹੁੰਗਾਰਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਮੰਡਲ ਵੱਲੋਂ ਰੇਲ ਯਾਤਰੀਆਂ ਨੂੰ ਡਿਜੀਟਲ ਭੁਗਤਾਨ ਲਈ ਉਤਸ਼ਾਹਤ ਕਰਨ ਵਾਸਤੇ ਇਕ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਪਰਮਦੀਪ ਸਿੰਘ ਸੈਣੀ ਸੀਨੀਅਰ ਮੰਡਲ ਵਪਾਰਕ ਪ੍ਰਬੰਧਕ ਉੱਤਰ ਰੇਲਵੇ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਲੁਧਿਆਣਾ ਰੇਲਵੇ ਸਟੇਸ਼ਨ ਦੇ ਸਾਰੇ ਅਨਰਿਜ਼ਰਵਡ ਟਿਕਟਿੰਗ ਸਿਸਟਮ, ਰਿਜ਼ਰਵੇਸ਼ਨ ਕਾਊਂਟਰ ਤੇ ਪੁੱਛਗਿੱਛ ਕਾਊਂਟਰਾਂ 'ਤੇ 'ਰੇਲਵਨ' ਐਪ ਅਤੇ ਯੂ.ਪੀ.ਆਈ. ਭੁਗਤਾਨ ਪ੍ਰਣਾਲੀ ਨਾਲ ਸਬੰਧਤ ਸੂਚਨਾ ਬੋਰਡ ਲਾਏ ਗਏ ਹਨ, ਤਾਂ ਜੁ ਮੁਸਾਫ਼ਰ ਵੱਧ ਤੋਂ ਵੱਧ ਡਿਜੀਟਲ ਮਾਧਿਅਮ ਦਾ ਲਾਭ ਉਠਾ ਸਕਣ। ਵਰਣਨਯੋਗ ਹੈ ਕਿ 21 ਫਰਵਰੀ 2026 ਨੂੰ ਲੁਧਿਆਣਾ ਰੇਲਵੇ ਸਟੇਸ਼ਨ ਦੇ ਪੀ.ਆਰ.ਐੱਸ. ਕਾਊਂਟਰਾਂ 'ਤੇ ਲਗਭਗ 75 ਪ੍ਰਤੀਸ਼ਤ ਤੇ ਢੰਡਾਰੀ ਕਲਾਂ ਸਟੇਸ਼ਨ ਦੇ ਕਾਊਂਟਰਾਂ 'ਤੇ ਲਗਭਗ 46 ਪ੍ਰਤੀਸ਼ਤ ਭੁਗਤਾਨ ਕਊ.ਆਰ ਕੋਡ ਰਾਹੀਂ ਪ੍ਰਾਪਤ ਹੋਇਆ। ਅੰਕੜੇ ਦਰਸਾਉਂਦੇ ਹਨ ਕਿ ਯਾਤਰੀ ਡਿਜੀਟਲ ਪ੍ਰਣਾਲੀ ਨੂੰ ਬੜੀ ਤੇਜ਼ੀ ਨਾਲ ਅਪਣਾ ਰਹੇ ਹਨ। ਫਿਰੋਜ਼ਪੁਰ ਮੰਡਲ ਵੱਲੋਂ ਯਾਤਰੀਆਂ ਨੂੰ ਲਗਾਤਾਰ 'ਰੇਲਵਨ' ਐਪ ਡਾਊਨਲੋਡ ਕਰਨ ਅਤੇ ਯੂ.ਪੀ.ਆਈ./ਕਊ.ਆਰ ਕੋਡ ਰਾਹੀਂ ਭੁਗਤਾਨ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ, ਤਾਂ ਜੁ ਰੇਲ ਸੇਵਾਵਾਂ ਵਿਚ ਪਾਰਦਰਸ਼ਤਾ, ਸਹੂਲਤ ਤੇ ਸਮੇਂ ਦੀ ਬੱਚਤ ਨੂੰ ਯਕੀਨੀ ਬਣਾਇਆ ਜਾ ਸਕੇ।

## ਸੈਂਕੜੇ ਪਰਵਾਰਾਂ ਨੇ ਫੜਿਆ 'ਆਪ' ਦਾ ਪੱਲਾ, ਹਡਾਣਾ ਵੱਲੋਂ ਨਵੇਂ ਸਾਥੀਆਂ ਦਾ ਸਵਾਗਤ



**ਸਨੌਰ (ਰਾਜਿੰਦਰ ਸਿੰਘ ਥਿੰਦ)**

ਪਿੰਡ ਚੌਰਾ ਵਿਖੇ ਰਵਾਇਤੀ ਪਾਰਟੀਆਂ ਨੂੰ ਉਸ ਸਮੇਂ ਵੱਡਾ ਸਿਆਸੀ ਝਟਕਾ ਲੱਗਿਆ, ਜਦੋਂ ਸੈਂਕੜੇ ਨਿਵਾਸੀਆਂ ਨੇ ਹਰਪ੍ਰੀਤ ਸਿੰਘ ਘੁੰਮਣ ਤੇ ਗੁਰਪ੍ਰੀਤ ਸਿੰਘ ਬਲਾਕ ਪ੍ਰਧਾਨ ਤੇ ਸਰਪੰਚ ਰਿਸ਼ੀ ਕਲੋਨੀ ਦੀ ਅਗਵਾਈ ਵਿੱਚ ਕਾਂਗਰਸ ਅਤੇ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ-ਪੱਖੀ ਨੀਤੀਆਂ ਅਤੇ ਹਲਕੇ ਵਿੱਚ ਹੋ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਨਵੇਂ ਸ਼ਾਮਲ ਹੋਏ ਸਾਥੀਆਂ ਅਤੇ ਪਰਿਵਾਰਾਂ ਨੂੰ ਸਿਰੋਪਾਓ ਦੇ ਕੇ ਪਾਰਟੀ ਵਿੱਚ ਨਿੱਘਾ ਸਵਾਗਤ ਕੀਤਾ।

ਇਸ ਮੌਕੇ ਰਾਮਇੰਦਰ ਸਿੰਘ ਜਮਨਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਸਵਰਨਜੀਤ ਕੌਰ ਸਰਪੰਚ ਚੌਰਾ, ਗੁਰਵਿੰਦਰ ਸਿੰਘ ਚੌਰਾ, ਸੋਹਣਾ ਪੰਚ ਚੌਰਾ, ਦਰਸ਼ਨ ਸਿੰਘ, ਪਰਮਿੰਦਰ ਸਿੰਘ ਨਿੱਕੂ ਐਨ ਆਰ ਆਈ, ਗੁਰਦੇਵ ਸਿੰਘ ਵਿਰਕ, ਕਰਮਜੀਤ ਸਿੰਘ ਨੰਬਰਦਾਰ ਚੌਰਾ ਤੋਂ ਇਲਾਵਾ ਕਈ ਪਿੰਡ ਦੇ ਪਤਵੰਤੇ ਲੋਕ ਮੌਜੂਦ ਰਹੇ।

ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਇਤਿਹਾਸਕ ਫੈਸਲੇ, ਜਿਵੇਂ ਕਿ ਮੁਫ਼ਤ ਬਿਜਲੀ, ਚੰਗੀ ਸਿੱਖਿਆ ਤੇ ਮਿਆਰੀ ਸਿਹਤ ਸਹੂਲਤਾਂ ਨੇ ਆਮ ਲੋਕਾਂ ਦੇ ਜੀਵਨ ਵਿੱਚ ਵੱਡਾ ਬਦਲਾਅ ਲਿਆਂਦਾ ਹੈ।ਉਨ੍ਹਾਂ ਕਿਹਾ ਕਿ ਪਿੰਡ ਚੌਰਾ ਵਿਖੇ ਸੈਂਕੜੇ ਲੋਕਾਂ ਦਾ ਸਾਡੇ ਨਾਲ ਜੁੜਨਾ ਇਸ ਗੱਲ ਦਾ ਸਬੂਤ ਹੈ ਕਿ ਲੋਕ ਰਵਾਇਤੀ ਪਾਰਟੀਆਂ ਦੀਆਂ ਲੁੱਟ-ਖਸੁੱਟ ਵਾਲੀਆਂ ਨੀਤੀਆਂ ਤੋਂ ਅੱਕ ਚੁੱਕੇ ਹਨ ਅਤੇ ਹੁਣ ਸਿਰਫ਼ ਵਿਕਾਸ ਦੀ ਰਾਜਨੀਤੀ 'ਤੇ ਮੋਹਰ ਲਾ ਰਹੇ ਹਨ। ਪਾਰਟੀ ਵਿੱਚ ਸ਼ਾਮਲ ਹੋਏ ਪਰਿਵਾਰਾਂ ਨੇ ਕਿਹਾ ਕਿ ਉਹ ਰਣਜੋਧ ਹਡਾਣਾ ਦੀ ਮਿਹਨਤੀ ਕਾਰਜਸ਼ੈਲੀ ਅਤੇ ਸਰਕਾਰ ਦੀ ਨੀਅਤ ਤੋਂ ਬਹੁਤ ਪ੍ਰਭਾਵਿਤ ਹਨ।ਉਨ੍ਹਾਂ ਕਿਹਾ ਕਿ ਪਹਿਲੀ ਵਾਰ ਕੋਈ ਅਜਿਹੀ ਸਰਕਾਰ ਆਈ ਹੈ ਜੋ ਗ਼ਰੀਬਾਂ ਅਤੇ ਆਮ ਲੋਕਾਂ ਦੀ ਸਾਰ ਲੈ ਰਹੀ ਹੈ।

## ਪੰਜਾਬੀ ਯੂਨੀਵਰਸਿਟੀ ਨੇ ਮਨਾਇਆ ਅੰਤਰਰਾਸ਼ਟਰੀ ਮਾਂ-ਬੋਲੀ ਦਿਹਾੜਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬੀ ਯੂਨੀਵਰਸਿਟੀ ਵਿੱਚ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਅੰਤਰ ਰਾਸ਼ਟਰੀ ਮਾਂ-ਬੋਲੀ ਦਿਹਾੜੇ ਨੂੰ ਸਮਰਪਤ ਸ਼ਾਨਦਾਰ ਸਮਾਗਮ ਕੀਤੇ ਗਏ। ਸਮਾਗਮਾਂ ਦੀ ਇਸ ਲੜੀ ਵਿੱਚ ਪਹਿਲਾ ਸਮਾਗਮ 'ਗਿਆਨੀ ਲਾਲ ਸਿੰਘ ਯਾਦਗਾਰੀ ਭਾਸ਼ਣ' ਸੀ, ਜੋ ਸੈਨੇਟ ਹਾਲ ਵਿਖੇ ਕਰਵਾਇਆ ਗਿਆ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੇ ਸਿਰਫ਼ ਸਾਹਿਤ ਤੇ ਭਾਸ਼ਾ ਦੇ ਖੇਤਰ ਵਿੱਚ ਹੀ ਨਹੀਂ, ਬਲਕਿ ਗਿਆਨ-ਵਿਗਿਆਨ ਤੇ ਆਧੁਨਿਕ ਤਕਨੀਕਾਂ ਦੇ ਹਵਾਲੇ ਨਾਲ਼ ਪੰਜਾਬੀ ਲਈ ਅਹਿਮ ਕਾਰਜ ਕੀਤੇ ਹਨ।ਉਨ੍ਹਾਂ ਕਿਹਾ ਕਿ ਨਵੇਂ ਗਿਆਨ ਨਾਲ਼ ਜੁੜ ਕੇ ਹੀ ਕੋਈ ਭਾਸ਼ਾ ਤਰੱਕੀ ਕਰ ਸਕਦੀ ਹੈ, ਇਸ ਲਈ ਸਾਨੂੰ ਨਵੇਂ ਗਿਆਨਾਂ ਲਈ ਹਮੇਸ਼ਾ ਰਸਤੇ ਖੁੱਲ੍ਹੇ ਰੱਖਣੇ ਚਾਹੀਦੇ ਹਨ।ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬੀ ਭਾਸ਼ਾ ਲਈ ਕੀਤੇ ਕਾਰਜਾਂ ਨੂੰ ਦੁਨੀਆ ਤੱਕ ਲੈ ਕੇ ਜਾਣ ਦੀ ਲੋੜ ਹੈ।ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ ਡਾ. ਵਰਿਆਮ ਸਿੰਘ ਸੰਧੂ ਨੇ ਗਿਆਨੀ ਲਾਲ ਸਿੰਘ ਵੱਲੋਂ ਕੀਤੇ ਯਤਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਬਹੁਤ ਵੱਡੇ ਦ੍ਰਿਸ਼ਟੀਕੋਣ ਵਾਲੀ ਸ਼ਖ਼ਸੀਅਤ ਸਨ।ਪਰਿਵਾਰ ਤੋਂ ਪਹਿਲਾਂ ਉਹ ਪੰਜਾਬੀ ਬੋਲੀ ਦੇ ਵਿਕਾਸ ਨੂੰ ਅਹਿਮੀਅਤ ਦਿੰਦੇ ਸਨ।ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਪੰਜਾਬੀ ਰੁਜ਼ਗਾਰ, ਪਰਿਵਾਰ ਤੇ ਸਰਕਾਰ ਦੀ ਭਾਸ਼ਾ ਬਣੇ।ਡੀਨ ਅਕਾਦਮਿਕ ਮਾਮਲੇ ਡਾ. ਜਸਵਿੰਦਰ ਸਿੰਘ ਬਰਾੜ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨਾਲ ਜੁੜੇ ਕਾਰਜ ਪਹਿਲਤਾ ਦੇ ਆਧਾਰ 'ਤੇ ਕਰੇਗੀ।ਵਿਭਾਗ ਮੁਖੀ ਡਾ. ਗੁਰਸੇਵਕ ਸਿੰਘ ਲੰਬੀ ਨੇ ਭਾਸ਼ਣ ਦੀ ਰੂਪ-ਰੇਖਾ ਸਾਂਝੀ ਕਰਦਿਆਂ ਦੱਸਿਆ ਕਿ ਗਿਆਨੀ ਲਾਲ ਸਿੰਘ ਦਾ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਹੈ।ਇਸ ਮੌਕੇ ਹਾਜ਼ਰ ਗਿਆਨੀ ਲਾਲ ਸਿੰਘ ਦੇ ਵੱਡੇ ਪੁੱਤਰ ਡਾ. ਨਰਿੰਦਰ ਸਿੰਘ ਬਰਾੜ ਨੇ ਪੰਜਾਬੀ ਯੂਨੀਵਰਸਿਟੀ ਦਾ ਧੰਨਵਾਦ ਕਰਦਿਆਂ ਤਸੱਲੀ ਪ੍ਰਗਟ ਕੀਤੀ ਕਿ ਹਰ ਸਾਲ ਮਾਤ-ਭਾਸ਼ਾ ਦੇ ਦਿਨ ਉਹਨਾਂ ਦੇ ਪਿਤਾ ਜੀ ਦੀ ਦੇਣ ਨੂੰ ਯਾਦ ਕੀਤਾ ਜਾਂਦਾ ਹੈ।ਇਸ ਮੌਕੇ 'ਤੇ ਯੂਨੀਵਰਸਿਟੀ ਦੀ ਵਿਦਿਆਰਥਣ ਮੰਨਤ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਜੋ ਵਾਈਸ-ਆਫ਼-ਪੰਜਾਬ 16 ਦੀ ਜੇਤੂ ਰਹੀ।ਡਾ. ਬਲਵਿੰਦਰ ਕੌਰ ਸਿੱਧੂ, ਡੀਨ, ਭਾਸ਼ਾਵਾਂ ਨੇ ਧੰਨਵਾਦੀ ਸ਼ਬਦ ਸਾਂਝੇ ਕੀਤੇ।

ਸਮਾਗਮ ਦੀ ਦੂਜੀ ਕੜੀ ਵਿੱਚ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਅਤੇ ਪੰਜਾਬੀ ਵਿਭਾਗ ਵੱਲੋਂ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਦੇ ਭਾਸ਼ਣ, ਕਾਵਿ-ਉਚਾਰਣ, ਕਾਵਿ-ਗਾਇਨ ਆਦਿ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਦਾ ਪ੍ਰਬੰਧਨ ਸਾਂਝੇ ਤੌਰ 'ਤੇ ਕੀਤਾ ਗਿਆ।

## ਹੈਰੋਇਨ ਸਮੇਤ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਐਸ.ਐਸ.ਪੀ. ਭੁਪਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ਾ ਵੇਚਣ ਵਾਲੇ ਲੋਕਾਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਬੀਤੇ ਦਿਨ ਗਸ਼ਤ ਤੇ ਚੈਕਿੰਗ ਦੌਰਾਨ ਸੀਆਰਪੀਐੱਫ ਗਰਾਊਂਡ ਦੇ ਨਜ਼ਦੀਕ ਤੋਂ 1 ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ ਹੈਰੋਇਨ ਬਰਾਮਦ ਕੀਤੀ ਹੈ। ਉਕਤ ਮਾਮਲੇ ਵਿੱਚ ਪੁਲਸ ਨੇ ਗ੍ਰਿਫ਼ਤਾਰ ਕੀਤੇ ਵਿਅਕਤੀ ਵਿਰੁੱਧ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਥਾਣਾ ਸਦਰ ਫਿਰੋਜ਼ਪੁਰ ਦੇ ਐੱਚਸੀ ਰਮੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੇ ਬੀਤੇ ਦਿਨ ਪੁਲਸ ਪਾਰਟੀ ਸਮੇਤ ਗਸ਼ਤ ਅਤੇ ਚੈਕਿੰਗ ਦੌਰਾਨ ਮਿਲੀ ਸੂਚਨਾ ਦੇ ਆਧਾਰ 'ਤੇ ਬਲਜਿੰਦਰ ਸਿੰਘ ਉਰਫ਼ ਜਸਵੀਰ ਪੁੱਤਰ ਜੋਗਿੰਦਰ ਸਿੰਘ ਵਾਸੀ ਗੱਟੀ ਰਾਜੋਕੇ ਨੂੰ ਸੀਆਰਪੀਐੱਫ ਗਰਾਊਂਡ ਫਿਰੋਜ਼ਪੁਰ ਸ਼ਹਿਰ ਤੋਂ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ 5 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਮਾਮਲੇ ਦੀ ਜਾਂਚ ਕਰ ਰਹੇ ਰਮੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ ਵਿਚ ਬਲਜਿੰਦਰ ਸਿੰਘ 'ਤੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਗੁਰਮਤਿ ਸੰਗੀਤ ਵਿਦਿਆਲਾ ਰਾਏਸਰ 'ਚ ਪਹੁੰਚੇ ਸੰਚਾਲਕ ਗਰੇਵਾਲ



**ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ)**-ਪਿੰਡ ਰਾਏਸਰ ਦੇ ਜੰਮਪਲ ਕੈਨੇਡਾ ਵਾਸੀ ਵਰਿੰਦਰ ਸਿੰਘ ਗਰੇਵਾਲ ਲੋਕ ਕਵੀ ਸੰਤ ਰਾਮ ਉਦਾਸੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਏਸਰ 'ਚ ਉਨ੍ਹਾਂ ਵੱਲੋਂ ਚਲਾਏ ਜਾ ਰਹੇ ਗੁਰਮਤਿ ਸੰਗੀਤ ਵਿਦਿਆਲਾ ਦੇ ਵਿਦਿਆਰਥੀਆਂ ਨੂੰ ਮਿਲਣ ਲਈ ਪਰਿਵਾਰ ਸਮੇਤ ਪਹੁੰਚੇ।ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਕਿਵੇਂ ਗੁਰਬਾਣੀ ਦੇ ਲੜ ਲੱਗ ਕੇ ਉਹ ਸੋਸ਼ਲ ਮੀਡੀਆ ਤੇ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਬਚ ਸਕਦੇ ਹਨ ਅਤੇ ਆਉਣ ਵਾਲੇ ਜੀਵਨ 'ਚ ਦਰਪੇਸ਼ ਮੁਸ਼ਕਲਾਂ ਦਾ ਸਾਹਮਣਾ ਕਰਨ ਦੇ ਯੋਗ ਹੋ ਸਕਦੇ ਹਨ।ਉਨ੍ਹਾਂ ਦੱਸਿਆ ਕਿ ਉਹ ਵੀ ਕਿਸੇ ਵੇਲੇ ਇਸ ਸਕੂਲ ਦੇ ਵਿਦਿਆਰਥੀ ਰਹੇ ਹਨ। ਸਕੂਲ ਇੰਚਾਰਜ ਸ੍ਰੀਮਤੀ ਸਿਮਨਜੀਤ ਕੌਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਦਿਆਂ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਲਈ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਗੁਰਮਤਿ ਸੰਗੀਤ ਵਿਦਿਆਲਾ ਦੇ ਦੂਸਰੇ ਬੈਚ 'ਚ ਇਸ ਸਮੇਂ ਸਕੂਲ ਦੇ ਲੱਗਭੱਗ 28 ਵਿਦਿਆਰਥੀ ਗੁਰਮਤਿ ਸੰਗੀਤ ਵਿੱਦਿਆ ਦੀਆਂ ਕਲਾਸਾਂ ਲਗਾ ਰਹੇ ਹਨ।ਇਸ ਮੌਕੇ ਨਿਰਮਲ ਸਿੰਘ, ਏਕਮਪ੍ਰੀਤ ਸਿੰਘ, ਗੁਰਦੀਪ ਸਿੰਘ, ਨਵਤੇਜ ਸਿੰਘ, ਸ੍ਰੀਮਤੀ ਸੋਨੀਆ ਗਰਗ, ਸ੍ਰੀਮਤੀ ਮਮਤਾ ਰਾਣੀ, ਸਤਵੀਰ ਕੌਰ, ਜਸਪ੍ਰੀਤ ਕੌਰ, ਹਰਦੀਪ ਕੌਰ, ਸ੍ਰੀਮਤੀ ਰਕਸ਼ਾ ਰਾਣੀ ਹਾਜ਼ਰ ਸਨ।

## ਕੋਰ ਆਫ ਸਿਗਨਲਜ਼ ਦੀ ਵੀਲਜ਼ ਆਫ ਵੈਲਰ ਰੈਲੀ ਪੀ ਪੀ ਐੱਸ ਨਾਭਾ ਪਹੁੰਚੀ



**ਨਾਭਾ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਰਤੀ ਫੌਜ ਦੀ ਕੋਰ ਆਫ ਸਿਗਨਲਜ਼ ਵੱਲੋਂ 116ਵੇਂ ਸਥਾਪਨਾ ਦਿਵਸ ਦੇ ਉਪਲੱਖ ਵਿੱਚ ਆਯੋਜਿਤ ਵੀਲਜ਼ ਆਫ ਵੈਲਰ: ਨੈੱਟਵਰਕਿੰਗ ਵਿਦ ਰੂਟਸ ਮੋਟਰਸਾਈਕਲ ਅਭਿਆਨ ਅੱਜ ਪੰਜਾਬ ਪਬਲਿਕ ਸਕੂਲ ਨਾਭਾ ਪਹੁੰਚਿਆ। ਇਸ ਅਭਿਆਨ ਦਾ ਮਕਸਦ ਨੌਜਵਾਨਾਂ ਨੂੰ ਪ੍ਰੇਰਿਤ ਕਰਨਾ, ਫੌਜ-ਨਾਗਰਿਕ ਸੰਬੰਧ ਮਜ਼ਬੂਤ ਕਰਨਾ ਅਤੇ ਸਮਾਜ ਨਾਲ ਸੰਪਰਕ ਵਧਾਉਣਾ ਹੈ।14 ਦਿਨਾਂ ਦਾ ਇਹ ਅਭਿਆਨ ਹਿਸਾਰ, ਅੰਮ੍ਰਿਤਸਰ, ਚੰਡੀਗੜ੍ਹ, ਦੇਹਰਾਦੂਨ, ਮੇਰਠ ਅਤੇ ਫਾਜ਼ਿਲਕਾ ਵਰਗੇ ਸਰਹੱਦੀ ਇਲਾਕਿਆਂ ਰਾਹੀਂ ਗੁਜ਼ਰ ਰਿਹਾ ਹੈ।ਕਰਨਲ ਰਾਜੀਵ ਕੁਮਾਰ ਦੀ ਅਗਵਾਈ ਹੇਠ 18 ਮੈਂਬਰਾਂ ਦੀ ਟੀਮ ਵਿੱਚ ਤਿੰਨ ਮਹਿਲਾ ਅਧਿਕਾਰੀ ਵੀ ਸ਼ਾਮਲ ਹਨ, ਜੋ ਭਾਰਤੀ ਫੌਜ ਵਿੱਚ ਮਹਿਲਾਵਾਂ ਦੀ ਵਧਦੀ ਭੂਮਿਕਾ ਅਤੇ ਮਹਿਲਾ ਸਸ਼ਕਤੀਕਰਨ ਦਾ ਮਜ਼ਬੂਤ ਸੰਦੇਸ਼ ਦੇ ਰਹੀਆਂ ਹਨ। ਪੀ ਪੀ ਐੱਸ ਨਾਭਾ ਵਿੱਚ ਵਿਦਿਆਰਥੀਆਂ ਨੂੰ ਭਾਰਤੀ ਫੌਜ ਵਿੱਚ ਕਰੀਅਰ ਦੇ ਮੌਕੇ, ਅਨੁਸ਼ਾਸਨ, ਤਕਨੀਕੀ ਯੋਗਤਾ ਅਤੇ ਦੇਸ਼ ਸੇਵਾ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਰੈਲੀ ਟੀਮ ਨੇ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਉਣ ਅਤੇ ਸਸ਼ਸਤ੍ਰ ਬਲਾਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।

## ਪੁਲਸ ਵੱਲੋਂ 7 ਵਿਅਕਤੀ ਗ੍ਰਿਫ਼ਤਾਰ, ਮੁਲਜ਼ਮਾਂ ਕੋਲੋਂ ਹੈਰੋਇਨ, ਸ਼ਰਾਬ ਤੇ ਸੁਲਫ਼ਾ ਬਰਾਮਦ



**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਧੂਰੀ ਉਪ ਮੰਡਲ ਪੁਲਿਸ ਵੱਲੋਂ 5 ਵੱਖ-ਵੱਖ ਮੁਕੱਦਮਿਆਂ 'ਚ 7 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ।ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਪੁਲਸ ਉਪ ਮੰਡਲ ਧੂਰੀ ਅਧੀਨ ਆਉਂਦੇ ਵੱਖ-ਵੱਖ ਥਾਣਿਆਂ ਦੀ ਪੁਲਿਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਤੇ ਪਿੰਡਾਂ ਦੇ ਪਹਿਰੇਦਾਰ ਮੁਹਿੰਮ ਤਹਿਤ ਕਾਰਵਾਈ ਕਰਦਿਆਂ 16 ਫਰਵਰੀ ਤੋਂ 22 ਫਰਵਰੀ ਤੱਕ ਦਰਜ ਕੀਤੇ 5 ਮੁਕੱਦਮਿਆਂ 'ਚ 7 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 37 ਗ੍ਰਾਮ ਨਸ਼ੀਲਾ ਪਦਾਰਥ ਹੈਰੋਇਨ, 14 ਬੋਤਲਾਂ ਠੇਕਾ ਸ਼ਰਾਬ ਦੇਸੀ ਤੇ 125 ਗ੍ਰਾਮ ਸੁਲਫ਼ਾ ਬਰਾਮਦ ਕੀਤਾ ਗਿਆ।ਜਦੋਂ ਕਿ ਨਸ਼ਾ ਕਰਨ ਦੇ ਆਦੀ 9 ਜਣਿਆਂ ਨੂੰ ਓਟ ਸੈਂਟਰ ਤੋਂ ਦਵਾਈ ਦੁਆਈ ਗਈ।ਉਨ੍ਹਾਂ ਦੱਸਿਆ ਕਿ ਪੁਰਾਣੇ ਮੁਕੱਦਮਿਆਂ 'ਚ ਭਗੌੜੇ ਚੱਲੇ ਆ ਰਹੇ 2 ਵਿਅਕਤੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਅਤੇ 13 ਮੁਕੱਦਮਿਆਂ ਦੀ ਤਫ਼ਤੀਸ਼ ਮੁਕੰਮਲ ਕਰਕੇ ਮੁਲਜ਼ਮਾਂ ਦੇ ਖਿਲਾਫ ਦੋਸ਼ ਪੱਤਰ ਅਦਾਲਤ 'ਚ ਪੇਸ਼ ਕੀਤੇ ਗਏ ਤੇ ਲੋਕਾਂ ਦੀਆਂ ਆਈਆਂ 67 ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਮੋਟਰ ਵਹੀਕਲ ਐਕਟ ਤਹਿਤ ਕਾਰਵਾਈ ਕਰਦਿਆਂ 1 ਵਹੀਕਲ ਬੰਦ ਕੀਤਾ ਗਿਆ ਤੇ 189 ਵਹੀਕਲਾਂ ਦੇ ਚਲਾਨ ਕੀਤੇ ਗਏ।ਜ਼ਿਲ੍ਹਾ ਪੁਲਸ ਮੁਖੀ ਨੇ ਨਸ਼ਾ ਵਿਰੋਧੀ ਮੁਹਿੰਮ ਦੀ ਸਫ਼ਲਤਾ ਲਈ ਲੋਕਾਂ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਵੱਖ-ਵੱਖ ਥਾਵਾਂ ਤੇ ਮੋਹਤਬਰਾਂ ਨਾਲ ਮੀਟਿੰਗਾਂ ਕਰਕੇ ਆਮ ਲੋਕਾਂ ਨੂੰ ਨਸ਼ੇ ਦਾ ਧੰਦਾ ਕਰਨ ਵਾਲੇ ਸਮਗਲਰਾਂ ਬਾਰੇ ਪੁਲਸ ਨੂੰ ਇਤਲਾਹ ਦੇਣ ਲਈ ਵੀ ਪ੍ਰੇਰਿਤ ਕੀਤਾ ਗਿਆ।

## ਟਾਹਲੀ ਵਾਲੇ ਪੀਰ ਦਾ ਸਾਲਾਨਾ ਮੇਲਾ ਕਰਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਵਾਰਡ ਨੰਬਰ 4 ਵਿਖੇ ਟਾਹਲੀ ਵਾਲੇ ਪੀਰ ਦਾ ਸਲਾਨਾ ਜੋੜ ਮੇਲਾ ਕਰਾਇਆ ਗਿਆ। ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਕੌਂਸਲਰ ਸੁਰਿੰਦਰ ਕੁਮਾਰ ਛਿੰਦੀ ਵਲੋਂ ਅਦਾ ਕੀਤੀ ਗਈ। ਸਮੂਹ ਮੁਹੱਲਾ ਨਿਵਾਸੀਆਂ ਝੰਡੇ ਲੈ ਕੇ ਬਾਬਾ ਟਾਹਲੀ ਵਾਲੇ ਪੀਰ ਦਰਬਾਰ ਪਹੁੰਚੇ, ਜਿਨ੍ਹਾਂ ਸੰਯੁਕਤ ਰੂਪ ਵਿਚ ਝੰਡਾ ਚੜ੍ਹਾਇਆ ਅਤੇ ਸੁੱਖ, ਸ਼ਾਂਤੀ ਲਈ ਅਰਦਾਸ ਕੀਤੀ। ਅੰਗਰੇਜ਼ ਸਿੰਘ ਦੇ ਸਮੂਹ ਪਰਵਾਰ ਵਲੋਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਮੁਲਖ਼ ਰਾਜ, ਅੱਛਰ ਰਾਮ, ਪਰਮਜੀਤ ਸਿੰਘ ਨੀਲੋਂ, ਰਾਮ ਲੋਕ, ਛਿੰਦਾ ਸਿੰਘ ਸੰਗਰੂਰ, ਜੀਤ ਰਾਮ, ਕੇਹਰ ਸਿੰਘ, ਫੀਰਾ ਰਾਮ, ਡਾਕਟਰ ਮਦਨ ਪਾਲ, ਬਲਦੇਵ ਸਿੰਘ, ਅਕਾਊਂਟੈਂਟ ਮੰਗਤ ਰਾਮ, ਗੁਰਦੀਪ ਸਿੰਘ, ਕਾਲਾ ਰਾਮ ਪ੍ਰਧਾਨ, ਕੁਲਵਿੰਦਰ ਕਿੰਦਾ, ਸਵਰਨ ਸਿੰਘ ਸੰਨੀ ਪ੍ਰਧਾਨ, ਗੁਰਮੀਤ ਸਿੰਘ, ਪਰਮਜੀਤ ਪੰਮੀ, ਬਲਵੰਤ ਸਿੰਘ ਕਾਕਾ, ਕੁਲਵਿੰਦਰ ਬਾਜਵਾ, ਛਿੰਦਰਪਾਲ, ਜਸਵਿੰਦਰ ਸਿੰਘ ਜੱਸੀ, ਪਰਮਜੀਤ ਸੁੱਖੀ ਬਿਕਰਮ ਸਿੰਘ, ਕਰਨ ਮਾਨ, ਕਮਲਜੀਤ ਮਾਨ, ਜਸਵੰਤ ਸਿੰਘ, ਸੇਵਾ ਸਿੰਘ, ਰੋਸ਼ਨ ਹੰਸ, ਗੁਰਪ੍ਰੀਤ ਸਿੰਘ ਬੂਟਾ, ਕਰਮਜੀਤ ਢੋਲੀ, ਮਨਪ੍ਰੀਤ ਸਿੰਘ, ਬਲਜੀਤ ਬਿੱਲੂ, ਅਸ਼ੋਕ ਕੁਮਾਰ, ਦੀਪਕ ਕੁਮਾਰ ਢੋਲੀ, ਅਮਰੀਕ ਸਿੰਘ, ਸੁਖਦੇਵ ਸਿੰਘ ਆਦਿ ਹਾਜ਼ਰ ਸਨ।

## ਕੈਪਟਨ ਐੱਸ ਬੀ ਖਾਟੂ ਦਾ ਨਗਰ ਨਿਵਾਸੀਆਂ ਨੇ ਕੀਤਾ ਸਨਮਾਨ



**ਚੌਕੀਮਾਨ (ਬਲਵੀਰ ਮਾਨ)**-ਗੁਰਦੁਆਰਾ ਬਾਬਾ ਬੂਟਾ ਸਿੰਘ ਪਿੰਡ ਪੱਬੀਆ ਵਿਖੇ ਧਾਰਮਿਕ ਸਮਾਗਮ ਕਰਾਇਆ ਗਿਆ, ਜਿਸ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਭਾਈ ਸੰਦੀਪ ਸਿੰਘ ਦੇ ਕੀਰਤਨੀ ਜੱਥੇ ਨੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ।ਸਮੁੱਚੀ ਸੰਗਤ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਸਰਪੰਚ ਚਰਨਜੀਤ ਕੌਰ, ਗੁਰਮੇਲ ਸਿੰਘ ਪੱਬੀਆਂ, ਡਾ. ਮੋਹਨ ਸਿੰਘ ਮੱਲ੍ਹੀ, ਗੁਰਚਰਨ ਸਿੰਘ ਕਾਕੂ ਫੌਜੀ ਤੇ ਇੰਦਰਜੀਤ ਸਿੰਘ ਖਾਲਸਾ ਨੇ ਦੱਸਿਆ ਸਮਾਗਮ ਵਿਚ ਰਿਟਾਇਰ ਗਰੁੱਪ ਕੈਪਟਨ ਐੱਸ.ਬੀ ਖਾਟੂ (ਪਾਇਲਟ) ਦਾ ਵਿਸੇਸ ਸਨਮਾਨ ਕੀਤਾ ਗਿਆ ਤੇ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਧਰਮਪਤਨੀ ਮੈਡਮ ਖਾਟੂ ਤੇ ਰਿਟਾਇਰ ਏਅਰ ਮਾਰਸਲ ਪੀ.ਐੱਸ ਭੰਗੂ ਵੀ ਸਮਾਗਮ ਵਿਚ ਪਹੁੰਚੇ।ਜ਼ਿਕਰਯੋਗ ਹੈ ਕੇ ਰਿਟਾਇਰ ਗਰੁੱਪ ਕੈਪਟਨ ਐੱਸ.ਬੀ ਖਾਟੂ ਨੇ 1983 ਵਿਚ ਪਿੰਡ ਪੱਬੀਆਂ ਤੇ ਡਿੱਗਣ ਵਾਲੇ ਜਹਾਜ ਨੂੰ ਪਿੰਡ ਪੱਬੀਆਂ ਤੇ ਸੋਹੀਆਂ ਵਿਚਕਾਰ ਖੇਤਾ ਵਿਚ ਸੁੱਟ ਕੇ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਈਆਂ ਸਨ।ਇਸ ਮੌਕੇ ਰਿਟਾਇਰ ਗਰੁੱਪ ਕੈਪਟਨ ਐੱਸ.ਬੀ ਖਾਟੂ ਨੇ ਕਿਹਾ ਕਿ 6 ਸਤੰਬਰ 1983 ਵਿਚ ਮੈ ਹਲਵਾਰਾ ਹਵਾਈ ਅੱਡੇ ਤੋਂ ਰਾਤ 8:15 ਵਜੇ ਜਹਾਜ਼ ਦੀ ਉਡਾਨ ਭਰੀ ਤਾਂ ਜਹਾਜ਼ 200 ਮੀਟਰ ਕੀ ਉਚਾਈ ਤੇ ਗਿਆ ਤੇ ਨਾਲ ਕੋਈ ਪੰਛੀ ਟਕਰਾ ਗਿਆ ਤੇ ਇਕਦਮ ਜਹਾਜ ਨੂੰ ਅੱਗ ਲੱਗ ਗਈ ਤੇ ਜਹਾਜ਼ ਨੂੰ ਉੱਚਾਈ 'ਤੇ ਲਿਜਾਇਆ ਗਿਆ ਤਾਂ ਜੁ ਜਹਾਜ਼ ਵਸੋਂ ਵਾਲੀ ਜਗ੍ਹਾ ਜਾਂ ਕਿਸੇ ਪਿੰਡ ਤਾਂ ਨਾ ਡਿੱਗ ਸਕੇ ਤੇ ਮੈ ਜਹਾਜ਼ ਨੂੰ ਖੇਤਾਂ ਵਿਚ ਸੁੱਟਣ ਵਿਚ ਸਫਲ ਹੋਇਆ।ਗ੍ਰਾਮ ਪੰਚਾਇਤ ਵੱਲੋਂ ਰਿਟਾਇਰਡ ਗਰੁੱਪ ਕੈਪਟਨ ਐੱਸ.ਬੀ ਖਾਟੂ ਦਾ ਪਿੰਡ ਪੁੱਜਣ 'ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਜੀ ਆਇਆਂ ਕਿਹਾ ਗਿਆ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਬੂਟਾ ਸਿੰਘ ਤੋਂ ਵੀ ਰਿਟਾਇਰ ਗਰੁੱਪ ਕੈਪਟਨ ਐੱਸ.ਬੀ ਖਾਟੂ ਨੇ ਅਸ਼ੀਰਵਾਦ ਲਿਆ।

# ਧਾਲੀਵਾਲ ਨੇ ਪਿੰਡਾਂ 'ਚ ਨਵ-ਨਿਰਮਾਣ ਅਧੀਨ ਮਾਡਲ ਖੇਡ ਮੈਦਾਨਾਂ ਦਾ ਦੌਰਾ ਕਰਕੇ ਲਿਆ ਜਾਇਜ਼ਾ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਹਲਕਾ ਅਜਨਾਲਾ ਦੇ ਝੰਡੇਰ, ਸਹਿੰਸਰਾ ਕਲਾਂ, ਖਤਰਾਏ ਕਲਾਂ, ਤੇੜਾ ਖੁਰਦ, ਤੇੜਾ ਕਲਾਂ, ਬਾਠ, ਧਾਰੀਵਾਲ ਕਲੇਰ, ਚੱਕ ਸਿਕੰਦਰ, ਤਲਵੰਡੀ ਨਾਹਰ ਆਦਿ 11 ਪਿੰਡਾਂ 'ਚ 3.74 ਕਰੋੜ ਰੁਪਏ ਦੀ ਲਾਗਤ ਨਾਲ ਨਿਰਮਾਣ ਅਧੀਨ ਮਾਡਲ ਖੇਡ ਮੈਦਾਨਾਂ ਦਾ ਭੌਤਿਕ ਤੌਰ 'ਤੇ ਨਰੀਖਣ ਕੀਤਾ ਅਤੇ ਇਸ ਨਿਰੀਖਣ ਪ੍ਰਕਿਰਿਆ ਦੌਰਾਨ ਮੌਜੂਦ ਵਿਭਾਗਾਂ ਦੇ ਅਧਿਕਾਰੀਆਂ, ਠੇਕੇਦਾਰਾਂ ਨੂੰ ਸਪੱਸ਼ਟ ਦਿਸ਼ਾ ਨਿਰਦੇਸ਼ ਜਾਰੀ ਕੀਤੇ ਕਿ ਵਿਧਾਨ ਸਭਾ ਹਲਕਾ ਅਜਨਾਲਾ 'ਚ 10.34 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਮਾਡਲ ਖੇਡ ਮੈਦਾਨਾਂ ਦੇ ਨਿਰਮਾਣ ਦੌਰਾਨ ਪਾਰਦਰਸ਼ਤਾ, ਇਮਾਨਦਾਰੀ, ਸੰਬੰਧਤ ਪਿੰਡਾਂ ਦੇ ਲੋਕਾਂ ਦੀ ਭਾਗੀਦਾਰੀ ਤੇ ਗੁਣਵੱਤਾ 'ਚ ਕਿਸੇ ਵੀ ਕਿਸਮ ਦੀ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਜਾਇਜ਼ੇ ਦੌਰਾਨ ਕੁੱਝ ਖੇਡ ਮੈਦਾਨਾਂ ਦੇ ਨਿਰਮਾਣ ਕਾਰਜਾਂ 'ਚ ਢਿੱਲ ਦੀਆਂ ਪਾਈਆਂ ਗਈਆਂ ਸ਼ਿਕਾਇਤਾਂ ਤੇ ਸ. ਧਾਲੀਵਾਲ ਨੇ ਇਹ ਵੀ ਸਪੱਸ਼ਟ ਕੀਤਾ ਕਿ ਹਲਕਾ ਅਜਨਾਲਾ 'ਚ ਨਵ ਨਿਰਮਾਣ ਅਧੀਨ 34 ਪਿੰਡਾਂ 'ਚ 10.34 ਕਰੋੜ ਰੁਪਏ ਦੀ ਲਾਗਤ ਨਾਲ ਮਾਡਲ ਖੇਡ ਮੈਦਾਨਾਂ ਦਾ ਨਿਰਮਾਣ ਕਾਰਜ 31 ਮਾਰਚ ਤੱਕ ਹਰ ਹੀਲੇ ਮੁਕੰਮਲ ਕੀਤੇ ਜਾਣ । ਢਿੱਲ ਅਤੇ ਨਿਰਮਾਣ ਸਮੱਗਰੀ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।ਕੋਤਾਹੀ ਕਰਨ ਵਾਲੇ ਵਿਭਾਗੀ ਅਧਿਕਾਰੀਆਂ, ਕਰਮਚਾਰੀਆਂ ਤੇ ਠੇਕੇਦਾਰਾਂ ਵਿਰੁੱਧ ਪੁਲਸ ਮੁਕੱਦਮੇ ਦਰਜ ਕਰਵਾਉਣ ਤੋਂ ਵੀ ਕੋਈ ਝਿਜਕ ਨਹੀਂ ਵਿਖਾਈ ਜਾਵੇਗੀ।ਉਕਤ ਪਿੰਡਾਂ 'ਚ ਪੇਂਡੂ ਵਿਕਾਸ ਨੁੱਕੜ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸ. ਧਾਲੀਵਾਲ ਨੇ ਕਿਹਾ ਕਿ ਪੰਜਾਬ ਭਰ 'ਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ 3100 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਜਾ ਰਹੇ ਦਰਜਨਾਂ



ਪਿੰਡਾਂ 'ਚ ਮਾਡਲ ਖੇਡ ਮੈਦਾਨਾਂ, 10 ਲੱਖ ਰੁਪਏ ਤੱਕ ਪੰਜਾਬ ਦੇ 3 ਕਰੋੜ ਨਾਗਰਿਕਾਂ ਨੂੰ ਮੁਫਤ ਸਿਹਤ ਬੀਮਾ ਦਾ ਬਿਨਾਂ ਸ਼ਰਤ ਲਾਭ ਦੇਣ, ਹਰੇਕ ਘਰੇਲੂ ਬਿਜਲੀ ਖਪਤਕਾਰਾਂ ਨੂੰ ਬਿਨਾਂ ਕਿਸੇ ਜਾਤੀ ਭੇਦਭਾਵ ਤੋਂ 600 ਯੂਨਿਟ ਮੁਫਤ ਬਿਜਲੀ ਸਪਲਾਈ ਦੇ ਕੇ ਪ੍ਰਤੀ ਖਪਤਕਾਰ 5000 ਰੁਪਏ ਦੇ ਕਰੀਬ ਵਿੱਤੀ ਲਾਭ ਪਹੁੰਚਾਉਣ, ਸਿੱਖਿਆ ਕ੍ਰਾਂਤੀ 'ਚ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਸਮੇਤ ਸਿੱਖਿਆ ਦੇ ਮਿਆਰ ਨੂੰ ਦੇਸ਼ ਪੱਧਰੀ ਬਣਾਉਣ, ਮਿਆਰੀ ਮੁਫਤ ਸਿਹਤ ਸਹੂਲਤਾਂ ਲਈ ਆਮ ਆਦਮੀ ਪਾਰਟੀ ਕਲੀਨਿਕ ਖੋਲ੍ਹੇ ਜਾਣ ਸਮੇਤ ਸੂਬੇ ਭਰ 'ਚ ਅਮਨ ਕਾਨੂੰਨ ਤੇ ਫਿਰਕੂ ਸਦਭਾਵਨਾ ਦੀ ਸਥਿਤੀ ਮਜਬੂਤ ਕਰਨ ਲਈ ਗੈਂਗਸਟਰਵਾਦ, ਫਿਰੌਤੀਆਂ ਤੇ ਨਸ਼ਾ ਤਸਕਰਾਂ ਨਾਲ ਲੋਹਾ ਲੈਣ ਲਈ ਚਲਾਏ ਗਏ ਯੁੱਧ ਨਸ਼ਿਆਂ ਵਿਰੁੱਧ ਤੇ ਅਪਰੇਸ਼ਨ ਪ੍ਰਹਾਰ ਆਦਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀਆਂ ਰੰਗਲੇ ਪੰਜਾਬ ਦੀ ਸਿਰਜਣਾ ਲਈ ਇਨ੍ਹਾਂ ਸੰਘਰਸ਼ੀਲ ਯਤਨਾਂ ਸਦਕਾ ਵੱਡੀਆਂ ਲੋਕ ਹਿੱਤੂ ਪ੍ਰਾਪਤੀਆਂ ਸਿਰਫ ਪੰਜਾਬ ਸੂਬੇ ਜਾਂ ਦੇਸ਼ ਦੇ ਲੋਕਾਂ ਦਾ ਹੀ ਨਹੀਂ ਸਗੋਂ ਵਿਸ਼ਵ ਭਰ ਦੇ ਲੋਕਾਂ ਦਾ ਮੁੱਖ ਆਕਰਸ਼ਨ ਕੇਂਦਰ ਬਣੀਆਂ ਹੋਈਆਂ ਹਨ।

# ਸਹਿਕਾਰੀ ਸ਼ੂਗਰ ਮਿੱਲ ਸ਼ੇਰੋਂ ਨੂੰ ਬਚਾਉਣ ਲਈ ਪੱਕਾ ਮੋਰਚਾ ਸ਼ੁਰੂ: ਸੰਯੁਕਤ ਕਿਸਾਨ ਮੋਰਚਾ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਸਹਿਕਾਰੀ ਖੰਡ ਮਿੱਲ ਸ਼ੇਰੋਂ ਵਿੱਚ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਗਿਆ ।ਇੱਥੇ ਇਹ ਦੱਸਣਯੋਗ ਹੈ ਕਿ ਅਚਾਨਕ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਹਿਕਾਰੀ ਖੰਡ ਮਿੱਲ ਸ਼ੇਰੋਂ ਵਿੱਚ ਉਸਾਰੀ ਸ਼ੁਰੂ ਕਰ ਦਿੱਤੀ ਗਈ ਸੀ। ਜਦੋਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਇਸ ਗੱਲ ਦੀ ਭਿਣਕ ਲੱਗੀ ਤਾਂ ਉਨ੍ਹਾਂ ਨੇ ਇਕੱਤਰ ਹੋ ਕੇ ਇਹ ਉਸਾਰੀ ਦਾ ਕੰਮ ਰੁਕਵਾਇਆ ਸੀ।ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਅਸੀਂ ਕਿਸੇ ਵੀ ਕੀਮਤ ਤੇ ਸਰਕਾਰੀ ਖੰਡ ਮਿੱਲ ਸ਼ੇਰੋਂ ਨੂੰ ਬੰਦ ਨਹੀਂ ਹੋਣ ਦਿਆਂਗੇ। ਇਸ ਨੂੰ ਹਰ ਹਾਲਤ ਵਿੱਚ ਚਾਲੂ ਕਰਵਾਇਆ ਜਾਏਗਾ। ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਹ ਕਿਸਾਨਾਂ ਦੀ ਰੋਟੀ ਰੋਜ਼ੀ ਨੂੰ ਇਸ ਤਰ੍ਹਾਂ ਧੱਕੇਸ਼ਾਹੀ ਨਾਲ ਉਨ੍ਹਾਂ ਕੋਲੋਂ ਖੋਹਵੇ ।ਇਸ ਸਹਿਕਾਰੀ ਮਿੱਲ ਵਿੱਚ ਕਿਸਾਨਾਂ ਦੇ ਸ਼ੇਅਰ ਸਨ ਅਤੇ ਸਰਕਾਰਾਂ ਵੱਲੋਂ ਪਹਿਲਾਂ 2015 ਵਿੱਚ ਇਹੀ ਜ਼ਮੀਨ ਫੂਡ ਸਪਲਾਈ ਵਿਭਾਗ ਨੂੰ ਅਤੇ ਹੁਣ ਨਵੰਬਰ 2025 ਵਿੱਚ ਕੈਬਨਿਟ ਵੱਲੋਂ ਵੱਖ-ਵੱਖ ਅਦਾਰਿਆਂ ਨੂੰ ਅਲਾਟ ਕਰ ਦਿੱਤੀ ਗਈ।ਕਿਸਾਨ ਆਗੂਆਂ ਨੇ ਇਸ ਤਰ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਪਣੀ ਮਨ ਮਰਜ਼ੀ ਨਾਲ ਜ਼ਮੀਨ ਨੂੰ ਵੰਡਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਪੰਜਾਬ ਸਰਕਾਰ ਨੂੰ ਸਖ਼ਤ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਕਿਸਾਨਾਂ ਨਾਲ ਸਮਾਂ ਰਹਿੰਦਿਆਂ ਗੱਲ ਨਾ ਕੀਤੀ ਤਾਂ ਸਰਕਾਰ ਨੂੰ ਜ਼ਰੂਰ ਆਉਣ ਵਾਲੇ ਸਮੇਂ ਵਿੱਚ ਇਸ



ਦੇ ਨਤੀਜੇ ਭੁਗਤ ਨੇ ਪੈਣਗੇ।ਪੱਕੇ ਮੋਰਚੇ ਵਿੱਚ ਮਹਾਂਵੀਰ ਸਿੰਘ ਗਿੱਲ, ਗੁਰਪ੍ਰੀਤ ਸਿੰਘ, ਪੂਰਨ ਸਿੰਘ ਮਾੜੀਮੇਘਾ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਟਾਂਡਾ, ਅਮੋਲਕ ਸਿੰਘ ਕਮੇਟੀ ਏਕਤਾ ਪੰਜਾਬ, ਰੇਸ਼ਮ ਸਿੰਘ ਫੇਲੋਕੇ, ਮਨਜੀਤ ਸਿੰਘ ਬੱਗੂ ਜਮਹੂਰੀ ਕਿਸਾਨ ਸਭਾ, ਗੁਰਬਚਨ ਸਿੰਘ ਘੜਕਾ ਕਿਸਾਨ ਸੰਘਰਸ਼ ਕਮੇਟੀ ਪੰਨੂ, ਗੁਰਸਾਹਿਬ ਸਿੰਘ ਡੱਲ, ਮਾਸਟਰ ਭੁਪਿੰਦਰ ਸਿੰਘ ਬੀਕੇਯੂ ਕਾਦੀਆਂ, ਸੂਬੇਦਾਰ ਤਾਰਾ ਸਿੰਘ, ਸੁਖਚੈਨ ਸਿੰਘ ਸਰਹਾਲੀ ਖੁਰਦ, ਗੁਰਪ੍ਰਤਾਪ ਸਿੰਘ ਗੰਜਾ, ਸਰਦਾਰਾ ਸਿੰਘ ਸਖੀਰਾ ਆਦਿ ਕਿਸਾਨ ਆਗੂਆਂ ਨੇ ਇਸ ਮੌਕੇ ਸੰਬੋਧਨ ਕੀਤਾ।ਮੋਰਚਾ ਉਨੀ ਦੇਰ ਜਾਰੀ ਰਹੇਗਾ ਜਦ ਤੱਕ ਪੰਜਾਬ ਸਰਕਾਰ ਆਪਣੇ ਇਸ ਕਿਸਾਨ ਵਿਰੋਧੀ ਤੇ ਲੋਕ ਵਿਰੋਧੀ ਫੈਸਲੇ ਨੂੰ ਵਾਪਸ ਨਹੀਂ ਲੈਂਦੀ।

# 'ਮੁੱਖ ਮੰਤਰੀ ਸਿਹਤ ਯੋਜਨਾ' ਲੋਕਾਂ ਲਈ ਸਿਹਤ ਸੁਰੱਖਿਆ ਦੇ ਨਜ਼ਰੀਏ ਤੋਂ ਵੱਡਾ ਕਦਮ : ਸ਼ੈਰੀ ਕਲਸੀ

ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਯੋਜਨਾ ਨਾ ਸਿਰਫ਼ ਦੇਸ਼ ਵਿੱਚ ਸਗੋਂ ਦੁਨੀਆ ਵਿੱਚ ਸਭ ਤੋਂ ਵੱਡੀ ਸਿਹਤ ਸੁਰੱਖਿਆ ਪਹਿਲਕਦਮੀ ਹੈ, ਜੋ ਰੋਜ਼ਾਨਾ ਵੱਡੀ ਗਿਣਤੀ ਵਿੱਚ ਲੋੜਵੰਦ ਪਰਿਵਾਰਾਂ ਨੂੰ ਮੁਫ਼ਤ ਇਲਾਜ ਪ੍ਰਦਾਨ ਕਰਦੀ ਹੈ।ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਸਿਹਤ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਗਏ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੱਧ ਤੋਂ ਵੱਧ ਲੋਕ ਇਸ ਦਾ ਲਾਭ ਲੈ ਸਕਣ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਹ ਯੋਜਨਾ 22 ਜਨਵਰੀ ਤੋਂ ਪੰਜਾਬ ਭਰ ਵਿੱਚ ਲਾਗੂ ਕੀਤੀ ਗਈ ਹੈ ਅਤੇ ਲਗਭਗ 65 ਲੱਖ ਪਰਿਵਾਰਾਂ ਨੂੰ ਕਵਰ ਕਰ ਰਹੀ ਹੈ।ਇਸ ਨਾਲ ਲਗਭਗ 3 ਕਰੋੜ ਲੋਕਾਂ ਨੂੰ 10 ਲੱਖ ਤੱਕ ਦਾ ਕੈਸ਼ਲੈਸ ਅਤੇ ਮੁਫ਼ਤ ਇਲਾਜ ਮਿਲੇਗਾ।ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਸੂਬੇ ਭਰ ਦੇ ਲਗਭਗ 900 ਸਰਕਾਰੀ ਅਤੇ ਨਿੱਜੀ ਹਸਪਤਾਲਾਂ ਨੂੰ ਸੂਚੀਬੱਧ ਕੀਤਾ ਗਿਆ ਹੈ ਅਤੇ 2,356 ਕਿਸਮਾਂ ਦੇ ਇਲਾਜ ਪੈਕੇਜ ਸ਼ਾਮਲ ਹਨ।ਉਨ੍ਹਾਂ ਨੇ ਦੱਸਿਆ ਕਿ ਲਾਭਪਾਤਰੀਆਂ ਨੂੰ ਪਹਿਲਾਂ ਸਿਹਤ ਕਾਰਡ ਪ੍ਰਾਪਤ ਕਰਨ ਲਈ ਇੱਕ ਅਪਾਇੰਟਮੈਂਟ ਸਲਿੱਪ ਦਿੱਤੀ ਜਾਂਦੀ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਰਜਿਸਟਰ ਕੀਤਾ ਜਾਂਦਾ ਹੈ।ਸਿਹਤ ਵਿਭਾਗ ਦੇ ਅਧਿਕਾਰੀਆਂ ਅਨੁਸਾਰ 18 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਲਈ ਆਧਾਰ ਕਾਰਡ ਅਤੇ ਵੋਟਰ ਆਈ. ਡੀ. ਕਾਰਡ ਜ਼ਰੂਰੀ ਹੈ, ਜਦੋਂ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਜਨਮ ਸਰਟੀਫਿਕੇਟ ਅਤੇ ਆਧਾਰ ਕਾਰਡ ਜ਼ਰੂਰੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿਹਤ ਕਾਰਡ ਪ੍ਰਾਪਤ ਕਰਨ ਲਈ ਆਪਣੇ ਨੇੜਲੇ ਸਿਹਤ ਕਾਰਡ ਕੈਂਪਾਂ ਵਿੱਚ ਜਾਣ ਤਾਂ ਜੋ ਲੋੜ ਪੈਣ ਤੇ ਉਹ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਪ੍ਰਾਪਤ ਕਰ ਸਕਣ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਟੀਚਾ ਹਰ ਪਰਿਵਾਰ ਨੂੰ ਬਿਹਤਰ ਸਿਹਤ ਸੁਰੱਖਿਆ ਪ੍ਰਦਾਨ ਕਰਨਾ ਅਤੇ ਵਿੱਤੀ ਬੋਝ ਤੋਂ ਰਾਹਤ ਦੇਣਾ ਹੈ।



## 300 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਅੱਜ ਤੋਂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਅਮਰ ਸ਼ਹੀਦ ਬਾਬਾ ਬਘੇਲ ਸਿੰਘ, ਸ਼ਹੀਦ ਬਾਬਾ ਅਮਰ ਸਿੰਘ ਤੇ ਸ਼ਹੀਦ ਬਾਬਾ ਤਾਰਾ ਸਿੰਘ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਪਿੰਡ ਭੁੱਸੇ ਦੇ ਗੁਰਦੁਆਰਾ ਜਨਮ ਅਸਥਾਨ ਸ਼ਹੀਦ ਬਾਬਾ ਬਘੇਲ ਸਿੰਘ ਅਤੇ ਸ਼ਹੀਦ ਬਾਬਾ ਅਮਰ ਸਿੰਘ ਵਿਖੇ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ।ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਜਗਦੀਪ ਸਿੰਘ, ਨੰਬਰਦਾਰ ਜਸਤਾਰ ਸਿੰਘ ਤੇ ਰੇਸ਼ਮ ਸਿੰਘ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਹੇਠ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਵਿਸ਼ੇਸ਼ ਸਹਿਯੋਗ ਨਾਲ ਇਹ ਸ਼ਹੀਦੀ ਸ਼ਤਾਬਦੀ ਸਮਾਗਮ ਕਰਾਏ ਜਾ ਰਹੇ ਹਨ।ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਤਿੰਨ ਰੋਜ਼ਾ ਧਾਰਮਿਕ ਸਮਾਗਮਾਂ ਦੌਰਾਨ 24 ਫਰਵਰੀ, ਦਿਨ ਮੰਗਲਵਾਰ ਤੇ 25 ਫਰਵਰੀ ਦਿਨ ਬੁੱਧਵਾਰ ਨੂੰ 8 ਰਾਤ ਵਜੇ ਤੋਂ 12 ਵਜੇ ਤੱਕ ਕੀਰਤਨ ਦਰਬਾਰ ਹੋਣਗੇ।26 ਫਰਵਰੀ ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਸਾਰਾ ਦਿਨ ਧਾਰਮਿਕ ਦੀਵਾਨ ਸੱਜਣਗੇ।ਇਸ ਦੌਰਾਨ ਸਮਾਗਮਾਂ 'ਚ ਪੁੱਜ ਰਹੇ ਸੰਤ ਮਹਾਂਪੁਰਸ਼ ਤੇ ਹੋਰ ਧਾਰਮਿਕ ਸ਼ਖ਼ਸ਼ੀਅਤਾਂ ਤੋਂ ਇਲਾਵਾ ਪੰਥ ਦੇ ਉਘੇ ਕਥਾਵਾਚਕ, ਢਾਡੀ ਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਗੁਰ ਜਸ ਸਰਵਣ ਕਰਾਉਣਗੇ।ਉਨ੍ਹਾਂ ਕਿਹਾ ਕਿ ਸਮਾਗਮਾਂ ਦੌਰਾਨ ਲੰਗਰਾਂ ਦੀ ਅਤੁੱਟ ਸੇਵਾ ਦਮਦਮੀ ਟਕਸਾਲ ਵੱਲੋਂ ਨਿਭਾਈ ਜਾਵੇਗੀ।ਇਸ ਮੌਕੇ ਜਥੇਦਾਰ ਸਤਨਾਮ ਸਿੰਘ, ਦਿਲਬਾਗ ਸਿੰਘ ਤੇ ਜਗੀਰ ਸਿੰਘ ਦੋਧੀ ਆਦਿ ਵੀ ਮੌਜੂਦ ਸਨ।



## ਸ਼ਰਧਾ ਨਾਲ ਮਨਾਇਆ ਸ੍ਰੀ ਗੌਰੀ ਸ਼ੰਕਰ ਦਾ ਵਿਆਹ

ਛੇਹਰਟਾ, (ਮਨੋਜ ਕੁਮਾਰ)-ਸ਼ਿਵਾਲਾ ਸ੍ਰੀ ਸੰਤੋਖਸਰ ਪ੍ਰਤਾਪ ਬਾਜ਼ਾਰ ਵਿਖੇ ਸ੍ਰੀ ਗੌਰੀ ਸ਼ੰਕਰ ਦਾ ਵਿਆਹ ਸਮਾਰੋਹ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਸਿੱਧ ਭਜਨ ਗਾਇਕ ਸੁਮਿਤ ਅਗਰਵਾਲ ਨੇ ਸ੍ਰੀ ਗੌਰੀ ਸ਼ੰਕਰ ਦੇ ਵਿਆਹ ਸਮਾਰੋਹ ਲਈ ਭਜਨ ਤੇ ਵਧਾਈ ਦੇ ਗੀਤ ਗਾਏ। ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੇ ਪੁੱਜ ਕੇ ਭਗਵਾਨ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਤੋਂ ਬਾਅਦ ਸ਼ਰਧਾਲੂਆਂ ਵਿਚ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਮੰਦਰ ਦੇ ਮੁਖੀ ਮਹੇਸ਼ ਕੰਧਾਰੀ ਨੇ ਆਏ ਸਾਰੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਪੰਜਾਬ ਪ੍ਰਧਾਨ ਅਨੁਜ ਖੇਮਕਾ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੰਨੀ ਮਹਿਰਾ, ਸ਼ੰਕਰ ਅਰੋੜਾ, ਅਸ਼ਵਨੀ ਜੋਸ਼ੀ, ਪੰਡਤ ਗੌਤਮ ਆਦਿ ਮੌਜੂਦ ਸਨ।



## ਕੇਂਦਰੀ ਜੇਲ੍ਹ ਗੁਰਦਾਸਪੁਰ 'ਚੋਂ 360 ਨਸ਼ੇ ਦੀਆਂ ਗੋਲੀਆਂ ਬਰਾਮਦ

**ਗੁਰਦਾਸਪੁਰ**, (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਪੁਲਿਸ ਨੇ ਇਕ ਹਵਾਲਾਤੀ ਖ਼ਿਲਾਫ਼ ਨਸ਼ਾ ਮਿਲਣ 'ਤੇ ਮਾਮਲਾ ਦਰਜ ਕੀਤਾ ਹੈ। ਥਾਣਾ ਸਿਟੀ ਗੁਰਦਾਸਪੁਰ ਨੂੰ ਸੁਪਰਡੈਂਟ ਕੇਂਦਰੀ ਜੇਲ੍ਹ ਗੁਰਦਾਸਪੁਰ ਦਫਤਰ ਦੇ ਪੱਤਰ ਨੰਬਰ 102-104 ਰਾਹੀਂ ਦੱਸਿਆ ਕਿ 7 ਫਰਵਰੀ ਨੂੰ ਸ਼ਾਮ 4 ਵਜੇ ਦੇ ਕਰੀਬ ਹਵਾਲਾਤੀ ਹੀਰਾ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਧਾਰੀਵਾਲ ਕਲਾਂ ਥਾਣਾ ਸੇਖਵਾਂ ਦੀ ਬਾਵਾਸੀਰ ਦੀ ਬਿਮਾਰੀ ਕਰਕੇ ਬਾਹਰੋਂ ਆਈ ਦਵਾਈ ਮੈਡੀਕਲ ਅਫਸਰ ਤੋਂ ਚੈੱਕ ਕਰਵਾਈ ਗਈ। ਡਾਕਟਰ ਤੋਂ ਚੈੱਕ ਕਰਵਾਉਣ ਤੋਂ ਬਾਅਦ ਜਦੋਂ ਡਿਓਢੀ ਵਿੱਚ ਸ਼ੱਕ ਪੈਣ 'ਤੇ ਦਵਾਈ ਦੀਆਂ ਡੱਬੀਆਂ ਦੀ ਸੀਲ ਖੋਲ ਕੇ ਮੁੜ ਤਲਾਸ਼ੀ ਕੀਤੀ ਗਈ ਤਾਂ ਡੱਬੀਆਂ ਵਿੱਚ ਬਵਾਸੀਰ ਦੀ ਬਿਮਾਰੀ ਨਾਲ ਸਬੰਧਤ ਕੋਈ ਵੀ ਦਵਾਈ ਨਹੀਂ ਮਿਲੀ ਜਦੋਂਕਿ ਬੰਦ ਡੱਬੀਆਂ ਵਿੱਚੋ 360 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ।

## ਮਹਾਸ਼ਿਵਰਾਤਰੀ ਦੇ ਸਬੰਧ 'ਚ ਲਗਾਇਆ ਲੰਗਰ

ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)-ਮਾਨਵ ਕਲਿਆਨ ਸੇਵਕ ਸਭਾ ਵੱਲੋਂ ਗੁਰਦੁਆਰਾ ਪਿੱਪਲੀ ਸਾਹਿਬ ਦੇ ਸਾਹਮਣੇ ਰਵੀ ਮਹਿਰਾ ਦੀ ਅਗਵਾਈ ਹੇਠ ਮਹਾਸ਼ਿਵਰਾਤਰੀ ਦੇ ਸਬੰਧ ਵਿਚ ਲੰਗਰ ਲਗਾਇਆ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਐੱਸ. ਸੀ. ਵਿੰਗ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਇੰਦਰ ਪਾਲ ਤੇ ਸਾਹਿਬ ਸਿੰਘ ਵਿਸ਼ੇਸ਼ ਤੌਰ 'ਤੇ ਪੁੱਜੇ। ਦੋਹਾਂ ਸ਼ਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾਕਟਰ ਇੰਦਰ ਪਾਲ ਨੇ ਸਾਰਿਆਂ ਨੂੰ ਮਹਾਸ਼ਿਵਰਾਤਰੀ ਦੀ ਵਧਾਈ ਦਿੱਤੀ। ਇਸ ਮੌਕੇ ਅਮਰ ਸਿੰਘ, ਧਰਮਿੰਦਰ, ਸੁਨੀਲ, ਭਾਨੂੰ, ਰਾਕੇਸ਼, ਮਲੂਕ ਸਿੰਘ, ਸੁਰਿੰਦਰ ਸਿੰਘ ਸੰਨੀ ਆਦਿ ਹਾਜ਼ਰ ਸਨ।



## ਕ੍ਰਿਕਟ ਐਸੋਸੀਏਸ਼ਨ ਵੱਲੋਂ ਟ੍ਰਾਇਲ ਅੱਜ

ਪਠਾਨਕੋਟ, (ਦਵਿੰਦਰ ਸਿੰਘ)-ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਵੱਲੋਂ ਅੰਡਰ-23 ਪੁਰਸ਼ ਵਰਗ ਦੇ ਟ੍ਰਾਇਲ 24 ਫਰਵਰੀ 2026 ਨੂੰ ਕਰਵਾਏ ਜਾਣਗੇ।ਨਿਰਧਾਰਤ ਯੋਗਤਾ ਅਨੁਸਾਰ ਅੰਡਰ-23 ਪੁਰਸ਼ ਵਰਗ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਦੀ ਜਨਮ ਤਾਰੀਖ 1 ਸਤੰਬਰ 2003 ਜਾਂ ਉਸ ਤੋਂ ਬਾਅਦ ਦੀ ਹੋਣੀ ਲਾਜ਼ਮੀ ਹੈ। ਸਾਰੇ ਇੱਛੁਕ ਅਤੇ ਯੋਗ ਖਿਡਾਰੀ ਟ੍ਰਾਇਲ ਦੇ ਦਿਨ ਸਵੇਰੇ 10:30 ਵਜੇ ਤੱਕ ਨਿਰਧਾਰਤ ਮੈਦਾਨ ਵਿੱਚ ਹਾਜ਼ਰ ਹੋਣ।ਸਾਰੇ ਭਾਗੀਦਾਰ ਖਿਡਾਰੀ ਨਿਰਧਾਰਤ ਸਫੈਦ ਕ੍ਰਿਕਟ ਯੂਨੀਫਾਰਮ ਵਿੱਚ ਆਉਣ।ਆਪਣਾ ਪੂਰਾ ਕ੍ਰਿਕਟ ਕਿੱਟ ਬੈਗ ਨਾਲ ਲਿਆਉਣ ਅਤੇ ਜਨਮ ਪ੍ਰਮਾਣ ਪੱਤਰ ਅਤੇ ਨਿਵਾਸ ਪ੍ਰਮਾਣ ਪੱਤਰ ਨਾਲ ਲਿਆਉਣਾ ਲਾਜ਼ਮੀ ਹੈ, ਜੋ ਤਸਦੀਕ ਲਈ ਜ਼ਰੂਰੀ ਹੋਵੇਗਾ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਸਕੱਤਰ ਸੰਨੀ ਮਹਾਜਨ ਅਤੇ ਮੁੱਖ ਕੋਚ ਇੰਦਰਜੀਤ ਸਿੰਘ ਨੇ ਜ਼ਿਲ੍ਹੇ ਦੇ ਨੌਜਵਾਨ ਅਤੇ ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਟ੍ਰਾਇਲ ਵਿੱਚ ਭਾਗ ਲੈ ਕੇ ਆਪਣੀ ਪ੍ਰਤਿਭਾ ਦਿਖਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਨੂੰ ਭਰੋਸਾ ਹੈ ਕਿ ਇਨ੍ਹਾਂ ਟ੍ਰਾਇਲਾਂ ਰਾਹੀਂ ਉਭਰ ਰਹੀਆਂ ਪ੍ਰਤਿਭਾਵਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਉੱਚ ਪੱਧਰੀ ਮੁਕਾਬਲਿਆਂ ਵਿੱਚ ਪਠਾਨਕੋਟ ਦੀ ਨੁਮਾਇੰਦਗੀ ਕਰਨ ਦਾ ਮੌਕਾ ਦਿੱਤਾ ਜਾਵੇਗਾ।





## 'ਮੇਰੀ ਰਸੋਈ ਸਕੀਮ' ਦਾ ਐਲਾਨ ਸਵਾਗਤਯੋਗ: ਦੀਪਕ ਸੂਦ

ਰਾਜਪੁਰਾ (ਰਮੇਸ਼ ਕਟਾਰੀਆ)-ਭਗਵੰਤ ਮਾਨ ਸਰਕਾਰ ਦੀ ਕੈਬਨਿਟ ਵੱਲੋਂ ਮੇਰੀ ਰਸੋਈ ਸਕੀਮ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਜੋ ਕਿ ਬਹੁਤ ਹੀ ਸਵਾਗਤ ਯੋਗ ਕਦਮ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਰਾਜਪੁਰਾ ਦੇ ਚੇਅਰਮੈਨ ਦੀਪਕ ਸੂਦ ਨੇ ਇੱਕ ਪ੍ਰੈੱਸ ਬਿਆਨ ਰਾਹੀਂ ਕੀਤਾ।ਚੇਅਰਮੈਨ ਦੀਪਕ ਸੂਦ ਨੇ ਕਿਹਾ ਕਿ ਕੈਬਨਿਟ ਵੱਲੋਂ ਕੀਤੇ ਗਏ ਫੈਸਲੇ ਨਾਲ ਹੁਣ ਲੋੜਵੰਦਾਂ ਨੂੰ ਕਣਕ ਦੇ ਨਾਲ ਨਾਲ ਦੋ ਕਿੱਲੋ ਮਾਂਹ ਛੋਲਿਆਂ ਦੀ ਦਾਲ, ਦੋ ਕਿੱਲੋ ਖੰਡ, ਇੱਕ ਕਿੱਲੋ ਲੂਣ, 200 ਗ੍ਰਾਮ ਹਲਦੀ ਅਤੇ ਇੱਕ ਲੀਟਰ ਸਰ੍ਹੋਂ ਦਾ ਤੇਲ ਮਿਲੇਗਾ

ਇਹ ਸਾਰਾ ਸਾਮਾਨ ਕਣਕ ਦੇ ਨਾਲ ਇੱਕ ਕਿੱਟ ਦੇ ਰੂਪ ਵਿੱਚ ਲੋੜਵੰਦਾਂ ਨੂੰ ਦਿੱਤਾ ਜਾਵੇਗਾ, ਜਿਸ ਵਿੱਚ ਤਿੰਨ ਮਹੀਨਿਆਂ ਦਾ ਸਾਮਾਨ ਹੋਇਆ ਕਰੇਗਾ।ਉਨ੍ਹਾਂ ਕਿਹਾ ਕਿ ਇਸ ਸਕੀਮ ਨਾਲ ਗਰੀਬੀ ਰੇਖਾ ਤੋਂ ਥੱਲੇ ਰਹਿ ਰਹੇ ਪਰਿਵਾਰਾਂ ਨੂੰ ਬਹੁਤ ਰਾਹਤ ਮਿਲੇਗੀ ਜੋ ਰੋਟੀ ਤੋਂ ਵੀ ਆਤੁਰ ਹਨ ਅਤੇ ਆਰਥਿਕ ਤੌਰ 'ਤੇ ਬਹੁਤ ਜ਼ਿਆਦਾ ਕਮਜ਼ੋਰ ਹਨ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਦੀ ਪਹਿਲੀ ਸਰਕਾਰ ਹੈ ਜੋ ਹਰ ਵਰਗ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਫੈਸਲੇ ਕਰ ਰਹੀ ਹੈ।



# 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਦੋ ਰੋਜ਼ਾ ਢਾਡੀ ਤੇ ਕੀਰਤਨ ਦਰਬਾਰ ਸੰਪੰਨ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਸਥਾਨਕ ਸ਼ਹਿਰ ਦੀ ਕੀਰਤਨ ਦਰਬਾਰ ਸੇਵਾ ਸੋਸਾਇਟੀ ਅਜਨਾਲਾ ਵੱਲੋਂ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ ।ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਅਤੇ ਨੌਜਵਾਨ ਪੀੜ੍ਹੀ 'ਚ ਸਿੱਖ ਧਰਮ ਦੀਆਂ ਸਿੱਖਿਆਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਮੱਦੇਨਜ਼ਰ ਕਰਵਾਇਆ ਗਿਆ 41ਵਾਂ ਦੋ ਰੋਜ਼ਾ ਢਾਡੀ ਤੇ ਕੀਰਤਨ ਦਰਬਾਰ ਖ਼ਾਲਸਾਈ ਜਾਹੋ-ਜਲਾਲ ਨਾਲ ਸੰਪਨ ਹੋਇਆ।ਸਮਾਗਮ ਦੇ ਪਹਿਲੇ ਦਿਨ ਦੀ ਸ਼ੁਰੂਆਤ ਭਾਈ ਅਨੋਖ ਸਿੰਘ ਦੇ ਜਥੇ ਵੱਲੋਂ ਆਸਾ ਜੀ ਦੀ ਵਾਰ ਨਾਲ ਹੋਈ। ਉਪਰੰਤ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਅਜਨਾਲਾ ਦੇ ਜਥੇ ਨੇ ਸੁਖਮਨੀ ਸਾਹਿਬ ਦੇ ਜਾਪ ਕੀਤੇ।ਸਜਾਏ ਗਏ ਧਾਰਮਿਕ ਦੀਵਾਨਾਂ 'ਚ ਕਥਾਵਾਚਕ ਭਾਈ ਜਸਵਿੰਦਰ ਸਿੰਘ, ਹਜ਼ੂਰੀ ਰਾਗੀ ਭਾਈ ਸੁਖਦੀਪ ਸਿੰਘ, ਭਾਈ ਲਖਬੀਰ ਸਿੰਘ ਅਜਨਾਲਾ, ਢਾਡੀ ਗਿਆਨੀ ਮਨਜੀਤ ਸਿੰਘ ਲੁਧਿਆਣੇ ਵਾਲੇ, ਬੀਬੀ ਕਿਰਨਜੀਤ ਕੌਰ ਖ਼ਾਲਸਾ, ਗਿਆਨੀ ਨਿਰਮਲ ਸਿੰਘ ਨੂਰ ਅਤੇ ਗਿਆਨੀ ਸਰੂਪ ਸਿੰਘ ਕੰਡਿਆਣਾ ਦੇ ਜਥਿਆਂ ਨੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਦੂਸਰੇ ਦਿਨ ਪੰਥ ਪ੍ਰਸਿੱਧ ਰਾਗੀ ਭਾਈ ਹਰਪਾਲ ਸਿੰਘ ਫਤਿਹਗੜ੍ਹ ਸਾਹਿਬ ਵਾਲੇ, ਭਾਈ ਬਲਵਿੰਦਰ ਸਿੰਘ ਰੰਗੀਲਾ, ਭਾਈ ਦਵਿੰਦਰ ਸਿੰਘ ਸੋਹਾਣੇ ਵਾਲੇ, ਭਾਈ ਹਰਜੋਤ ਸਿੰਘ ਜ਼ਖ਼ਮੀ, ਭਾਈ ਮਹਿਤਾਬ ਸਿੰਘ ਜਲੰਧਰ ਵਾਲੇ ਅਤੇ ਭਾਈ ਸਿਮਰਨਜੀਤ ਸਿੰਘ (ਸ੍ਰੀ ਦਰਬਾਰ ਸਾਹਿਬ) ਨੇ ਗੁਰ-ਇਤਿਹਾਸ ਸੁਣਾ ਕੇ ਹਾਜ਼ਰੀ ਭਰੀ।ਇਸ ਮੌਕੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਅਤੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਸ਼ਿਰਕਤ ਕਰਦਿਆਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਪ੍ਰਬੰਧਕਾਂ ਵੱਲੋਂ ਆਈਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਕਰਵਾਏ ਗਏ ਅੰਮ੍ਰਿਤ ਸੰਚਾਰ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਪੰਜ ਪਿਆਰੇ ਸਾਹਿਬਾਨ ਪਾਸੋਂ ਵੱਡੀ ਗਿਣਤੀ 'ਚ ਸੰਗਤਾਂ ਨੇ ਅੰਮ੍ਰਿਤ ਪਾਨ ਕਰਕੇ ਆਪਣਾ ਜੀਵਨ ਸਫਲ ਕੀਤਾ।ਇਸ ਮੌਕੇ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।ਇਸ ਮੌਕੇ ਭੁਪਿੰਦਰ ਸਿੰਘ ਬੈਂਕਾਂ ਵਾਲੇ, ਮਾਸਟਰ ਗੁਰਪ੍ਰੀਤ ਸਿੰਘ, ਗੁਰਬਚਨ ਸਿੰਘ ਐਫਸੀਆਈ, ਹਰਪ੍ਰੀਤ ਸਿੰਘ, ਨਰਿੰਦਰ ਪਾਲ ਸਿੰਘ ਢਿੱਲੋਂ, ਅਮਰਜੀਤ ਸਿੰਘ ਬਾਜਵਾ, ਜਸਵੀਰ ਸਿੰਘ ਢਿੱਲੋਂ, ਕਰਮਜੀਤ ਸਿੰਘ ਗੋਲਡੀ, ਰਿਆੜ ਢਿੱਲੋਂ, ਤਲਵਿੰਦਰ ਸਿੰਘ, ਰਿੰਕੂ ਪੁਰਬਾ, ਸਾਬਕਾ ਪ੍ਰਧਾਨ ਨਗਰ ਪੰਚਾਇਤ ਚਾਚਾ ਮਨਜੀਤ ਸਿੰਘ ਨਿੱਜਰ, ਭਾਈ ਮਲਕੀਤ ਸਿੰਘ, ਅਮਰਜੀਤ ਸਿੰਘ, ਕੇਵਲ ਸਿੰਘ ਆਦਿ ਹਾਜ਼ਰ ਸਨ।



# ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਉਤਾਵਲੇ: ਮਾਹਲ

ਧਾਰੀਵਾਲ, (ਮਨਦੀਪ ਵਿੱਕੀ)-ਸ਼੍ਰੋਮਣੀ ਅਕਾਲੀ ਦਲ ਵਰਕਰਾਂ ਦੀ ਅਹਿਮ ਮੀਟਿੰਗ ਐੱਨ.ਆਰ.ਆਈ. ਜੇ.ਬੀ. ਐੱਸ. ਜ਼ਫ਼ਰਵਾਲ ਦੇ ਗ੍ਰਹਿ ਵਾਰਡ ਨੰਬਰ 8 ਬੇਦੀ ਕਾਲੋਨੀ ਧਾਰੀਵਾਲ ਵਿਖੇ ਜਨਰਲ ਸੱਕਤਰ ਧਾਰੀਵਾਲ ਇੰਜ. ਜੇ. ਪੀ. ਸਿੰਘ ਦੇ ਪ੍ਰਬੰਧਾਂ ਹੇਠ ਹੋਈ।ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਹਲਕਾ ਕਾਦੀਆਂ ਦੇ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਵਿੱਚ ਪਹੁੰਚਣ ਤੇ ਐੱਨ. ਆਰ. ਆਈ. ਜੇ. ਬੀ. ਐੱਸ. ਜ਼ਫਰਵਾਲ ਤੇ ਸਾਥੀਆਂ ਵੱਲੋਂ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੂੰ ਫੁੱਲਾਂ ਦਾ ਬੁੱਕਾ ਭੇਟ ਕਰਦੇ ਹੋਏ ਨਿੱਘਾ ਸਵਾਗਤ ਕੀਤਾ ਗਿਆ ।ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਗੁਰਇਕਬਾਲ ਸਿੰਘ ਮਾਹਲ ਨੇ ਕਿਹਾ ਕਿ ਪੰਜਾਬ ਸਰਕਾਰ ਅਮਨ-ਸ਼ਾਂਤੀ ਤੇ ਕਾਨੂੰਨ ਵਿਵਸਥਾ ਕਾਇਮ ਰੱਖਣ ਵਿੱਚ ਪੂਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਹੈ ਅਤੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।ਨਸ਼ਾ ਅਤੇ ਭ੍ਰਿਸ਼ਟਾਚਾਰ ਤੇ ਗੈਂਗਵਾਦ ਖਤਮ ਕਰਨ ਦੀ ਬਜਾਏ ਦਿਨੋ-ਦਿਨ ਵੱਧਦਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲਿਆਉਣ ਲਈ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਸ੍ਰ. ਮਾਹਲ ਨੇ ਕਿਹਾ ਕਿ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਵੱਡੀ ਜਿੱਤ ਹਾਸਿਲ ਕਰੇਗਾ। ਇਸ ਮੌਕੇ ਐੱਨ.ਆਰ.ਆਈ. ਜੇ. ਬੀ. ਐੱਸ. ਜ਼ਫ਼ਰਵਾਲ ਨੇ ਕਿਹਾ ਕਿ ਪੰਜਾਬ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਐੱਨ. ਆਰ. ਆਈ.ਪੰਜਾਬੀ ਵੀ ਪੰਜਾਬ ਦੀ ਬੇਹਤਰੀ ਲਈ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਦੇ ਹੱਕ ਵਿੱਚ ਹਨ।ਇਸ ਮੌਕੇ ਸ਼੍ਰੋਮਣੀ ਅਕਾਲ ਦਲ ਦੇ ਕੌਂਸਲਰ ਡਾਕਟਰ ਇੰਦਰਿਆਸ਼ ਹੰਸ, ਜਨਰਲ ਸਕੱਤਰ ਇੰਜ. ਜੇ. ਪੀ. ਸਿੰਘ, ਮਨਪ੍ਰੀਤ ਸਿੰਘ ਪੰਨੂੰ, ਕ੍ਰਿਸ਼ਚੀਅਨ ਆਗੂ ਅਤੇ ਸਮਾਜ ਸੇਵਕ ਸੈਮ ਫਜ਼ੂਉਲਾਚੱਕ, ਸੁੱਚਾ ਸਿੰਘ, ਬਲਵਿੰਦਰ ਸਿੰਘ, ਹਰਪ੍ਰਤਾਪ ਸਿੰਘ, ਦੀਪ ਮਾਨ ਖੁੰਡਾ, ਪ੍ਰਧਾਨ ਸੁਰਿੰਦਰ ਆਸੂ, ਟੋਨਾ ਪਹਿਲਵਾਨ ਅਤੇ ਪੀ. ਏ. ਪ੍ਰੇਮ ਸਿੰਘ ਘੁੰਮਣ ਆਦਿ ਤੋਂ ਇਲਾਵਾ ਵੀ ਅਕਾਲੀ ਆਗੂ ਅਤੇ ਵਰਕਰ ਹਾਜ਼ਰ ਸਨ।



# ਕਾਮਰੇਡ ਅਨੂਪ ਸਿੰਘ ਪੰਡੋਰੀ ਨੂੰ ਸ਼ਰਧਾ ਦੇ ਫੁੱਲ ਭੇਟ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਕੌਂਸਲ ਮੈਂਬਰ ਅਤੇ ਖੇਤ ਮਜ਼ਦੂਰ ਸਭਾ ਦੇ ਆਗੂ ਕਾ: ਅਨੂਪ ਸਿੰਘ ਪੰਡੋਰੀ ਜੋ ਕੁਝ ਦਿਨ ਪਹਿਲਾਂ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ ਸਨ, ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸ਼ਰਧਾਂਜਲੀ ਸਮਾਗਮ ਉਨ੍ਹਾਂ ਦੇ ਪਿੰਡ ਪੰਡੋਰੀ ਵੜੈਚ ਵਿਖੇ ਸਥਿਤ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਖੇ ਕਰਵਾਇਆ ਗਿਆ।ਇਸ ਸਮੇਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨੀ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਭਾਈ ਸ਼ਰਨਪਾਲ ਸਿੰਘ ਨੇ ਕਥਾ ਕਰਦਿਆਂ ਸਿੱਖ ਧਰਮ ਵਿੱਚੋਂ ਹਵਾਲੇ ਦਿੰਦਿਆਂ ਕਾ: ਅਨੂਪ ਸਿੰਘ ਦੇ ਜੀਵਨ ਬਾਰੇ ਵਿਆਖਿਆ ਕੀਤੀ। ਉਨ੍ਹਾਂ ਪੰਡੋਰੀ ਨੂੰ ਅਸਲੀ ਧਰਮੀ ਇਨਸਾਨ ਦੱਸਦਿਆਂ ਕਿਹਾ ਕਿ ਉਹ ਸਾਰੀ ਜ਼ਿੰਦਗੀ ਲੋਕਾਂ ਦੇ ਲੇਖੇ ਲਾਉਣ ਵਾਲਾ ਵਿਅਕਤੀ ਆਖਰੀ ਸਮੇਂ ਤੱਕ ਪਾਰਟੀ ਦਾ ਵਫਾਦਾਰ ਸਿਪਾਹੀ ਰਿਹਾ। ਸ਼ਰਧਾਂਜਲੀ ਭੇਟ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਲਖਬੀਰ ਸਿੰਘ ਨਿਜ਼ਾਮਪੁਰ, ਬਲਾਕ ਸਕੱਤਰ ਨਰਿੰਦਰ ਬੱਲ, ਖੇਤ ਮਜ਼ਦੂਰ ਸਭਾ ਦੇ ਆਗੂ ਮੰਗਲ ਸਿੰਘ ਖਜਾਲਾ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਜੋਗਿੰਦਰ ਸਿੰਘ ਗੋਪਾਲਪੁਰ ਨੇ ਉਸ ਨੂੰ ਪਾਰਟੀ ਦਾ ਸੱਚਾ ਸਿਪਾਹੀ ਕਰਾਰ ਦਿੰਦਿਆਂ ਕਿਹਾ ਕਿ ਕਾਰਖਾਨੇ ਅੰਦਰ ਕੰਮ ਕਰਦਿਆਂ ਟਰੇਡ ਯੂਨੀਅਨਾਂ ਰਾਹੀਂ ਸੰਘਰਸ਼ ਕਰਦਿਆਂ ਉਸ ਨੇ ਕਮਿਊਨਿਸਟ ਪਾਰਟੀ ਦੇ ਮੈਂਬਰ ਦਾ ਸਫਰ ਸ਼ੁਰੂ ਕੀਤਾ।ਉਹ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬਣ ਕੇ ਸੰਘਰਸ਼ ਕਰਦਾ ਰਿਹਾ।

ਉਨ੍ਹਾਂ ਡਾ: ਭੀਮ ਰਾਓ ਅੰਬੇਡਕਰ ਦੀ ਯਾਦ ਵਿੱਚ ਕਰਵਾਏ ਜਾਂਦੇ ਸਮਾਗਮ ਬਾਰੇ ਬੁਲਾਰਿਆਂ ਨਾਲ ਵਿਚਾਰ ਸਾਂਝੇ ਕੀਤੇ।ਅਖੀਰ ਵਿੱਚ ਉਸ ਦੇ ਪਿੰਡ ਦੇ ਸਾਥੀ ਨੰਬਰਦਾਰ ਪਲਵਿੰਦਰ ਸਿੰਘ ਨੇ ਸਾਫ ਸੁਥਰੇ ਜੀਵਨ ਅਤੇ ਪਾਰਟੀ ਵਿੱਚ ਉਸ ਵੱਲੋਂ ਨਿਭਾਈਆਂ ਗਈਆਂ ਜ਼ਿੰਮੇਵਾਰ ਸੇਵਾਵਾਂ ਨੂੰ ਯਾਦ ਕਰਦਿਆਂ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਪਰਵਾਰਕ ਮੈਂਬਰਾਂ ਅਤੇ ਬ੍ਰਾਂਚ ਮੈਂਬਰਾਂ ਤੋਂ ਇਲਾਵਾ ਸਾਥੀ ਪਲਵਿੰਦਰ ਸਿੰਘ ਬੱਲ, ਕਸ਼ਮੀਰ ਸਿੰਘ ਭੈਣੀ ਗਿੱਲਾਂ, ਸੁਖਦੇਵ ਸਿੰਘ ਜਗਦੇਵ ਕਲਾਂ ਅਤੇ ਲਖਵਿੰਦਰ ਸਿੰਘ ਗੋਪਾਲਪੁਰਾ ਨੇ ਵਿਛੜੇ ਸਾਥੀ ਨੂੰ ਸ਼ਰਧਾਂਜਲੀ ਭੇਟ ਕੀਤੀ।



# ਰੂੜੀਵਾਦੀ ਰੀਤੀ ਰਿਵਾਜ ਲੋਟੂ ਪੁਜਾਰੀ ਵਰਗ ਤੇ ਪੂੰਜੀਵਾਦੀ ਪ੍ਰਬੰਧ ਦੀ ਦੇਣ: ਤਰਕਸ਼ੀਲ ਸੁਸਾਇਟੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅੰਮ੍ਰਿਤਸਰ ਇਕਾਈ ਵੱਲੋਂ ਸਮਾਜ ਵਿੱਚੋਂ ਅੰਧ ਵਿਸ਼ਵਾਸ਼ਾਂ, ਰੂੜੀਵਾਦੀ ਰੀਤੀ ਰਿਵਾਜਾਂ, ਫ਼ਜ਼ੂਲ ਖਰਚੀ ਦੀਆਂ ਰਸਮਾਂ ਤੇ ਸਮਾਜਿਕ ਬੁਰਾਈਆਂ ਖਤਮ ਕਰਨ ਅਤੇ ਇਸਦੇ ਬਦਲ ਵਿੱਚ ਇਕ ਵਿਗਿਆਨਕ ਸੋਚ ਆਧਾਰਿਤ ਲੋਕ ਪੱਖੀ ਸਿਹਤਮੰਦ ਸਭਿਆਚਾਰ ਉਸਾਰਨ ਦੇ ਮਕਸਦ ਵਜੋਂ ਤਰਕਸ਼ੀਲ ਪਰਿਵਾਰਕ ਮਿਲਣੀ ਤਹਿਤ ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਇਕ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ ਜਿਸ ਵਿੱਚ ਸਮੂਹ ਤਰਕਸ਼ੀਲ ਮੈਂਬਰਾਂ ਦੇ ਪਰਿਵਾਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ।ਇਸ ਮੌਕੇ ਸੂਬਾਈ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਨੇ ਭਾਰਤੀ ਸੱਭਿਆਚਾਰ ਨੂੰ ਕਿਰਤ, ਇਖਲਾਕ, ਫਲਸਫਾ, ਵਿਗਿਆਨ, ਭਾਸ਼ਾ, ਧਰਮ, ਜਾਤ ਪਾਤ, ਸਾਹਿਤ, ਕਲਾ, ਸੰਗੀਤ, ਖਾਣ ਪੀਣ, ਪਹਿਰਾਵਾ, ਤਿਉਹਾਰ ਆਦਿ ਦੇ ਪ੍ਰਸੰਗ ਵਿੱਚ ਪਰਿਭਾਸ਼ਿਤ ਕਰਦਿਆਂ ਲੁਟੇਰੇ ਪੂੰਜੀਵਾਦੀ ਪ੍ਰਬੰਧ ਅਤੇ ਪੁਜਾਰੀ ਵਰਗ ਦੀ ਸਰਪ੍ਰਸਤੀ ਅਤੇ ਡਰਾਵੇ ਹੇਠ ਸਦੀਆਂ ਤੋਂ ਚਲਦੇ ਰੂੜੀਵਾਦੀ ਰੀਤੀ ਰਿਵਾਜਾਂ, ਫ਼ਜ਼ੂਲ ਖਰਚੀ ਦੀਆਂ ਬੇਲੋੜੀਆਂ ਰਸਮਾਂ ਨੂੰ ਆਪਣੇ ਪਰਿਵਾਰਕ ਅਤੇ ਸਮਾਜਿਕ ਸਮਾਗਮਾਂ 'ਚੋਂ ਪੂਰੀ ਤਰਾਂ ਖਤਮ ਕਰਨ ਅਤੇ ਤਰਕਸ਼ੀਲ ਕਦਰਾਂ ਕੀਮਤਾਂ 'ਤੇ ਅਧਾਰਤ ਇਕ ਲੋਕ ਪੱਖੀ ਸਿਹਤਮੰਦ ਸੱਭਿਆਚਾਰ ਉਸਾਰਨ ਦੀ ਲੋੜ ਤੇ ਜ਼ੋਰ ਦਿੱਤਾ।ਇਸ ਤੋਂ ਪਹਿਲਾਂ ਇਕਾਈ ਦੇ ਜੱਥੇਬੰਦਕ ਮੁਖੀ ਜਸਪਾਲ ਬਾਸਰਕੇ ਅਤੇ ਵਿੱਤ ਮੁਖੀ ਪ੍ਰਿੰਸੀਪਲ ਮੇਲਾ ਰਾਮ ਨੇ ਤਰਕਸ਼ੀਲ ਮੈਂਬਰਾਂ ਦੀ ਸਮਰਪਿਤ ਭਾਵਨਾ ਦੀ ਪ੍ਰਸੰਸਾ ਕਰਦਿਆਂ ਅਜਿਹੀਆਂ ਤਰਕਸ਼ੀਲ ਪਰਿਵਾਰਕ ਮਿਲਣੀਆਂ ਕਰਵਾਉਣ ਅਤੇ ਸਿਹਤਮੰਦ ਵਿਚਾਰਾਂ ਦੇ ਆਦਾਨ ਪ੍ਰਦਾਨ ਨੂੰ ਮੌਜੂਦਾ ਸਮਿਆਂ ਦੀ ਅਹਿਮ ਲੋੜ ਕਰਾਰ ਦਿੱਤਾ ਅਤੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ।ਇਸ ਮੌਕੇ ਤਰਕਸ਼ੀਲ ਆਗੂਆਂ ਐਡਵੋਕੇਟ ਅਮਰਜੀਤ ਬਾਈ, ਦਮਨਜੀਤ ਕੌਰ ਅਤੇ ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਮੌਜੂਦਾ ਸਮਾਜ ਵਿੱਚ ਫੈਲੇ ਅੰਧ ਵਿਸ਼ਵਾਸ ਅਤੇ ਵੇਲਾ ਵਿਹਾ ਚੁੱਕੀਆਂ ਰੂੜੀਵਾਦੀ ਰਸਮਾਂ, ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਪੁਜਾਰੀ ਵਰਗ ਅਤੇ ਪੂੰਜੀਵਾਦੀ ਪੱਖੀ ਸਭਿਆਚਾਰ ਦੀ ਦੇਣ ਹਨ ਅਤੇ ਤਰਕਸ਼ੀਲ ਸੁਸਾਇਟੀ ਨੇ ਪਿਛਲੇ ਦੋ ਦਹਾਕਿਆਂ ਤੋਂ ਡਾਕਟਰੀ ਖੋਜ ਕਾਰਜਾਂ ਲਈ ਮਰਨ ਉਪਰੰਤ ਸੈਂਕੜੇ ਸਰੀਰ ਦਾਨ ਅਤੇ ਲੋੜਵੰਦਾਂ ਲਈ ਅੰਗ ਅਤੇ ਅੱਖਾਂ ਪ੍ਰਦਾਨ ਕਰਨ ਦੇ ਇਲਾਵਾ ਦਾਜ ਦਹੇਜ ਦੀਆਂ ਰੂੜੀਵਾਦੀ ਰਸਮਾਂ ਛੱਡਣ ਦੀ ਲੋਕ ਪੱਖੀ ਲਹਿਰ ਸਥਾਪਤ ਕਰਨ ਵਿਚ ਸਫ਼ਲਤਾ ਹਾਸਿਲ ਕੀਤੀ ਹੈ।

ਇਸ ਮੌਕੇ ਤਰਕਸ਼ੀਲ ਪਰਿਵਾਰਾਂ ਦੇ ਮੈਂਬਰਾਂ ਪੂਨਮ, ਪਿਊਸ਼, ਕਮਲ ਕਿਸ਼ੋਰ, ਹਰਜੀਤ ਕੌਰ, ਆਸ਼ਾ ਰਾਣੀ, ਵੰਦਨਾ, ਨਵਜੀਤ, ਵੀਨਾ, ਸ਼ਮ੍ਹਾ, ਬਲਜੀਤ ਕੌਰ ਤੇ ਖੁਸ਼ਪ੍ਰੀਤ ਕੌਰ ਨੇ ਕਿਹਾ ਕਿ ਤਰਕਸ਼ੀਲ ਸਾਹਿਤ ਨਾਲ ਜੁੜ ਕੇ ਹਾਸਿਲ ਕੀਤੀ ਵਿਗਿਆਨਕ ਚੇਤਨਾ ਦੇ ਨਤੀਜੇ ਵਜੋਂ ਉਹ ਆਪਣੀ ਜ਼ਿੰਦਗੀ ਵਿੱਚੋਂ ਪਾਠ ਪੂਜਾ, ਅਖੌਤੀ ਆਤਮਾ-ਪ੍ਰਮਾਤਮਾ, ਭੂਤਾਂ-ਪ੍ਰੇਤਾਂ, ਜਾਦੂ ਟੂਣਿਆਂ, ਧਾਗੇ ਤਵੀਤਾਂ, ਗ੍ਰਹਿ ਚੱਕਰਾਂ, ਰਾਸ਼ੀਫਲ, ਜਨਮ ਟੇਵਿਆਂ, ਵਾਸਤੂ ਸ਼ਾਸਤਰ, ਕਾਲੇ ਇਲਮ, ਪੁਨਰ ਜਨਮ, ਸਵਰਗ-ਨਰਕ, ਕਿਸਮਤ ਆਦਿ ਦੇ ਅੰਧਵਿਸ਼ਵਾਸਾਂ ਅਤੇ ਕਰਵਾਚੌਥ ਦੀਆਂ ਰੂੜੀਵਾਦੀ ਰਸਮਾਂ ਰਿਵਾਜਾਂ ਨੂੰ ਤਿਆਗ ਦੇਣ ਵਿਚ ਸਫ਼ਲ ਹੋਏ ਹਨ।




# ਆਰ ਐੱਮ ਪੀ ਆਈ ਦੀ ਚੰਡੀਗੜ੍ਹ ਰੈਲੀ 'ਚ ਪਠਾਨਕੋਟ ਤੋਂ ਸੈਂਕੜੇ ਲੋਕ ਸ਼ਾਮਲ ਹੋਣਗੇ : ਕਾਮਰੇਡ ਸ਼ਿਵ

ਪਠਾਨਕੋਟ (ਦਵਿੰਦਰ ਸਿੰਘ)-ਆਰ ਐੱਸ ਐੱਸ ਤੇ ਭਾਜਪਾ ਦੀ ਮੋਦੀ ਸਰਕਾਰ ਦੀਆਂ ਪੰਜਾਬ ਵਿਰੋਧੀ ਸਾਜ਼ਿਸ਼ਾਂ, ਕੇਂਦਰ ਸਰਕਾਰ ਦੇ ਪੰਜਾਬ ਨਾਲ ਕੀਤੇ ਜਾ ਰਹੇ ਧੱਕੇ-ਵਿਤਕਰੇ ਵਿਰੁੱਧ, ਸਮੁੱਚੇ ਦੇਸ਼ ਅੰਦਰ ਫੈਡਰਲ ਢਾਂਚੇ ਦੀ ਕਾਇਮੀ ਲਈ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਅਮਨ ਕਾਨੂੰਨ ਸਮੇਤ ਹਰ ਮੁਹਾਜ਼ 'ਤੇ ਨਖਿੱਧ ਕਾਰਗੁਜ਼ਾਰੀ ਖਿਲਾਫ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਚੰਡੀਗੜ੍ਹ ਵਿਖੇ 26 ਫਰਵਰੀ ਨੂੰ ਵਿਸ਼ਾਲ ਸੂਬਾ ਪੱਧਰੀ ਰੈਲੀ ਵਿੱਚ ਜ਼ਿਲਾ ਪਠਾਨਕੋਟ ਤੋਂ ਵੱਡੀ ਸੰਖਿਆ ਵਿਚ ਲੋਕ ਸ਼ਾਮਲ ਹੋਣਗੇ।

ਚੰਡੀਗੜ੍ਹ ਰੈਲੀ ਦੀ ਤਿਆਰੀ ਸਬੰਧੀ ਵਿਸ਼ੇਸ਼ ਮੀਟਿੰਗ ਵਿੱਚ ਹਾਜ਼ਰ ਕਾਮਰੇਡ ਨੱਥਾ ਸਿੰਘ ਢਡਵਾਲ, ਸ਼ਿਵ ਕੁਮਾਰ, ਹਰਿੰਦਰ ਸਿੰਘ ਰੰਧਾਵਾ, ਮਾਸਟਰ ਸੁਭਾਸ਼ ਸ਼ਰਮਾ ਤੇ ਬਲਵੰਤ ਸਿੰਘ ਘੋਹ ਨੇ ਸਾਂਝੇ ਪ੍ਰੈਸ ਬਿਆਨ ਵਿੱਚ ਕਿਹਾ ਕਿ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵੱਸਿਆ ਚੰਡੀਗੜ੍ਹ ਵੱਖ ਵੱਖ ਸਮੇਂ ਦੀਆਂ ਕੇਂਦਰੀ ਸਰਕਾਰਾਂ ਨੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਨਹੀਂ ਕੀਤਾ, ਨਾ ਹੀ ਪੰਜਾਬੀ ਬੋਲਦੇ ਇਲਾਕੇ ਪੰਜਾਬ ਦੇ ਹਵਾਲੇ ਕੀਤੇ ਜਾ ਰਹੇ ਹਨ ਅਤੇ ਪੰਜਾਬ ਅੰਦਰ ਹੀ ਪੰਜਾਬੀ ਭਾਸ਼ਾ ਨਾਲ ਘੋਰ ਵਿਤਕਰਾ ਲਗਾਤਾਰ ਜਾਰੀ ਹੈ।ਪੰਜਾਬ ਨਾਲ ਸਬੰਧਤ ਇਨ੍ਹਾਂ ਮੱਸਲਿਆਂ ਨੂੰ ਫੌਰੀ ਤੌਰ 'ਤੇ ਹੱਲ ਕਰਨ, ਦਰਿਆਈ ਪਾਣੀਆਂ ਦੀ ਰਿਪੇਰੀਅਨ ਅਸੂਲ ਮੁਤਾਬਕ ਵੰਡ ਕਰਨ, ਪੰਜਾਬ ਸਮੇਤ ਦੇਸ਼ ਭਰ ਵਿਚ ਬਿਨਾਂ ਮੁਕੱਦਮਾ ਜੇਲ੍ਹੀਂ ਡੱਕੇ ਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿਆਸੀ ਕੈਦੀਆਂ ਤੇ ਬੁਧੀਜੀਵੀ ਤਰੁੰਤ ਰਿਹਾਅ ਕਰਨ, ਸੂਬਾਈ ਅਧਿਕਾਰਾਂ ਨੂੰ ਖੋਰਾ ਲਾਉਣਾ ਬੰਦ ਕਰਨ।ਕੇਂਦਰ ਸਰਕਾਰ ਨਾਲ ਸਬੰਧਤ ਉਪਰੋਕਤ ਮੰਗਾਂ ਦੇ ਨਾਲ ਨਾਲ ਪੰਜਾਬ ਅੰਦਰ ਬਦਲਾਅ ਦੇ ਨਾਅਰੇ ਹੇਠ ਆਈ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਚੋਣ ਵਾਅਦਿਆਂ ਨੂੰ ਪੂਰਾ ਕਰਨ 'ਚ ਅਸਫਲ ਰਹਿਣ ਅਤੇ ਉਲਟਾ ਮਜ਼ਦੂਰਾਂ ਕਿਸਾਨਾਂ ਤੇ ਮੁਲਾਜ਼ਮਾਂ ਨਾਲ ਗੱਲਬਾਤ ਕਰਨ ਤੋਂ ਵੀ ਭੱਜ ਰਹੀ ਹੈ, ਪੰਜਾਬ ਅੰਦਰ ਹਕੂਮਤੀ ਥਾਪੜੇ ਨਾਲ ਵੱਧ ਰਹੇ ਨਸ਼ਾ ਕਾਰੋਬਾਰ, ਅਪਰਾਧਾਂ ਤੇ ਮਾਫੀਆ ਲੁੱਟ, ਧੁਰ ਹੇਠਾਂ ਪੱਸਰੇ ਭਰਿਸ਼ਟਾਚਾਰ, ਫਜ਼ੂਲ ਖਰਚੀ ਤੇ ਪੁਲਸ ਅੱਤਿਆਚਾਰ ਖਿਲਾਫ ਆਵਾਜ਼ ਨੂੰ ਬੁਲੰਦ ਕਰਨ ਹਿੱਤ 26 ਫਰਵਰੀ 2026 ਚੰਡੀਗੜ੍ਹ ਰੈਲੀ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ।ਇਸ ਮੌਕੇ ਉਪਰੋਕਤ ਇਲਾਵਾ ਸਕੱਤਰ ਸਿੰਘ, ਰਣਜੋਧ ਸਿੰਘ, ਜਨਕ ਰਾਜ, ਅਵਤਾਰ ਸਿੰਘ, ਗੁਰਦਰਸ਼ਨ ਸਿੰਘ ਤੇ ਹੋਰ ਸਾਥੀ ਹਾਜ਼ਰ ਸਨ।



# ਮੇਰੀ ਰਸੋਈ ਯੋਜਨਾ ਦਾ ਵਿਸਥਾਰ: ਹੁਣ ਕਣਕ ਨਾਲ ਮਿਲਣਗੀਆਂ 5 ਵਾਧੂ ਵਸਤਾਂ : ਕਟਾਰੂ ਚੱਕ

ਪਠਾਨਕੋਟ (ਦਵਿੰਦਰ ਸਿੰਘ)-ਮੰਤਰੀ ਲਾਲ ਚੰਦ ਕਟਾਰੂਚੱਕ ਨੇ ਜਨਹਿਤਕਾਰੀ ਫੈਸਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਦਿਲੋਂ ਧੰਨਵਾਦ ਕੀਤਾ ਹੈ।ਰਾਜ ਦੇ ਲੋੜਵੰਦ ਪਰਿਵਾਰਾਂ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਸਰਕਾਰ ਨੇ 'ਮੇਰੀ ਰਸੋਈ ਯੋਜਨਾ' ਤਹਿਤ ਦਿੱਤੇ ਜਾਣ ਵਾਲੇ ਰਾਸ਼ਨ ਵਿੱਚ ਮਹੱਤਵਪੂਰਨ ਵਿਸਥਾਰ ਕੀਤਾ ਹੈ।

ਹੁਣ ਲਾਭਪਾਤਰੀਆਂ ਨੂੰ ਗੇਂਹੂ (ਕਣਕ) ਦੇ ਨਾਲ ਨਾਲ ਪੰਜ ਹੋਰ ਜ਼ਰੂਰੀ ਖਾਧ ਪਦਾਰਥ ਵੀ ਪ੍ਰਦਾਨ ਕੀਤੇ ਜਾਣਗੇ, ਜਿਸ ਨਾਲ ਮਹਿੰਗਾਈ ਦੇ ਇਸ ਦੌਰ ਵਿੱਚ ਘਰੇਲੂ ਰਸੋਈ ਦਾ ਖਰਚ ਘਟੇਗਾ ਅਤੇ ਪੋਸ਼ਣ ਪੱਧਰ ਵਿੱਚ ਵੀ ਸੁਧਾਰ ਆਵੇਗਾ।ਮੰਤਰੀ ਨੇ ਕਿਹਾ ਕਿ ਇਹ ਕਦਮ ਆਮ ਲੋਕਾਂ, ਖ਼ਾਸ ਕਰਕੇ ਲੋੜਵੰਦ ਪਰਿਵਾਰਾਂ ਦੀ ਰਸੋਈ ਨੂੰ ਮਜ਼ਬੂਤ ਕਰਨ ਅਤੇ ਮਹਿੰਗਾਈ ਤੋਂ ਰਾਹਤ ਦੇਣ ਵੱਲ ਇਕ ਇਤਿਹਾਸਕ ਫੈਸਲਾ ਹੈ।ਇਸ ਯੋਜਨਾ ਨਾਲ ਰਾਜ ਦੇ ਕਰੀਬ 40 ਲੱਖ ਪਰਿਵਾਰਾਂ ਨੂੰ ਸਿੱਧਾ ਲਾਭ ਮਿਲਣ ਦਾ ਅੰਦਾਜ਼ਾ ਹੈ।ਸਰਕਾਰ ਦਾ ਉਦੇਸ਼ ਹੈ ਕਿ ਗਰੀਬ ਅਤੇ ਲੋੜਵੰਦ ਵਰਗਾਂ ਨੂੰ ਕੇਵਲ ਅਨਾਜ ਹੀ ਨਹੀਂ, ਸਗੋਂ ਰੋਜ਼ਾਨਾ ਦੀ ਲੋੜੀਂਦੀ ਖਾਦ ਸਮੱਗਰੀ ਵੀ ਯਕੀਨੀ ਬਣਾਈ ਜਾਵੇ।ਮੇਰੀ ਰਸੋਈ ਯੋਜਨਾ ਅਧੀਨ ਹੁਣ ਲਾਭਪਾਤਰੀਆਂ ਨੂੰ ਕਣਕ ਦੇ ਨਾਲ 2 ਕਿਲੋਗ੍ਰਾਮ ਚੀਨੀ, 2 ਕਿਲੋਗ੍ਰਾਮ ਚਨੇ ਦੀ ਦਾਲ, 1 ਕਿਲੋਗ੍ਰਾਮ ਨਮਕ, 200 ਗ੍ਰਾਮ ਹਲਦੀ ਅਤੇ 1 ਲੀਟਰ ਸਰੋਂ ਦਾ ਤੇਲ ਦਿੱਤਾ ਜਾਵੇਗਾ।ਇਨ੍ਹਾਂ ਵਸਤਾਂ ਨੂੰ ਸ਼ਾਮਲ ਕਰਨ ਦਾ ਮਕਸਦ ਰਸੋਈ ਦੀਆਂ ਬੁਨਿਆਦੀ ਲੋੜਾਂ ਨੂੰ ਇੱਕ ਹੀ ਯੋਜਨਾ ਤਹਿਤ ਪੂਰਾ ਕਰਨਾ ਹੈ।ਖਾਦ ਅਤੇ ਸਪਲਾਈ ਵਿਭਾਗ ਨੇ ਸਾਲ ਭਰ ਵੰਡ ਪ੍ਰਕਿਰਿਆ ਨੂੰ ਸੁਚਾਰੂ ਰੱਖਣ ਲਈ ਇਸਨੂੰ ਚਾਰ ਸਰਕਲਾਂ ਵਿੱਚ ਵੰਡਿਆ ਹੈ।ਇਸ ਚਰਨਬੱਧ ਪ੍ਰਣਾਲੀ ਨਾਲ ਵੰਡ ਵਿੱਚ ਪਾਰਦਰਸ਼ਤਾ ਅਤੇ ਨਿਯਮਿਤਤਾ ਯਕੀਨੀ ਬਣਾਈ ਜਾਵੇਗੀ।ਯੋਜਨਾ ਅਧੀਨ ਜ਼ਰੂਰੀ ਖਾਦ ਸਮੱਗਰੀ ਦੀ ਖਰੀਦ ਦੀ ਜ਼ਿੰਮੇਵਾਰੀ ਮਾਰਕਫੈੱਡ ਨੂੰ ਸੌਂਪੀ ਗਈ ਹੈ।

ਸਰਕਾਰ ਨੇ ਫੇਅਰ ਪ੍ਰਾਈਸ ਸ਼ਾਪ (ਡਿਪੋ) ਚਲਾਉਣ ਵਾਲਿਆਂ ਨੂੰ ਰਾਹਤ ਦਿੰਦਿਆਂ ਉਨ੍ਹਾਂ ਦਾ ਮਾਰਜਿਨ 45 ਪੈਸੇ ਪ੍ਰਤੀ ਕਿਲੋਗ੍ਰਾਮ ਕਰ ਦਿੱਤਾ ਹੈ।ਇਸ ਨਾਲ ਡਿਪੋ ਹੋਲਡਰਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਵੰਡ ਪ੍ਰਣਾਲੀ ਹੋਰ ਮਜ਼ਬੂਤ ਹੋਵੇਗੀ।ਉਨ੍ਹਾਂ ਨੇ ਕਿਹਾ ਕਿ ਰਾਜ ਸਰਕਾਰ ਦਾ ਲਕਸ਼ ਹੈ ਕਿ ਕੋਈ ਵੀ ਪਰਿਵਾਰ ਮਹਿੰਗਾਈ ਕਾਰਨ ਜ਼ਰੂਰੀ ਖਾਧ ਸਮੱਗਰੀ ਤੋਂ ਵਾਂਝਾ ਨਾ ਰਹੇ ਅਤੇ ਇਹ ਫੈਸਲਾ ਉਸੇ ਦਿਸ਼ਾ ਵੱਲ ਇਕ ਠੋਸ ਕਦਮ ਹੈ।ਸਰਕਾਰ ਦਾ ਮੰਨਣਾ ਹੈ ਕਿ ਇਸ ਵਿਸਥਾਰਤ ਯੋਜਨਾ ਨਾਲ ਨਾ ਸਿਰਫ਼ ਖਾਦ ਸੁਰੱਖਿਆ ਮਜ਼ਬੂਤ ਹੋਵੇਗੀ ਸਗੋਂ ਗਰੀਬ ਪਰਿਵਾਰਾਂ ਦੇ ਮਹੀਨਾਵਾਰ ਖਰਚ ਵਿੱਚ ਕਮੀ ਆਵੇਗੀ ਅਤੇ ਪੋਸ਼ਣ ਸੰਤੁਲਨ ਵੀ ਬਿਹਤਰ ਹੋਵੇਗਾ।



# ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ 136ਵੇਂ ਸਥਾਪਨਾ ਦਿਵਸ 'ਤੇ ਧਾਰਮਿਕ ਸਮਾਗਮ ਕਰਵਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਖਾਲਸਾ ਕਾਲਜ ਗਵਰਨਿੰਗ ਕੌਂਸਲ ਹਮੇਸ਼ਾ ਤੋਂ ਹੀ ਸਿੱਖਿਆ ਦੇ ਨਾਲ-ਨਾਲ ਨੈਤਿਕ ਅਤੇ ਧਾਰਮਿਕ ਮੁੱਲਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਰਹੀ ਹੈ। 22 ਫਰਵਰੀ ਸਥਾਪਿਤ ਕੀਤੀ ਗਈ ਇਹ ਮਹਾਨ ਸੰਸਥਾ ਸਿਰਫ਼ ਇਕ ਸਿੱਖਿਆ ਸੰਸਥਾ ਹੀ ਨਹੀਂ, ਸਗੋਂ ਇਕ ਅਜਿਹਾ ਅੰਦੋਲਨ ਹੈ ਜਿਸ ਨੇ ਪੰਜਾਬ 'ਚ ਆਧੁਨਿਕ ਵਿੱਦਿਆ ਦੇ ਪ੍ਰਸਾਰ 'ਚ ਅਹਿਮ ਭੂਮਿਕਾ ਨਿਭਾਈ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਖਾਲਸਾ ਯੂਨੀਵਰਸਿਟੀ ਦੇ ਚਾਂਸਲਰ ਅਤੇ ਕੌਂਸਲ ਦੇ ਪ੍ਰਧਾਨ ਸ: ਸੱਤਿਆਜੀਤ ਸਿੰਘ ਮਜੀਠੀਆ ਨੇ ਕਾਲਜ ਕੈਂਪਸ ਸਥਿਤ ਗੁਰਦੁਆਰਾ ਸਾਹਿਬ ਵਿਖੇ ਖਾਲਸਾ ਕਾਲਜ ਚੈਰੀਟੇਬਲ ਸੋਸਾਇਟੀ ਦੇ 136ਵੇਂ ਸਥਾਪਨਾ ਦਿਵਸ ਦੇ ਸਬੰਧ 'ਚ ਕਰਵਾਏ ਗਏ ਧਾਰਮਿਕ ਸਮਾਗਮ ਉਪਰੰਤ ਕੀਤਾ। ਪ੍ਰੋ-ਚਾਂਸਲਰ ਅਤੇ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਗਵਰਨਿੰਗ ਕੌਂਸਲ ਦੇ ਇਤਿਹਾਸ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸੁਸਾਇਟੀ ਅਧੀਨ ਚੱਲ ਰਹੀਆਂ ਸੰਸਥਾਵਾਂ ਨੇ ਦੇਸ਼ ਅਤੇ ਵਿਦੇਸ਼ 'ਚ ਆਪਣਾ ਵਿਲੱਖਣ ਮੁਕਾਮ ਬਣਾਇਆ ਹੈ ਅਤੇ ਇੱਥੋਂ ਹਜ਼ਾਰਾਂ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਕੇ ਵੱਖ-ਵੱਖ ਖੇਤਰਾਂ 'ਚ ਮਹੱਤਵਪੂਰਨ ਅਹੁਦਿਆਂ 'ਤੇ ਸੇਵਾ ਨਿਭਾਉਂਦਿਆਂ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ। ਉਪ ਕੁਲਪਤੀ ਡਾ. ਮਹਿਲ ਸਿੰਘ ਅਤੇ ਸਿੱਖ ਇਤਿਹਾਸ ਵਿਦਵਾਨ ਅਤੇ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਸਾਂਝੇ ਤੌਰ 'ਤੇ ਕਿਹਾ ਕਿ ਉਕਤ ਸਥਾਪਨਾ ਦਿਵਸ ਦੇ ਇਸ ਯਾਦਗਾਰ ਪਲ ਨੇ ਇਹ ਸਾਬਤ ਕਰ ਦਿੱਤਾ ਕਿ ਖਾਲਸਾ ਕਾਲਜ ਚੈਰੀਟੇਬਲ ਸੋਸਾਇਟੀ ਸਿੱਖਿਆ, ਸੰਸਕਾਰ ਅਤੇ ਸੇਵਾ ਦੀ ਪ੍ਰਤੀਕ ਸੰਸਥਾ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਰੌਸ਼ਨ ਭਵਿੱਖ ਵੱਲ ਪ੍ਰੇਰਿਤ ਕਰਦੀ ਸੀ, ਕਰਦੀ ਹੈ ਅਤੇ ਕਰਦੀ ਰਹੇਗੀ। ਇਸ ਮੌਕੇ ਸ: ਮਜੀਠੀਆ ਨੇ ਸ: ਛੀਨਾ, ਡਾ. ਮਹਿਲ ਸਿੰਘ ਅਤੇ ਡਾ. ਗੋਗੋਆਣੀ ਨਾਲ ਮਿਲਕੇ ਭਾਈ ਸਾਹਿਬ ਭਾਈ ਗੁਰਮੇਜ ਨੂੰ 'ਕੌਮ ਦਾ ਮਾਣ' ਸਨਮਾਨ ਪੱਤਰ ਨਾਲ ਨਿਵਾਜਿਆ। ਇਸ ਮੌਕੇ 'ਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ, ਅਕਾਦਮਿਕ ਮਾਮਲੇ ਡੀਨ ਡਾ. ਸੁਰਿੰਦਰ ਕੌਰ, ਰਿਸਰਚ ਡੀਨ ਡਾ. ਆਰ. ਕੇ. ਧਵਨ, ਐਗਜ਼ਾਮੀਨੇਸ਼ਨ ਕੰਟਰੋਲਰ ਡਾ. ਕੰਵਲਜੀਤ ਸਿੰਘ, ਕੌਂਸਲ ਦੇ ਵਧੀਕ ਆਨਰੇਰੀ ਸਕੱਤਰ ਡਾ. ਦਲਬੀਰ ਸਿੰਘ ਘੁੰਮਣ, ਜੁਆਇੰਟ ਸਕੱਤਰ ਸ: ਗੁਨਬੀਰ ਸਿੰਘ, ਸੰਤੋਖ ਸਿੰਘ ਸੇਠੀ, ਪਰਮਜੀਤ ਸਿੰਘ ਬੱਲ, ਲਖਵਿੰਦਰ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਗਿੱਲ, ਮੈਂਬਰ ਡਾ. ਸੁਖਬੀਰ ਕੌਰ ਮਾਹਲ, ਕਰਮਜੀਤ ਸਿੰਘ ਭੱਟੀ, ਗੁਰਮੀਤ ਸਿੰਘ ਭੱਟੀ, ਡਾ. ਰਮਿੰਦਰ ਕੌਰ, ਸਰਬਜੀਤ ਸਿੰਘ ਹੁਸ਼ਿਆਰ ਨਗਰ, ਤਜਿੰਦਰਪਾਲ ਸਿੰਘ ਸੰਧੂ, ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਪ੍ਰਿੰ. ਡਾ. ਮਨਦੀਪ ਕੌਰ, ਡਾਇਰੈਕਟਰ-ਕਮ-ਪ੍ਰਿੰਸੀਪਲ ਡਾ. ਜਸਪਾਲ ਸਿੰਘ, ਪ੍ਰਿੰ. ਡਾ. ਹਰੀਸ਼ ਕੁਮਾਰ ਵਰਮਾ, ਪ੍ਰਿੰ. ਗੁਰਦੇਵ ਸਿੰਘ, ਪ੍ਰਿੰ. ਡਾ. ਹਰੀਸ਼ ਕੁਮਾਰੀ, ਪ੍ਰਿੰ. ਡਾ. ਅਮਨਪ੍ਰੀਤ ਕੌਰ, ਡਾਇਰੈਕਟਰ ਡਾ. ਮੰਜੂ ਬਾਲਾ, ਪ੍ਰਿੰ. ਡਾ. ਲਕਸ਼ਮੀ ਮਲਹੋਤਰਾ, ਪ੍ਰਿੰ. ਪੁਨੀਤ ਕੌਰ ਨਾਗਪਾਲ, ਪ੍ਰਿੰ. ਅਮਰਜੀਤ ਸਿੰਘ ਗਿੱਲ, ਪ੍ਰਿੰ. ਨਿਰਮਲਜੀਤ ਕੌਰ ਗਿੱਲ, ਪ੍ਰਿੰ. ਪਰਮਜੀਤ ਸਿੰਘ, ਪ੍ਰਿੰ. ਗੁਰਿੰਦਰਜੀਤ ਕੌਰ ਕੰਬੋਜ ਹਾਜ਼ਰ ਸਨ।



# 'ਹੌਲੀਡੇਅ ਬ੍ਰਾਈਡ ਤੇ 'ਦੀਪ ਦੀ ਮੀਤ' ਲੋਕ ਅਰਪਣ

ਝਬਾਲ (ਹਰਜਿੰਦਰ ਸਿੰਘ ਸੋਨੀ)-ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰਕ ਕੇਂਦਰ ਤਰਨਤਾਰਨ ਵੱਲੋਂ ਭਾਈ ਮੋਹਨ ਸਿੰਘ ਵੈਦ ਯਾਦਗਾਰੀ ਲਾਇਬ੍ਰੇਰੀ ਤਰਨ ਤਾਰਨ ਵਿਖੇ ਬਲਬੀਰ ਸਿੰਘ ਭੈਲ ਦੀ ਪ੍ਰਧਾਨਗੀ ਹੇਠ ਇੱਕ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਉੱਘੇ ਸਾਹਿਤਕਾਰ ਨਰਿੰਦਰ ਸਿੰਘ ਪੰਨੂ ਦੀਆਂ ਦੋ ਕਿਤਾਬਾਂ 'ਹੌਲੀਡੇਅ ਬ੍ਰਾਈਡ' ਅਤੇ 'ਦੀਪ ਦੀ ਮੀਤ' ਲੋਕ ਅਰਪਣ ਕੀਤੀਆਂ ਗਈਆਂ।ਕਿਤਾਬਾਂ 'ਤੇ ਜਸਵਿੰਦਰ ਸਿੰਘ ਢਿੱਲੋਂ ਅਤੇ ਮੰਗਲ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਤੋਂ ਬਾਅਦ ਕਵੀ ਦਰਬਾਰ ਹੋਇਆ ਜਿਸ ਵਿੱਚ ਮੱਖਣ ਸਿੰਘ ਭੈਣੀਵਾਲ, ਗੁਰਮੀਤ ਸਿੰਘ ਨੂਰਦੀ, ਬਲਬੀਰ ਸਿੰਘ ਬੇਲੀ, ਬਲਬੀਰ ਸਿੰਘ ਲਹਿਰੀ ਮੀਆਂਪੁਰ, ਜਸਬੀਰ ਸਿੰਘ, ਜੋਬਨਜੀਤ ਸਿੰਘ ਫ਼ਤਿਹ ਚੱਕ, ਸੁਖਵਿੰਦਰ ਸਿੰਘ ਖਾਰਾ, ਅਵਤਾਰ ਸਿੰਘ ਗੋਇੰਦਵਾਲ, ਦੀਦਾਰ ਸਿੰਘ, ਬਲਬੀਰ ਸਿੰਘ ਭੈਲ, ਗੁਰਿੰਦਰ ਪਾਲ ਸਿੰਘ, ਸਕੱਤਰ ਸਿੰਘ ਤੇਜਾ ਸਿੰਘ ਵਾਲਾ, ਕੰਵਲਜੀਤ ਸਿੰਘ ਢਿੱਲੋਂ, ਰਮੇਸ਼ ਕੁਮਾਰ ਜਾਨੂ, ਵਿਜੈ ਕੁਮਾਰ ਅਗਨੀਹੋਤਰੀ, ਧਰਮਿੰਦਰ ਸਿੰਘ ਔਲਖ, ਸ਼ੁਕਰਗੁਜ਼ਾਰ ਸਿੰਘ, ਪ੍ਰੇਮ ਸਿੰਘ ਪੰਡੋਰੀ ਗੋਲਾ, ਜਸਵਿੰਦਰ ਸਿੰਘ ਚਾਹਲ, ਕੰਵਲਜੀਤ ਕੌਰ ਢਿੱਲੋਂ, ਰਕੇਸ਼ ਸੱਚਦੇਵਾ, ਜਸਵਿੰਦਰ ਸਿੰਘ, ਦਿਲਜੀਤ ਸਿੰਘ, ਨਛੱਤਰ ਸਿੰਘ, ਕਰਮ ਸਿੰਘ ਮਾਹਲਾ, ਵਿਜੇ ਕੁਮਾਰ ਵਾਹੀ ਨੇ ਕਵਿਤਾਵਾਂ ਪੇਸ਼ ਕੀਤੀਆਂ।ਸਭਾ ਵੱਲੋਂ ਨਰਿੰਦਰ ਸਿੰਘ ਪੰਨੂੰ ਨੂੰ ਯਾਦਗਾਰੀ ਚਿੰਨ੍ਹ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਨਰਿੰਦਰ ਸਿੰਘ ਪੰਨੂੰ ਨੇ ਆਪਣੀਆਂ ਕਿਤਾਬਾਂ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ।ਸਟੇਜ ਦੀ ਸੇਵਾ ਕੰਵਲਜੀਤ ਸਿੰਘ ਢਿੱਲੋਂ ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰਕ ਕੇਂਦਰ ਤਰਨ ਤਾਰਨ ਨੇ ਨਿਭਾਈ।ਅੰਤ ਵਿੱਚ ਭਾਈ ਮੋਹਣ ਸਿੰਘ ਯਾਦਗਾਰੀ ਲਾਇਬਰੇਰੀ ਦੇ ਦੀਦਾਰ ਸਿੰਘ ਲਾਇਬਰੇਰੀਅਨ ਨੇ ਸਾਰੇ ਸਾਹਿਤਕਾਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।



24-Feb-PAGE-12.qxd 2/23/2026 10:53 PM Page 1



## ਵਰ੍ਹੇਗੰਢ ਮੁਬਾਰਕ



ਹਰਦੀਪ ਸਿੰਘ ਤੇ ਕੰਵਲਜੀਤ ਕੌਰ ਵਾਸੀ ਗੁਰਦਾਸਪੁਰ ਨੇ ਆਪਣੇ ਵਿਆਹ ਦੀ 16ਵਰ੍ਹੇਗੰਢ ਮਨਾਈ



ਕਰਮਜੀਤ ਸਿੰਘ ਤੇ ਇੰਦੂ ਬਾਲਾ ਵਾਸੀ ਗੁਰਦਾਸਪੁਰ ਨੇ ਵਿਆਹ ਦੀ 15ਵੀਂ ਵਰ੍ਹੇਗੰਢ ਮਨਾਈ

## ਸ਼ਹਿਨਾਈਆਂ



ਹਰਜੋਤ ਸਿੰਘ ਪੁੱਤਰ ਤਰਸੇਮ ਸਿੰਘ ਅਸ਼ੋਕ ਨਗਰ ਜਲੰਧਰ ਨਵਨੀਤ ਕੌਰ ਪੁੱਤਰੀ ਨਿਰਮਲ ਸਿੰਘ ਵਾਸੀ ਨਾਮਧਾਰੀ ਕਲੋਨੀ ਰਮੇਸ਼ ਨਗਰ ਦਿੱਲੀ ਨਾਲ ਵਿਆਹ ਬੰਧਨ ਵਿੱਚ ਬੱਝੇ

# ਪਿੰਡ ਸੜੋਆ 'ਚ ਇੱਕੋ ਰਾਤ ਚਾਰ ਥਾਈਂ ਚੋਰੀਆਂ

**ਪੋਜੇਵਾਲ (ਰਾਮ ਲਾਲ)**-ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਅਧੀਨ ਪੈਂਦੇ ਪਿੰਡ ਸੜੋਆ ਵਿਖੇ ਇੱਕੋ ਰਾਤ ਦੇ ਵਿੱਚ ਚਾਰ ਚੋਰੀਆਂ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਰਾਮਪਾਲ ਸੰਨਣ ਪੁੱਤਰ ਧਰਮਪਾਲ ਸਨਨ ਦੇ ਪਰਵਾਰ ਨੇ ਦੱਸਿਆ ਕਿ ਕਰੀਬ ਢਾਈ ਤਿੰਨ ਵਜੇ ਦੇ ਕਰੀਬ ਚੋਰ ਘਰ ਵਿੱਚ ਦਾਖਲ ਹੋਏ ਜਿਨਾਂ ਨੇ ਕੱਪੜਿਆਂ ਵਾਲੀ ਅਲਮਾਰੀਆਂ ਦੇ ਲਾਕ ਤੋੜ ਕੇ ਤੇ ਨਾਲ ਦੇ ਕਮਰੇ ਵਿੱਚ ਨਕਦੀ ,ਕੀਮਤੀ ਗਹਿਣੇ ਤੇ ਹੋਰ ਸਮਾਨ ਚੋਰੀ ਕਰ ਲਿਆ। ਉਨਾਂ ਇਹ ਵੀ ਦੱਸਿਆ ਕਿ ਇੱਕ ਪਰਸ ਵਿੱਚ ਕਾਫੀ ਸਾਰੇ ਪੈਸੇ ਜਠੇਰਿਆਂ ਦੇ ਰੱਖੇ ਹੋਏ ਸਨ ਚੋਰ ਉਹ ਵੀ ਕੇ ਲੈ ਗਏ। ਇਸੇ ਤਰਾਂ ਪੁਰਾਣੀ ਬੈਂਕ ਦੇ ਕੋਲ ਸਦੀਆਂ ਪੁਰਾਣਾ ਮਾਤਾ ਦਾ ਮੰਦਰ ਜਿਸ ਵਿੱਚ ਗੋਲਕ ਦੀ ਤੋੜ ਭੰਨ ਕਰਕੇ ਪੈਸੇ ਕੱਢ ਲਏ ਗਏ ਹਨ। ਸੰਨਣ ਜਠੇਰਿਆਂ ਵਿੱਚ ਵੀ ਗੋਲਕ ਦੀ ਭੰਨ ਤੋੜ ਕੀਤੀ ਗਈ ਹੈ। ਕੈਮਰੇ ਵੀ ਤੋੜ ਕੇ ਪੰਛੀ ਦੇ ਉੱਪਰ ਰੱਖ ਦਿੱਤੇ ਗਏ।ਇਸੇ ਤਰ੍ਹਾਂ ਹੀ ਇੱਕ ਹੋਰ ਸ਼ਹੀਦਾਂ ਦੀ ਜਗਾਹ ਤੇ ਗੋਲਕ ਦੀ ਭੰਨ ਤੋੜ ਕਰਕੇ ਪੈਸੇ ਕੱਢ ਲਏ ਗਏ ਹਨ। ਇੱਕੋ ਰਾਤ ਦੇ ਵਿੱਚ ਕਸਬਾ ਸੜੋਆ ਦੇ ਵਿੱਚ ਚੋਰਾਂ ਵੱਲੋਂ ਚਾਰ ਜਗ੍ਹਾ ਤੇ ਜਾ ਕੇ ਚੋਰੀਆਂ ਕਰਨ ਦੇ ਨਾਲ ਇਲਾਕੇ ਦੇ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਮੌਕੇ ਤੇ ਪਹੁੰਚ ਕੇ ਪੁਲਿਸ ਚੌਂਕੀ ਸੜੋਆ ਦੇ ਇੰਚਾਰਜ ਗਗਨਦੀਪ ਸਿੰਘ ਤੇ ਹੌਲਦਾਰ ਜਸਵਿੰਦਰ ਸਿੰਘ ਵੱਲੋਂ ਚੋਰੀ ਦੀਆਂ ਵਾਰਦਾਤਾਂ ਸਬੰਧੀ ਬਰੀਕੀ ਨਾਲ ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ ਤਾਂ ਜੋ ਚੋਰਾਂ ਨੂੰ ਜਲਦੀ ਤੋਂ ਜਲਦੀ ਫੜਿਆ ਜਾ ਸਕੇ।

# ਰਾਜਪਾਲ ਗੁਲਾਬ ਚੰਦ ਕਟਾਰੀਆ ਗੁਰਦੁਆਰਾ ਪੰਜ ਪਿਆਰਾ ਸਾਹਿਬ ਵਿਖੇ ਹੋਏ ਨਤਮਸਤਕ



**ਹੁਸ਼ਿਆਰਪੁਰ, (ਓ ਪੀ ਰਾਣਾ,ਬਲਬੀਰ ਸਿੰਘ ਸੈਣੀ)**-ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਜ਼ਿਲ੍ਹੇ ਵਿੱਚ ਨਸ਼ਾ ਵਿਰੋਧੀ ਮੁਹਿਮ ਦੀ ਸ਼ੁਰੂਆਤ ਤੋਂ ਪਹਿਲਾਂ ਹੁਸ਼ਿਆਰਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਨੇ ਪਿੰਡ ਨੰਗਲ ਸ਼ਹੀਦਾਂ ਵਿਖੇ ਗੁਰਦੁਆਰਾ ਪੰਜ ਪਿਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਸੂਬੇ ਦੀ ਸ਼ਾਂਤੀ, ਖੁਸ਼ਹਾਲੀ ਅਤੇ ਨਸ਼ਾ ਮੁਕਤ ਸਮਾਜ ਲਈ ਅਰਦਾਸ ਕੀਤੀ।ਹੁਸ਼ਿਆਰਪੁਰ ਪਹੁੰਚਣ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਜਪਾਲ ਦਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਜ਼ਿਲ੍ਹੇ ਵਿੱਚ ਚੱਲ ਰਹੀਆਂ ਨਸ਼ਾ ਵਿਰੋਧੀ ਮੁਹਿਮ ਨਾਲ ਸੰਬੰਧਿਤ ਤਿਆਰੀਆਂ ਬਾਰੇ ਜਾਣਕਾਰੀ ਦਿੱਤੀ ਗਈ।ਰਾਜਪਾਲ ਨੇ ਕਿਹਾ ਕਿ ਸਮਾਜ ਨੂੰ ਨਸ਼ਿਆਂ ਵਰਗੀ ਗੰਭੀਰ ਸਮੱਸਿਆ ਤੋਂ ਮੁਕਤ ਕਰਨ ਲਈ ਸਾਂਝੇ ਉੱਦਮ ਬਹੁਤ ਜ਼ਰੂਰੀ ਹਨ। ਜ਼ਿਕਰਯੋਗ ਹੈ ਕਿ 24 ਫ਼ਰਵਰੀ ਨੂੰ ਡੀ ਏ ਵੀ ਕਾਲਜ ਆਫ ਐਜੂਕੇਸ਼ਨ ਹੁਸ਼ਿਆਰਪੁਰ ਤੋਂ ਵਾਕ ਅਗੇਂਸਟ ਡਰੱਗਜ਼ ਪਦਯਾਤਰਾ ਦੀ ਸ਼ੁਰੂਆਤ ਕਰਨਗੇ।ਇਸ ਮੌਕੇ ਰਾਜਪਾਲ ਦੇ ਪ੍ਰਮੁੱਖ ਸਕੱਤਰ ਵਿਵੇਕ ਪ੍ਰਤਾਪ ਸਿੰਘ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ, ਐੱਸ ਡੀ ਐੱਮ ਗੁਰਸਿਮਰਨਜੀਤ ਕੌਰ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਵੀ ਹਾਜ਼ਰ ਸਨ।

# ਭੋਗ 'ਤੇ ਵਿਸ਼ੇਸ਼: ਕਾਮਰੇਡ ਅਮਰਜੀਤ ਸਿੰਘ ਜਟਾਣਾ ਨੂੰ ਯਾਦ ਕਰਦਿਆਂ



ਅਮਰਜੀਤ ਸਿੰਘ ਜਟਾਣਾ ਸਿਰਫ ਇੱਕ ਟਰੇਡ ਯੂਨੀਅਨ ਆਗੂ ਨਹੀਂ ਸਨ, ਉਹ ਮਜ਼ਦੂਰ ਵਰਗ ਦੀ ਆਵਾਜ਼ ਸਨ, ਸੰਘਰਸ਼ ਦੀ ਮਿਸਾਲ ਸਨ ਅਤੇ ਇਨਸਾਫ਼ ਲਈ ਅਡਿੱਗ ਖੜ੍ਹੇ ਰਹਿਣ ਵਾਲੇ ਸੂਰਮੇ ਸਨ।ਕਾਮਰੇਡ ਅਮਰਜੀਤ ਸਿੰਘ ਜਟਾਣਾ ਦਾ ਜਨਮ 6 ਜੂਨ 1944 ਨੂੰ ਹੋਇਆ। ਉਹ ਸਿਹਤ ਵਿਭਾਗ ਦੇ ਮੁਲਾਜ਼ਮਾਂ ਦੇ ਪ੍ਰਧਾਨ ਰਹੇ ਅਤੇ ਕਰਮਚਾਰੀਆਂ ਦੇ ਆਗੂ । ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ ਸਨ ਅਤੇ ਇਲਾਕੇ ਵਿੱਚ ਲੋਕ ਹਿੱਤ ਮੁੱਦਿਆਂ ਲਈ ਸਰਗਰਮ ਰਹੇ। ਕਾਮਰੇਡ ਜਟਾਣਾ ਨੇ ਨਗਰ ਕੌਂਸਲ ਵਿੱਚ ਵੀ ਪ੍ਰਧਾਨ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ ਤੇ ਲੋਕ ਸੇਵਾ ਦਾ ਬੇਦਾਗ਼ ਜੀਵਨ ਬਤੀਤ ਕੀਤਾ।

ਕਾਮਰੇਡ ਜਟਾਣਾ ਨੇ ਆਪਣੀ ਪੂਰੀ ਜ਼ਿੰਦਗੀ ਮਿਹਨਤਕਸ਼ ਲੋਕਾਂ ਦੇ ਹੱਕਾਂ ਲਈ ਸਮਰਪਿਤ ਕੀਤੀ। ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀਆਂ ਤਕਲੀਫ਼ਾਂ ਹੋਣ, ਠੇਕੇਦਾਰੀ ਪ੍ਰਣਾਲੀ ਦਾ ਸ਼ੋਸ਼ਣ ਹੋਵੇ ਜਾਂ ਘੱਟ ਤਨਖਾਹਾਂ ਦਾ ਮਸਲਾ, ਉਹ ਹਰ ਮੋਰਚੇ 'ਤੇ ਡਟ ਕੇ ਖੜ੍ਹੇ ਰਹੇ। ਉਹਨਾਂ ਨੇ ਸਾਨੂੰ ਸਿਖਾਇਆ ਕਿ ਹੱਕ ਮੰਗਣ ਨਾਲ ਨਹੀਂ, ਸੰਘਰਸ਼ ਨਾਲ ਮਿਲਦੇ ਹਨ।ਉਹ ਸਿਰਫ ਮੰਚਾਂ 'ਤੇ ਬੋਲਣ ਵਾਲੇ ਨੇਤਾ ਨਹੀਂ ਸਨ, ਉਹ ਮਜ਼ਦੂਰਾਂ ਦੇ ਨਾਲ ਧਰਨਿਆਂ 'ਚ ਬੈਠਦੇ ਸਨ, ਗ੍ਰਿਫ਼ਤਾਰੀਆਂ ਸਹਿੰਦੇ ਸਨ ਅਤੇ ਹਰ ਔਖੇ ਵੇਲੇ 'ਚ ਅੱਗੇ ਰਹਿੰਦੇ ਸਨ। ਉਹਨਾਂ ਦੀ ਸਾਦਗੀ, ਨਿਮਰਤਾ ਅਤੇ ਵਫ਼ਾਦਾਰੀ ਸਾਡੇ ਲਈ ਪ੍ਰੇਰਨਾ ਹੈ।ਅੱਜ ਜਦੋਂ ਸਾਡੇ ਸੂਬੇ ਵਿੱਚ ਅਤੇ ਪੂਰੇ ਦੇਸ਼ ਵਿੱਚ ਲੋਕਾਂ ਦੇ ਮੁੱਦਿਆਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ ਤਾਂ ਕਾਮਰੇਡ ਜਟਾਣਾ ਦਾ ਜੀਵਨ ਸਾਨੂੰ ਇਹ ਸੰਦੇਸ਼ ਦਿੰਦਾ ਹੈ ਕਿ ਇਨਸਾਫ਼ ਲਈ ਲੜਾਈ ਕਦੇ ਵਿਅਰਥ ਨਹੀਂ ਜਾਂਦੀ। ਅੱਜ ਭਾਵੇਂ ਉਹ ਸਾਡੇ ਵਿਚ ਸਰੀਰਕ ਤੌਰ 'ਤੇ ਮੌਜੂਦ ਨਹੀਂ ਹਨ, ਪਰ ਉਹਨਾਂ ਦੇ ਵਿਚਾਰ, ਉਹਨਾਂ ਦਾ ਸੰਘਰਸ਼ ਅਤੇ ਉਹਨਾਂ ਦੀ ਸਿੱਖਿਆ ਸਦਾ ਸਾਡੇ ਨਾਲ ਰਹੇਗੀ।

ਸਾਡੀ ਸਭ ਤੋਂ ਵੱਡੀ ਸ਼ਰਧਾਂਜਲੀ ਇਹ ਹੋਵੇਗੀ ਕਿ ਅਸੀਂ ਉਹਨਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦਾ ਸੰਕਲਪ ਕਰੀਏ। ਮਜ਼ਦੂਰ ਵਰਗ ਦੀ ਇਕਜੁਟਤਾ ਨੂੰ ਮਜ਼ਬੂਤ ਕਰੀਏ, ਜ਼ੁਲਮ ਅਤੇ ਸ਼ੋਸ਼ਣ ਦੇ ਖ਼ਿਲਾਫ਼ ਇਕੱਠੇ ਹੋ ਕੇ ਲੜੀਏ ਅਤੇ ਇਨਸਾਫ਼ਪੂਰਨ ਸਮਾਜ ਦੇ ਨਿਰਮਾਣ ਲਈ ਆਪਣਾ ਯੋਗਦਾਨ ਪਾਈਏ।ਅਖੀਰ ਵਿੱਚ, ਮੈਂ ਪਰਵਾਰ ਨਾਲ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹਾਂ। ਇਹ ਘਾਟਾ ਸਿਰਫ ਪਰਵਾਰ ਦਾ ਨਹੀਂ, ਸਾਰੇ ਮਜ਼ਦੂਰ ਅੰਦੋਲਨ ਦਾ ਹੈ। ਉਹਨਾਂ ਦੀ ਯਾਦ ਵਿੱਚ ਅਖੰਡ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਅੱਜ ਦੁਪਹਿਰ 12 ਵਜੇ ਤੋਂ 1.30 ਵਜੇ ਤੱਕ ਪਿੰਡ ਜਟਾਣਾ ਵਿਖੇ ਹੋਵੇਗੀ।

ਕਾਮਰੇਡ ਅਮਰਜੀਤ ਸਿੰਘ ਜਟਾਣਾ ਅਮਰ ਰਹਿਣ!
ਮਜ਼ਦੂਰ-ਮੁਲਾਜ਼ਮ ਏਕਤਾ ਜ਼ਿੰਦਾਬਾਦ!

— ਐੱਮ ਐੱਸ ਭਾਟੀਆ

# ਹੋਲਾ ਮਹੱਲੇ ਦੇ ਸਾਲਾਨਾ ਸਮਾਗਮ ਇਕ ਮਾਰਚ ਤੋਂ ਹੋਣਗੇ ਆਰੰਭ : ਚੌਧਰੀ ਓਮਕਾਰ

**ਪੋਜੇਵਾਲ (ਰਾਮ ਲਾਲ)**

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਅਧੀਨ ਪੈਂਦੇ ਪਿੰਡ ਕਟਵਾਰਾ ਵਿਖੇ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਦੀ ਪ੍ਰਬੰਧਕ ਕਮੇਟੀ ਦੀ ਵਿਸ਼ੇਸ਼ ਮੀਟਿੰਗ ਵਿੱਚ ਗੁਰੂ ਘਰ ਦੇ ਸੇਵਾਦਾਰ ਚੌਧਰੀ ਓਮਕਾਰ ਨਾਥ ਸਾਬਕਾ ਸਰਪੰਚ ਪਿੰਡ ਕਟਵਾਰਾ ਦੀ ਪ੍ਰਧਾਨਗੀ ਹੇਠ ਗੁਰੂ ਘਰ ਕਟਵਾਰਾ ਵਿਖੇ ਹੋਈ। ਇਸ ਮੀਟਿੰਗ ਵਿੱਚ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਗੁਰਦੁਆਰਾ ਸਾਹਿਬ ਵਿਖੇ ਇਸ ਵਾਰ ਹੋਲੇ ਮਹੱਲੇ ਦੇ ਮੌਕੇ 'ਤੇ ਸਾਲਾਨਾ ਸਮਾਗਮ ਪਹਿਲੀ ਮਾਰਚ ਤੋਂ ਆਰੰਭ ਹੋ ਕੇ ਤਿੰਨ ਮਾਰਚ ਤੱਕ ਚੱਲਣਗੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪਹਿਲੀ ਤੇ ਦੋ ਮਾਰਚ ਨੂੰ ਰਾਤ ਤੇ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਕੌਮ ਦੇ ਪ੍ਰਸਿੱਧ ਕਥਾਵਾਚਕ ਅਤੇ ਕੀਰਤਨੀ ਜਥੇ ਸੰਗਤਾਂ ਨੂੰ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਉਣਗੇ ਤੇ ਉਹਨਾਂ ਨੇ ਦੱਸਿਆ ਕਿ ਅਖੰਡ ਪਾਠ ਦੇ ਭੋਗ ਤਿਨ ਮਾਰਚ ਨੂੰ ਪਾਏ ਜਾਣਗੇ। ਉਪਰੰਤ ਪ੍ਰਸਿੱਧ ਕੀਰਤਨੀਏ ਬੀਰ ਜਤਿੰਦਰ ਸਿੰਘ ਫਗਵਾੜੇ ਵਾਲਿਆਂ ਦਾ ਕੀਰਤਨੀ ਜਥਾ ਆਪਣੇ ਅਨਮੋਲ ਪ੍ਰਵਚਨਾ ਅਤੇ ਧਾਰਨਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਅਵਤਾਰ ਸਿੰਘ ਟੋਰੋਵਾਲ, ਰੌਸ਼ਨ ਲਾਲ ਚੇਚੀ, ਚੌਧਰੀ ਲਾਲ ਚੰਦ ਬਿੱਟੂ, ਗੁਰਮੀਤ ਲਾਲ, ਚੌਧਰੀ ਸਰਬਣ ਰਾਮ, ਹੁਸਨ ਲਾਲ ਮੀਲੂ, ਗੁਰਮੇਲ ਭਗਤ, ਬਲਦੇਵ ਰਾਜ ਕਸਾਣਾ, ਪਰਮਾਨੰਦ, ਠੇਕੇਦਾਰ ਮਹਿੰਦਰ ਸਿੰਘ ਪੈਲੀ ਆਦਿ ਵੀ ਹਾਜ਼ਰ ਸਨ।



# ਸੀ ਟੀ ਗਰੁੱਪ 'ਚ ਰੋਬੋਟਿਕਸ ਚੈਂਪੀਅਨਸ਼ਿਪ ਕਰਵਾਈ

**ਜਲੰਧਰ (ਸ਼ੈਲੀ ਐਲਬਰਟ)**

ਸੀ ਟੀ ਗਰੁੱਪ ਆਫ਼ ਇੰਸਟਿਚਿਊਸ਼ਨਜ਼, ਨੌਰਥ ਕੈਂਪਸ, ਮਕਸੂਦਾਂ ਵਿੱਚ ਸੈਂਟਰ ਆਫ ਐਕਸਲੈਂਸ ਫਾਰ ਰਿਸਰਚ ਐਂਡ ਇਨੋਵੇਸ਼ਨ ਦੇ ਸਹਿਯੋਗ ਨਾਲ ਰੋਬੋਟਿਕਸ ਚੈਂਪੀਅਨਸ਼ਿਪ 2026 ਦਾ ਸਫ਼ਲ ਆਯੋਜਨ ਕੀਤਾ ਗਿਆ।ਇਸ ਮੁਕਾਬਲੇ ਵਿੱਚ ਵੱਖ-ਵੱਖ ਸੰਸਥਾਵਾਂ ਤੋਂ 50 ਤੋਂ ਵੱਧ ਟੀਮਾਂ ਨੇ ਭਾਗ ਲਿਆ। ਸਮਾਗਮ ਦੌਰਾਨ ਰੋਬੋ ਆਫ-ਰੋਡਿੰਗ ਅਤੇ ਰੋਬੋ ਟਗ਼ ਆਫ਼ ਵਾਰ ਵਰਗੀਆਂ ਰੋਮਾਂਚਕ ਪ੍ਰਤੀਯੋਗਿਤਾਵਾਂ ਕਰਵਾਈਆਂ ਗਈਆਂ, ਜਿੱਥੇ ਵਿਦਿਆਰਥੀਆਂ ਨੇ ਆਪਣੀ ਤਕਨੀਕੀ ਸਮਝ, ਨਵੀਨ ਸੋਚ ਤੇ ਟੀਮ ਵਰਕ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸੈਂਟਰਲ ਇੰਸਟੀਚਿਊਟ ਆਫ਼ ਹੈਂਡ ਟੂਲਜ਼, ਐੱਮ ਐੱਸ ਐੱਮ ਈ ਮੰਤਰਾਲਾ, ਪ੍ਰਿੰਸੀਪਲ ਡਾਇਰੈਕਟਰ (ਇੰਚਾਰਜ) ਪ੍ਰਦੀਪ ਵਰਮਾ ਰਹੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਰਾਹੀਂ ਆਪਣੇ ਤਕਨੀਕੀ ਅਤੇ ਉਦਯੋਗੀਕ ਹੁਨਰ ਨਿਖਾਰਨ ਲਈ ਪ੍ਰੇਰਿਤ ਕੀਤਾ। ਰੋਬੋਟਿਕਸ ਚੈਂਪੀਅਨਸ਼ਿਪ 2026 ਦੀ ਓਵਰਆਲ ਟਰਾਫੀ ਸ਼ਾਨਦਾਰ ਪ੍ਰਦਰਸ਼ਨ ਲਈ ਜੀ ਐੱਨ ਏ ਯੂਨੀਵਰਸਿਟੀ ਨੂੰ ਦਿੱਤੀ ਗਈ। ਜੇਤੂ ਟੀਮਾਂ ਨੂੰ ਨਕਦ ਇਨਾਮ ਤੇ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਪ੍ਰਦਾਨ ਕੀਤੇ ਗਏ।ਸੀ ਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਅਜਿਹੇ ਤਕਨੀਕੀ ਮੁਕਾਬਲੇ ਵਿਦਿਆਰਥੀਆਂ ਵਿੱਚ ਨਵੀਨਤਾ ਤੇ ਪ੍ਰਯੋਗਾਤਮਕ ਸਿੱਖਿਆ ਨੂੰ ਉਤਸ਼ਾਹਿਤ ਕਰਦੇ ਹਨ। ਕੈਂਪਸ ਡਾਇਰੈਕਟਰ ਡਾ. ਅਨੁਰਾਗ ਸ਼ਰਮਾ ਨੇ ਦੱਸਿਆ ਕਿ ਇਹ ਆਯੋਜਨ ਵਿਦਿਆਰਥੀਆਂ ਨੂੰ ਰੋਬੋਟਿਕਸ ਅਤੇ ਆਟੋਮੇਸ਼ਨ ਦੇ ਖੇਤਰ ਵਿੱਚ ਹੱਥੀ ਕੰਮ ਦਾ ਅਨੁਭਵ ਦੇਣ ਦੇ ਉਦੇਸ਼ ਨਾਲ ਕੀਤਾ ਗਿਆ ਸੀ।



# ਐੱਮ ਐੱਲ ਏ ਵੱਲੋਂ ਟਿਊਬਵੈੱਲ ਪ੍ਰੋਜੈਕਟ ਦੀ ਸ਼ੁਰੂਆਤ

**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਨਗਰ ਕੌਂਸਲ ਡੇਰਾਬੱਸੀ ਦੀ ਹੱਦ ਅੰਦਰ ਆਉਂਦੇ ਵਾਰਡ ਨੰਬਰ 8, ਪਿੰਡ ਸੈਦਪੁਰਾ ਵਿੱਚ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵੱਲੋਂ ਲਗਭਗ 45 ਲੱਖ ਰੁਪਏ ਦੀ ਲਾਗਤ ਨਾਲ ਲਗਣ ਵਾਲੇ ਨਵੇਂ ਪਾਣੀ ਦੇ ਟਿਊਬਵੈੱਲ ਦੇ ਕੰਮ ਦਾ ਸ਼ੁਭ ਆਰੰਭ ਕੀਤਾ ਗਿਆ। ਇਹ ਪ੍ਰੋਜੈਕਟ ਇਲਾਕੇ ਵਿੱਚ ਲੰਮੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਪੀਣ ਯੋਗ ਪਾਣੀ ਦੀ ਸਮੱਸਿਆ ਦਾ ਟਿਕਾਊ ਹੱਲ ਸਾਬਤ ਹੋਵੇਗਾ।ਇਸ ਮੌਕੇ ਵਿਧਾਇਕ ਰੰਧਾਵਾ ਨੇ ਕਿਹਾ ਕਿ ਡੇਰਾਬੱਸੀ ਹਲਕੇ ਵਿੱਚ ਲਗਾਤਾਰ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਮਨਜ਼ੂਰ ਹੋ ਰਹੇ ਹਨ ਅਤੇ ਹਰ ਵਾਰਡ ਵਿੱਚ ਜ਼ਮੀਨੀ ਪੱਧਰ 'ਤੇ ਕੰਮ ਦਿਖਾਈ ਦੇ ਰਿਹਾ ਹੈ। ਇਹ ਟਿਊਬਵੈੱਲ ਪ੍ਰੋਜੈਕਟ ਨਾ ਸਿਰਫ਼ ਪਾਣੀ ਦੀ ਸਪਲਾਈ ਨੂੰ ਮਜ਼ਬੂਤ ਕਰੇਗਾ, ਸਗੋਂ ਇਲਾਕਾ ਵਾਸੀਆਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਸੁਖਾਲਾ ਬਣਾਏਗਾ।ਇਸ ਦੌਰਾਨ ਨਗਰ ਕੌਂਸਲ ਪ੍ਰਧਾਨ, ਵਾਰਡ ਇੰਚਾਰਜ, ਪਾਰਟੀ ਦੇ ਬਲਾਕ ਪ੍ਰਧਾਨ, ਹੋਰ ਸੀਨੀਅਰ ਆਗੂ, ਸਥਾਨਕ ਵਾਰਡ ਵਾਸੀ , ਨੇੜਲੇ ਸੁਸਾਇਟੀ ਦੇ ਪ੍ਰਧਾਨ, ਉਨ੍ਹਾਂ ਦੇ ਮੈਂਬਰ ,ਅਤੇ ਸੰਬੰਧਤ ਅਧਿਕਾਰੀ ਮੌਜੂਦ ਰਹੇ। ਇਲਾਕਾ ਵਾਸੀਆਂ ਨੇ ਵਿਧਾਇਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਵਿਕਾਸ ਕਾਰਜ ਡੇਰਾਬੱਸੀ ਨੂੰ ਨਵੀਂ ਦਿਸ਼ਾ ਦੇ ਰਹੇ ਹਨ।



# ਹੋਲਾ ਮਹੱਲਾ ਮੌਕੇ ਸਿਵਲ ਤੇ ਪੁਲਸ ਕੰਟਰੋਲ ਰੂਮ ਹੋਣਗੇ ਸਥਾਪਿਤ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਜਸ਼ਨਦੀਪ ਸਿੰਘ ਡੀ ਐੱਸ ਪੀ ਨੇ ਦੱਸਿਆ ਕਿ ਦੇਸ਼ ਵਿਦੇਸ਼ ਤੋ ਆਉਣ ਵਾਲੇ ਸ਼ਰਧਾਲੂਆਂ ਅਤੇ ਸਥਾਨਕ ਲੋਕਾਂ ਦੀ ਸਹੂਲਤ ਲਈ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਜਾ ਰਹੇ ਹਨ, ਜੋ 24/7 ਕਾਰਜਸ਼ੀਲ ਰਹਿਣਗੇ। ਡੀ ਐੱਸ ਪੀ ਨੇ ਦੱਸਿਆ ਕਿ ਪੁਲਸ ਥਾਣਾ ਕੀਰਤਪੁਰ ਸਾਹਿਬ ਵਿੱਚ ਸਿਵਲ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜਿਸ ਦਾ ਸੰਪਰਕ ਨੰਬਰ 01887-260127-260227 ਹੈ, ਇੱਥੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ 24/7 ਡਿਊਟੀ ਤੇ ਤੈਨਾਂਤ ਹਨ। ਉਹ ਸ਼ਰਧਾਲੂਆਂ, ਸਥਾਨਕ ਵਸਨੀਕਾਂ ਤੇ ਲੰਗਰ ਕਮੇਟੀਆਂ ਨੂੰ ਪੇਸ਼ ਮੁਸ਼ਕਿਲਾਂ ਬਾਰੇ ਸਬੰਧਿਤ ਵਿਭਾਗਾਂ ਨੂੰ ਸੂਚਿਤ ਕਰਕੇ ਮੁਸ਼ਕਿਲਾ ਹੱਲ ਕਰਵਾ ਰਹੇ ਹਨ। ਪੁਲਸ ਕੰਟਰੋਲ ਰੂਮ ਵੀ 24/7 ਕਾਰਜਸ਼ੀਲ ਹੈ, ਜਿਸ ਦਾ ਸੰਪਰਕ ਨੰਬਰ 01887-260127-260227 ਹੈ ਜੋ ਕਿ 27 ਫਰਵਰੀ ਤੋਂ 5 ਮਾਰਚ ਤੱਕ ਕਾਰਜਸ਼ੀਲ ਹੋਣਗੇ।



# ਲਾਇਨ ਗੁਰਦੀਪ ਸਿੰਘ ਕੰਗ ਨੇ ਡਿਸਟ੍ਰਿਕਟ ਗਵਰਨਰਾਂ ਨਾਲ ਕੀਤੀ ਮੀਟਿੰਗ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**-ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਨੇ ਡਿਸਟ੍ਰਿਕਟ ਗਵਰਨਰ ਲਾਇਨ ਵੀ.ਐਮ. ਗੋਇਲ ਅਤੇ ਡਿਸਟ੍ਰਿਕਟ ਵਾਈਸ ਗਵਰਨਰ-1 ਲਾਇਨ ਜੀ.ਐਸ. ਭਾਟੀਆ ਦੇ ਨਾਲ ਸਾਲ 2026 ਵਿੱਚ ਡਿਸਟ੍ਰਿਕਟ ਦੀਆਂ ਸਮੂਹ ਕਲੱਬਾਂ ਦੇ ਸਹਿਯੋਗ ਨਾਲ ਕੀਤੇ ਜਾਣ ਵਾਲੇ ਮੁੱਖ ਪ੍ਰੋਜੈਕਟਾਂ ਬਾਰੇ ਮੀਟਿੰਗ ਦੌਰਾਨ ਚਰਚਾ ਕੀਤੀ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਲਾਇਨ ਗੁਰਦੀਪ ਸਿੰਘ ਕੰਗ ਨੇ ਦੱਸਿਆ ਕਿ ਮਾਰਚ ਅਤੇ ਅਪ੍ਰੈਲ 'ਚ ਹੋਲੀ ਤੇ ਵਿਸਾਖੀ ਵਰਗੇ ਕਈ ਵੱਡੇ ਤਿਉਹਾਰ ਆਉਣ ਵਾਲੇ ਹਨ। ਇਸ ਲਈ ਲਾਇਨਜ਼ 321-ਡੀ ਤਹਿਤ ਉਨ੍ਹਾਂ ਪ੍ਰੋਜੈਕਟਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਨ੍ਹਾਂ ਲਈ ਡਿਸਟ੍ਰਿਕਟ ਦੇ ਸਮੂਹ ਕਲੱਬਾਂ ਨੂੰ ਪ੍ਰੇਰਿਤ ਕੀਤਾ ਜਾਣਾ ਹੈ। ਡਿਸਟ੍ਰਿਕਟ ਗਵਰਨਰ ਲਾਇਨ ਵੀ ਐੱਮ ਗੋਇਲ ਨੇ ਕਿਹਾ ਕਿ ਡਿਸਟ੍ਰਿਕਟ 321-ਡੀ ਅਧੀਨ ਆਉਂਦੇ ਸਮੂਹ ਕਲੱਬ ਇਸ ਸਾਲ ਵੀ ਸਮਾਜ ਸੇਵਾ ਵਿੱਚ ਮੋਹਰੀ ਰਹਿਣਗੇ ਤੇ ਡਿਸਟ੍ਰਿਕਟ ਦੀ ਬੁਲੰਦੀ ਨੂੰ ਬਰਕਰਾਰ ਰੱਖਣਗੇ।



# ਪੋਸਟਰ ਮੇਕਿੰਗ ਤੇ ਸਲੋਗਨ ਲਿਖਣ ਮੁਕਾਬਲੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਤੇਹਿੰਗ ਵਿਖੇ ਅੰਤਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਮਨਾਉਂਦਿਆਂ ਪੋਸਟਰ ਮੇਕਿੰਗ ਤੇ ਸਲੋਗਨ ਲਿਖਣ ਮੁਕਾਬਲੇ ਕਰਵਾਏ ਗਏ। ਕਾਵਿ-ਕਸੀਦਾ ਪੰਜਾਬੀ ਸਾਹਿਤ ਸਭਾ ਵੱਲੋਂ ਇਹ ਮੁਕਾਬਲੇ ਡਾ: ਪਰਮਜੀਤ ਕੌਰ (ਪੰਜਾਬੀ ਵਿਭਾਗ) ਦੁਆਰਾ ਪ੍ਰਿੰਸੀਪਲ ਡਾ: ਪਰਮਜੀਤ ਕੌਰ ਜੱਸਲ ਦੀ ਅਗਵਾਈ ਹੇਠ ਕਰਵਾਏ ਗਏ ਇਹਨਾਂ ਮੁਕਾਬਲਿਆਂ ਦਾ ਮੁੱਖ ਵਿਸ਼ਾ ਪੰਜਾਬੀ ਮਾਂ-ਬੋਲੀ ਤੇ ਪੰਜਾਬੀ ਸੱਭਿਆਚਾਰ ਰਿਹਾ। ਕਾਲਜ ਦੇ ਪ੍ਰਿੰਸੀਪਲ ਡਾ: ਪਰਮਜੀਤ ਕੌਰ ਜੱਸਲ ਨੇ ਵਿਦਿਆਰਥੀਆਂ ਦੁਆਰਾ ਕੀਤੀ ਮਿਹਨਤ ਦੀ ਸ਼ਲਾਘਾ ਕੀਤੀ । ਮੁਕਾਬਲਿਆਂ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕਰਦਿਆਂ ਪ੍ਰਿੰਸੀਪਲ ਨੇ ਉਹਨਾਂ ਦਾ ਉਤਸ਼ਾਹ ਵਧਾਉਂਦਿਆਂ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਸਾਡਾ ਨੌਜਵਾਨ ਵਰਗ ਆਪਣੀ ਮਾਤ-ਭੂਮੀ ਨਾਲ ਜੁੜ ਕੇ ਆਪਣੀ ਮਾਂ-ਬੋਲੀ ਨੂੰ ਬਣਦਾ ਪਿਆਰ ਤੇ ਸਤਿਕਾਰ ਅੱਜ ਵੀ ਦੇ ਰਿਹਾ ਹੈ। ਇਹਨਾਂ ਮੁਕਾਬਲਿਆਂ ਵਿੱਚ ਵੀਹ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਹਨਾਂ ਵਿੱਚ ਕਾਰਤਿਕ, ਇਸ਼ਾ, ਪ੍ਰਯੰਕਾ ਬੀ ਸੀ ਏ ਦੇ ਵਿਦਿਆਰਥੀ, ਲਵਪ੍ਰੀਤ, ਤਮੰਨਾ, ਤਰਨਪ੍ਰੀਤ ਕੌਰ, ਪ੍ਰੀਤੀ, ਇੰਦਰਪ੍ਰੀਤ ਕੌਰ, ਮਨਪ੍ਰੀਤ ਕੌਰ, ਜਸਪ੍ਰੀਤ ਕੌਰ, ਕਮਲਜੀਤ ਕੌਰ, ਰਾਗਿਨੀ, ਸਿਮਰਨ, ਹਰਪ੍ਰੀਤ ਤੇ ਕਾਜਲ ਬੀ.ਏ. ਦੇ ਵਿਦਿਆਰਥੀਆਂ, ਜਸਪ੍ਰੀਤ ਸਿੰਘ, ਕੁਮਾਰੀ ਰੂਪਮ, ਤਨਵੀ ਤੇ ਕਿਰਨ ਬੀ.ਕਾਮ ਦੇ ਵਿਦਿਆਰਥੀਆਂ ਅਤੇ ਅੰਮ੍ਰਿਤਾ ਤੇ ਸੋਨਮ ਐੱਮ ਏ ਪੰਜਾਬੀ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ। ਜੱਜ ਦੀ ਭੂਮਿਕਾ ਪ੍ਰੋ: ਜਸਪ੍ਰੀਤ ਕੌਰ(ਇਕਨਾਮਿਕਸ ਵਿਭਾਗ), ਪ੍ਰੋ: ਰਾਜਨ ਮਿੱਤੂ(ਕਾਮਰਸ ਵਿਭਾਗ) ਤੇ ਪ੍ਰੋ: ਵਿਸ਼ਾਲੀ ਪਸਰੀਚਾ(ਕੰਪਿਊਟਰ ਵਿਭਾਗ) ਨੇ ਨਿਭਾਈ। ਇਸ ਦੇ ਨਾਲ ਫੋਟੋਗਰਾਫੀ ਦੀ ਭੂਮਿਕਾ ਪ੍ਰੋ: ਰੁਪਿੰਦਰ ਸਿੰਘ (ਇਤਿਹਾਸ ਵਿਭਾਗ) ਨੇ ਨਿਭਾਈ । ਜੇਤੂ ਵਿਦਿਆਰਥੀਆਂ ਵਿੱਚ ਪਹਿਲਾ ਸਥਾਨ ਜਸਪ੍ਰੀਤ ਸਿੰਘ (ਬੀ ਕਾਮ ਭਾਗ ਦੂਜਾ), ਦੂਜਾ ਸਥਾਨ ਕੁਮਾਰੀ ਰੂਪਮ (ਬੀ.ਕਾਮ, ਭਾਗ ਤੀਜਾ) ਤਮੰਨਾ (ਬੀ ਏ ਭਾਗ ਪਹਿਲਾ) ਨੇ ਤੀਜਾ ਸਥਾਨ ਹਾਸਿਲ ਕੀਤਾ। ਇਸ ਦੇ ਨਾਲ ਹੀ ਤਰਨਪ੍ਰੀਤ (ਬੀ.ਏ. ਭਾਗ ਪਹਿਲਾ) ਅਤੇ ਕਾਰਤਿਕ (ਬੀ.ਸੀ.ਏ ਭਾਗ ਦੂਜਾ) ਨੇ ਕੌਂਸਓਲੇਸ਼ਨ ਇਨਾਮ ਹਾਸਲ ਕੀਤਾ। ਇਹਨਾ ਜੇਤੂ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ ਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਵੰਡੇ।




# ਸਰਕਾਰ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ : ਡਾ. ਸੈਣੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਤੇ ਮੁਫਤ ਸਿਹਤ ਸਹੂਲਤਾਂ ਮੁਹਈਆ ਕਰਵਾਉਣ ਦੇ ਮਕਸਦ ਨਾਲ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਚਲਾਈ ਜਾ ਰਹੀ ਹੈ ਜਿਸ ਤਹਿਤ 10 ਲੱਖ ਦੀ ਮੁਫਤ ਸਹਾਇਤਾ ਦਿੱਤੀ ਜਾਂਦੀ ਹੈ ਐਸ.ਐਮ.ਓ ਟਾਂਡਾ ਡਾਕਟਰ ਕਰਨ ਕੁਮਾਰ ਸੈਣੀ ਨੇ ਦੱਸਿਆ ਕਿ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਿਹਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਲੈਣ। ਉਹਨਾਂ ਅੱਗੇ ਜਾਣਕਾਰੀ ਦਿੰਦੇ ਆ ਦੱਸਿਆ ਕਿ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਟੈਸਟ ਕਰਾਉਣ ਲਈ ਲਾਈਨ ਵਿੱਚ ਲੱਗ ਕੇ ਟੈਸਟ ਕਰਾਉਣੇ ਪੈਂਦੇ ਹਨ ਇਸ ਲਈ ਉਹਨਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਲੈਬੋਰਟਰੀ ਦੇ ਬਾਹਰ ਇੱਕ ਟੋਕਨ ਮਸ਼ੀਨ ਲਗਾ ਦਿੱਤੀ ਗਈ ਹੈ। ਇਸ ਮੌਕੇ ਭਾਈ ਵਰਿੰਦਰ ਸਿੰਘ ਮਸੀਤੀ, ਡਾ. ਕਰਤਾਰ ਸਿੰਘ, ਡਾ. ਹਰਪ੍ਰੀਤ ਸਿੰਘ, ਡਾ. ਸ਼ਗੁਨ, ਡਾ. ਕਰਨ ਵਿਰਕ ਆਦਿ ਹਾਜ਼ਰ ਸਨ।

# ਖ਼ੂਨਦਾਨ ਤੇ ਫਰੀ ਮੈਡੀਕਲ ਕੈਂਪ

**ਗੁਰਾਇਆ (ਬਿੰਦਰ ਸੁੰਮਨ)**-ਬਲਾਕ ਰੁੜਕਾ ਕਲਾਂ ਦੇ ਅਧੀਨ ਪੈਂਦੇ ਨਵਾਂ ਪਿੰਡ ਨਾਇਚਾ ਵਿਖੇ ਸੁਖਵੀਰ ਸਿੰਘ ਪਹਿਲਵਾਨ ਦੇ ਉਦਮ ਸਦਕਾ ਗਰਾਮ ਪੰਚਾਇਤ ਦੇ ਸਹਿਯੋਗ ਨਾਲ 6ਵਾਂ ਖ਼ੂਨਦਾਨ ਕੈਂਪ ਤੇ ਫਰੀ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਦਾ ਸ਼ੁਭ ਆਰੰਭ ਬਲਦੇਵ ਸਿੰਘ ਖਹਿਰਾ ਸਾਬਕਾ ਵਿਧਾਇਕ ਹਲਕਾ ਫਿਲੌਰ ਤੇ ਸਰਪੰਚ ਅਮਰਜੀਤ ਸਿੰਘ ਵਲੋਂ ਕੀਤਾ ਗਿਆ। ਇਸ ਮੌਕੇ 38 ਖ਼ੂਨਦਾਨੀਆਂ ਨੇ ਸਵੈ ਇੱਛਾ ਨਾਲ ਖ਼ੂਨਦਾਨ ਕੀਤਾ। ਇਸ ਮੌਕੇ ਮੈਡੀਕਲ ਕੈਂਪ ਦੌਰਾਨ 100 ਦੇ ਲੱਗਭੱਗ ਮਰੀਜ਼ਾਂ ਦਾ ਚੈਕਅੱਪ ਕਰਕੇ ਫਰੀ ਦਵਾਈ ਦਿੱਤੀ ਗਈ। ਇਸ ਮੌਕੇ ਬਲਦੇਵ ਸਿੰਘ ਖਹਿਰਾ ਸਾਬਕਾ ਵਿਧਾਇਕ, ਅਮਰਜੀਤ ਸਿੰਘ ਢੈਸੀ, ਸੁਖਵੀਰ ਸਿੰਘ ਪਹਿਲਵਾਨ, ਰਣਜੀਤ ਸਿੰਘ ਖੇਲਾ, ਸੁਖਵਿੰਦਰ ਬਿੱਟੂ, ਅਮਰਜੀਤ ਸਿੰਘ ਸਰਪੰਚ, ਜਸਵਿੰਦਰ ਝੱਲੀ, ਸੁਰਜੀਤ ਸਿੰਘ ਪੰਚ, ਨਰੰਜਣ ਦਾਸ ਪੰਚ, ਕਮਲਜੀਤ ਕੌਰ ਪੰਚ, ਲਖਵੀਰ ਸਿੰਘ ਪੰਚ,ਬੂਟਾ ਰਾਮ ਪੰਚ, ਗੁਰਦੇਵ ਸਿੰਘ ਸਾਬਕਾ ਪੰਚ, ਗੁਰਵਿੰਦਰ ਸਿੰਘ ਖਹਿਰਾ, ਗੁਰਸ਼ਰਨ ਸਿੰਘ ਆਦਿ ਹਾਜ਼ਰ ਸਨ।



# ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਸਨਮਾਨਤ



**ਆਦਮਪੁਰ (ਪਰਮਜੀਤ ਸਿੰਘ)**-ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਜੀ ਪਿੰਡ ਡਰੋਲੀ ਕਲਾਂ ਆਦਮਪੁਰ ਦੁਆਬਾ ਦੇ ਮਾਣਯੋਗ ਪ੍ਰਧਾਨ ਸਾਬ ਜੱਥੇਦਾਰ ਮਨੋਹਰ ਸਿੰਘ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਦੀ ਯੋਗ ਅਗਵਾਈ ਵਿੱਚ ਮਾਨਵਤਾ ਦੀ ਸੱਚੀ ਸੁੱਚੀ ਸੇਵਾ ਤਹਿਤ ਬਹੁਤ ਹੀ ਥੋੜ੍ਹੇ ਸਮੇਂ ਅੰਦਰ ਵੱਡੀਆਂ ਮੱਲਾਂ ਮਾਰਨ ਵਾਲੀ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਪੰਜਾਬ ਨੂੰ ਪੰਜਾਬ ਦੇ ਦੋ ਵੱਡੇ ਖ਼ੂਨਦਾਨ ਕੈਂਪਾਂ ਦੌਰਾਨ ਵਿਸ਼ੇਸ਼ ਕਰਕੇ ਸਨਮਾਨਤ ਕੀਤਾ ਗਿਆ। ਐਨ ਜੀ ਓ ਦੇ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਤੇ ਮਾਣਯੋਗ ਸੈਕਟਰੀ ਸਹਿਬਾਨ ਸਰਦਾਰ ਮਨਪ੍ਰੀਤ ਸਿੰਘ ਧੀਰੋਵਾਲ ਵੱਲੋਂ ਇਹਨਾਂ ਮਾਣ ਸਨਮਾਣ ਲਈ ਬਲੱਡ ਡੋਨਰਸ ਐਂਡ ਵੈਲਫੇਅਰ ਸੁਸਾਇਟੀ ਦਸੂਹਾ ਤੇ ਖਾਲਸਾ ਬਲੱਡ ਯੂਨਿਟ ਸ੍ਰੀ ਅੰਮ੍ਰਿਤਸਰ ਦੇ ਸਮੂਹ ਅਹੁਦੇਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਕਾਨੂੰਨ ਦੀ ਉਲੰਘਣਾ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ : ਏ ਐੱਸ ਆਈ

**ਆਦਮਪੁਰ (ਪਰਮਜੀਤ ਸਿੰਘ)**

ਦਿਹਾਤੀ ਥਾਣਾ ਆਦਮਪੁਰ ਦੀ ਪੁਲਿਸ ਚੌਂਕੀ ਜੰਡੂ ਸਿੰਘਾ ਦੇ ਇੰਚਾਰਜ ਕੁਲਦੀਪ ਕੁਮਾਰ ਮਹਿਤਾ ਦੀ ਵਿਸ਼ੇਸ਼ ਨਿਗਰਾਨੀ ਵਿੱਚ ਚੌਂਕੀ ਦੇ ਮੁਲਾਜ਼ਮਾਂ ਨੇ ਦੋਸੜਕਾ ਚੌਂਕ (ਵਾਈ ਪੁਆਇੰਟ) ਤੇ ਵਿਸ਼ੇਸ਼ ਨਾਕਾਬੰਦੀ ਕਰਕੇ ਕਾਨੂੰਨ ਦੀ ਉਲੰਘਣਾਂ ਕਰਨ ਵਾਲੇ ਵਾਹਨਾਂ ਦੀ ਵਿਸ਼ੇਸ਼ ਚੈਕਿੰਗ ਕਰਕੇ ਉਨ੍ਹਾਂ ਦੇ ਚਲਾਣ ਕੱਟੇ ਗਏ। ਏ ਐੱਸ ਆਈ ਕੁਲਦੀਪ ਕੁਮਾਰ ਨੇ ਦਸਿਆ ਐੱਸ ਐੱਸ ਪੀ ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ, ਐੱਸਪੀ (ਡੀ) ਡਾ. ਮੁਕੇਸ਼ ਕੁਮਾਰ, ਡੀ ਐੱਸ ਪੀ ਆਦਮਪੁਰ ਰਾਜੀਵ ਕੁਮਾਰ ਤੇ ਐੱਸ ਐੱਚ ਓ ਆਦਮਪੁਰ ਇੰਸਪੈਕਟਰ ਰਵਿੰਦਰਪਾਲ ਸਿੰਘ ਵੱਲੋਂ ਮਿਲੇ ਦਿਸ਼ਾਂ ਨਿਰਦੇਸ਼ ਤਹਿਤ ਜੰਡੂ ਸਿੰਘਾ ਤੇ ਪੁਲਿਸ ਚੌਂਕੀ ਦੇ ਖੇਤਰ ਵਿੱਚ ਵਿਸ਼ੇਸ਼ ਨਾਕਾਬੰਦੀ ਕਰਕੇ ਜਿਥੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ ਉਥੇ ਜਿਨ੍ਹਾਂ ਵਾਹਨਾਂ ਦੇ ਕਾਗਜਾਤ ਪੂਰੇ ਨਾ ਹੋਣ ਉਨ੍ਹਾਂ ਦੇ ਵੀ ਸਖ਼ਤ ਕਾਰਵਾਈ ਕਰਕੇ ਚਲਾਣ ਕੱਟੇ ਜਾ ਰਹੇ ਹਨ। ਉਨ੍ਹਾਂ ਕਿਹਾ ਇਸ ਨਾਕੇ ਤੇ ਸ਼ੱਕੀ ਵਾਹਨਾਂ ਨੂੰ ਰੋਕ ਕੇ ਉਨ੍ਹਾਂ ਦੀ ਤਲਾਸ਼ੀ ਲਈ ਗਈ ਤੇ ਜਿਹੜੇ ਲੋਕਾਂ ਕੋਲ ਵਾਹਨਾਂ ਦੇ ਦਸਤਾਵੇਜ਼ ਪੂਰੇ ਨਹੀਂ ਸਨ, ਉਨ੍ਹਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਗਈ।



# ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾਂ ਵਿਖੇ ਦਸਵੀਂ ਦਾ ਦਿਹਾੜਾ 26 ਨੂੰ

**ਮੋਹਾਲੀ (ਗੁਰਜੀਤ ਬਿੱਲਾ)**-ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਸ਼ੁਭ ਦਿਹਾੜਾ 26 ਫਰਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ ਜੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦਸਿਆ ਕਿ ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ। ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ , ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਅਤੇ ਉਚ ਕੋਟੀ ਦੇ ਪੰਥ ਪਸਿੱਧ ਪ੍ਰਚਾਰਕ ਸੰਗਤਾਂ ਨੂੰ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ। ਵਿਸ਼ਾਲ ਅੰਮ੍ਰਿਤ ਸੰਚਾਰ ਦਾ ਆਯੋਜਨ ਸਵੇਰੇ 10 ਵਜੇ ਕੀਤਾ ਜਾਵੇਗਾ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ।

# ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਅਜਲਾਸ 'ਚ ਮੰਡਿਆਲਾ ਪ੍ਰਧਾਨ ਤੇ ਅਜੈ ਫ਼ਿਲੌਰ ਸਕੱਤਰ ਚੁਣੇ ਗਏ

**ਫਿਲੌਰ (ਹਰਜਿੰਦਰ ਕੌਰ ਚਾਹਲ)**-ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਜਿਲਾ ਜਲੰਧਰ ਦਾ ਜਥੇਬੰਦਕ ਇਜਲਾਸ ਪਿੰਡ ਬੇਗਮਪੁਰਾ ਵਿਖੇ ਗੁਰਦੀਪ ਗੋਗੀ, ਮੱਖਣ ਸੰਗਰਾਮੀ, ਨਵਜੋਤ ਮਾਹੀ ਅਤੇ ਵਿਕਰਮ ਮਡਿਆਲਾ ਦੀ ਪ੍ਰਧਾਨਗੀ ਹੇਠ ਹੋਇਆ । ਜੱਥੇਬੰਦੀ ਦਾ ਝੰਡਾ ਲਹਿਰਾਉਣ ਦੀ ਰਸਮ ਗੁਰਦੀਪ ਗੋਗੀ ਨੇ ਨਿਭਾਈ। ਇਸ ਮੌਕੇ ਵਿਕਰਮ ਮੁਡਿਆਲਾ ਨੂੰ ਜਿਲਾ ਪ੍ਰਧਾਨ ਅਜੇ ਫ਼ਿਲੌਰ ਨੂੰ ਜਿਲਾ ਸਕੱਤਰ ਤੋਂ ਇਲਾਵਾ 13 ਮੈਂਬਰੀ ਜ਼ਿਲਾ ਕਮੇਟੀ ਦੀ ਚੋਣ ਵੀ ਕੀਤੀ ਗਈ ਜਿਸ ਵਿੱਚ ਮੱਖਣ ਸੰਗਰਾਮੀ, ਜੱਸਾ ਰੁੜਕਾ, ਨਵਜੋਤ ਮਾਹੀ, ਸੁਨੀਲ ਭੈਣੀ, ਅਮਰੀਕ ਰੁੜਕਾ, ਗਗਨਦੀਪ ਸਿੰਘ ਗੱਗਾ, ਪ੍ਰਿੰਸ ਸਹੋਤਾ, ਅਮਰਜੀਤ ਢੇਰੀਆਂ, ਸਨੀ ਸ਼ਾਹਕੋਟ, ਸੋਨੂੰ ਢੇਸੀ, ਜਿਲਾ ਕਮੇਟੀ ਮੈਂਬਰ ਚੁਣੇ ਗਏ। ਇਸ ਮੌਕੇ ਪਿਛਲੇ ਕੰਮਾਂ ਦੀ ਰਿਪੋਰਟ ਜਿਲਾ ਸਕੱਤਰ ਅਜੇ ਫ਼ਿਲੌਰ ਵੱਲੋਂ ਪੇਸ਼ ਕੀਤੀ ਗਈ ਜਿਸ ਉੱਪਰ ਸੱਤ ਸਾਥੀਆਂ ਨੇ ਬਹਿਸ ਵਿੱਚ ਭਾਗ ਲਿਆ ਤੇ ਕੁਝ ਜ਼ਰੂਰੀ ਸੁਝਾਅ ਵੀ ਦਿੱਤੇ । ਇਸ ਮੌਕੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਸਭਾ ਦੇ ਸੂਬਾ ਪ੍ਰਧਾਨ ਮਨਜਿੰਦਰ ਸਿੰਘ ਢੇਸੀ ਨੇ ਜਥੇਬੰਦੀ ਨੂੰ ਮਜਬੂਤ ਕਰਨ ਤੇ ਨੌਜਵਾਨਾਂ ਦੇ ਮਸਲੇ ਉਪਰ ਸੰਘਰਸ਼ ਤੇਜ਼ ਕਰਨ ਦੀ ਗੱਲ ਉੱਪਰ ਜੋਰ ਦਿੱਤਾ। ਉਹਨਾ ਬਰਾਬਰ ਵਿੱਦਿਆ, ਸਿਹਤ, ਤੇ ਰੁਜ਼ਗਾਰ, ਸਭ ਦਾ ਹੋਵੇ ਇਹ ਅਧਿਕਾਰ ਦੇ ਨਾਅਰੇ ਨੂੰ ਬੁਲੰਦ ਕਰਨ ਦੀ ਅਪੀਲ ਵੀ ਕੀਤੀ। ਕੇਂਦਰ ਦੀ ਬੀਜੇਪੀ ਸਰਕਾਰ ਦੁਆਰਾ ਫਿਰਕਾਪ੍ਰਸਤੀ ਦੀ ਖੇਡੀ ਜਾ ਰਹੀ ਖੇਡ ਤੋਂ ਚੌਕਸ ਰਹਿਣ ਤੇ ਨੌਜਵਾਨਾਂ ਨੂੰ ਆਪਣਾ ਧਿਆਨ ਅਸਲ ਮੁੱਦਿਆਂ ਉੱਪਰ ਕੇਂਦਰਤ ਕਰਨ ਦੀ ਗੱਲ ਤੇ ਜ਼ੋਰ ਦਿੱਤਾ।




# ਖ਼ੂਨਦਾਨ ਕੈਂਪ ਲਗਾਇਆ




**ਮੋਰਿੰਡਾ (ਨਿਹਾਲ ਸਿੰਘ ਕਲਸੀ)**-ਲਾਈਫ ਕੇਅਰ ਹਸਪਤਾਲ ਕਾਈਨੌਰ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਜਗਰੂਪ ਸਿੰਘ ਅਰਨੌਲੀ ਨੇ ਦੱਸਿਆ ਕਿ ਇਸ ਕੈਂਪ ਮੌਕੇ ਰਾਮ ਹਸਪਤਾਲ ਖਮਾਣੋ ਦੇ ਡਾਕਟਰਾਂ ਦੀ ਟੀਮ ਵੱਲੋਂ ਖ਼ੂਨਦਾਨੀਆਂ ਤੋਂ ਖ਼ੂਨ ਇਕੱਤਰ ਕੀਤਾ ਗਿਆ। ਇਸ ਮੌਕੇ 32 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਕੈਂਪ ਦੌਰਾਨ ਆਏ ਵਿਸ਼ੇਸ਼ ਮਹਿਮਾਨਾਂ ਤੇ ਪ੍ਰਬੰਧਕਾਂ ਵੱਲੋਂ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਅਤੇ ਪਤਵੰਤੇ ਸੱਜਣਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਡਾਕਟਰ ਸੁਖਪ੍ਰੀਤ ਸਿੰਘ (ਐੱਮ ਬੀ ਬੀ ਐੱਸ), ਡਾਕਟਰ ਰਮਨਦੀਪ ਕੌਰ, ਡਾਕਟਰ ਪ੍ਰਿਅੰਕਾ ਐੱਮ ਬੀ ਬੀ ਐਸ ਤੋਂ ਇਲਾਵਾ ਸਮਾਜ ਸੇਵੀ ਦੀਪਕ ਛਾਬੜਾ, ਸਰਪੰਚ ਜਗਤਾਰ ਸਿੰਘ ਸਹੇੜੀ, ਸਰਪੰਚ ਹਰਵਿੰਦਰ ਸਿੰਘ ਕੋਟਲਾ, ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਦਰਸ਼ਨ ਸਿੰਘ ਸੰਧੂ ,ਜਸਵਿੰਦਰ ਸਿੰਘ ਕੋਹਲੀ, ਪਲਵਿੰਦਰ ਸਿੰਘ ਅਰਨੌਲੀ, ਤਨਵੀਰ ਸਿੰਘ, ਜਸਪ੍ਰੀਤ ਸਿੰਘ ਤੇ ਪਤਵੰਤੇ ਸੱਜਣ ਹਾਜ਼ਰ ਸਨ।

# ਆਰ ਬੀ ਯੂ ਦੇ ਵਿਦਿਆਰਥੀਆਂ ਨੇ ਇੰਟਰਨੈਸ਼ਨਲ ਵੀਕ 'ਚ ਹਿੱਸਾ ਲਿਆ




**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਇੰਟਰਨੈਸ਼ਨਲ ਵਿਦਿਆਰਥੀਆਂ ਨੇ ਇੰਟਰਨੈਸ਼ਨਲ ਵੀਕ 2026 ਵਿੱਚ ਸਰਗਰਮ ਭਾਗੀਦਾਰੀ ਕਰਦੇ ਹੋਏ ਯੂਨੀਵਰਸਿਟੀ ਦਾ ਨਾਂਅ ਰੌਸ਼ਨ ਕੀਤਾ। ਗਲੋਬਲ ਹੋਰਾਈਜ਼ਨਜ਼, ਇੰਡੀਅਨ ਰੂਟਸ ਥੀਮ ਅਧੀਨ ਇਹ ਪ੍ਰਤਿਸ਼ਠਿਤ ਸਮਾਗਮ ਇੰਡੀਅਨ ਇੰਸਟੀਟਿਊਟ ਆਫ਼ ਮੈਨਜਮੈਂਟ ਉਦੈਪੁਰ ਵਿਖੇ ਆਯੋਜਿਤ ਕੀਤਾ ਗਿਆ। ਤਿੰਨ ਦਿਨਾਂ ਦੇ ਇਸ ਅੰਤਰਰਾਸ਼ਟਰੀ ਪ੍ਰੋਗਰਾਮ ਵਿੱਚ ਨੇਪਾਲ, ਮੌਰੀਸ਼ਸ, ਜ਼ੈਂਬੀਆ, ਫਰਾਂਸ ਤੇ ਲਾਇਬੇਰੀਆ ਸਮੇਤ ਵੱਖ-ਵੱਖ ਦੇਸ਼ਾਂ ਦੇ 22 ਡੈਲੀਗੇਟਾਂ ਨੇ ਹਿੱਸਾ ਲਿਆ। ਇਸ ਦਾ ਮੂਲ ਉਦੇਸ਼ ਭਾਰਤੀ ਮੁੱਲਾਂ ਨਾਲ ਵਿਸ਼ਵ ਪੱਧਰੀ ਸੋਚ ਨੂੰ ਜੋੜਦਿਆਂ ਅਕਾਦਮਿਕ, ਸਮਾਜਿਕ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨਾ ਸੀ। ਇਸ ਮੌਕੇ ਵਾਈਸ ਚਾਂਸਲਰ ਡਾ. ਚੰਦਰ ਮੋਹਨ ਨੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਐਲਨ ਡੀ. ਯੇਲੂ, ਇਕੋਵਾ ਮੈਪਾਲੋ ਅਤੇ ਇਕੋਵਾ ਕਾਸੋਂਗੋ ਨੇ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਵੱਖ-ਵੱਖ ਸੈਸ਼ਨਾਂ, ਵਿਚਾਰ-ਵਟਾਂਦਰਿਆਂ ਅਤੇ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲੈਂਦਿਆਂ ਅੰਤਰਰਾਸ਼ਟਰੀ ਮੰਚ 'ਤੇ ਆਪਣੀ ਪ੍ਰਤਿਭਾ ਤੇ ਲੀਡਰਸ਼ਿਪ ਕਾਬਲੀਅਤ ਦਰਸਾਈ। ਪਹਿਲੇ ਦਿਨ ਅਕਾਦਮਿਕ ਫਾਊਂਡੇਸ਼ਨਜ਼ ਅਧੀਨ ਵਿਦਿਅਕ ਸੈਸ਼ਨ ਅਤੇ ਚਰਚਾਵਾਂ ਹੋਈਆਂ। ਦੂਜੇ ਦਿਨ ਸੋਸ਼ਲ ਇੰਪੈਕਟ ਐਂਡ ਕਮਿਊਨਿਟੀ ਐਂਗੇਜਮੈਂਟ ਵਿਸ਼ੇ ਹੇਠ ਸਮਾਜਿਕ ਜ਼ਿੰਮੇਵਾਰੀ ਅਤੇ ਭਾਈਚਾਰਕ ਸ਼ਮੂਲੀਅਤ ਨਾਲ ਸੰਬੰਧਿਤ ਗਤੀਵਿਧੀਆਂ ਕਰਵਾਈਆਂ ਗਈਆਂ। ਤੀਜੇ ਦਿਨ ਕਲਚਰਲ ਇਮਰਸ਼ਨ ਐਂਡ ਵੈਲੇਡਿਕਟਰੀ ਅਧੀਨ ਸੱਭਿਆਚਾਰਕ ਪ੍ਰਸਤੁਤੀਆਂ, ਅੰਤਰਰਾਸ਼ਟਰੀ ਸੰਵਾਦ ਅਤੇ ਸਮਾਪਤੀ ਸਮਾਰੋਹ ਆਯੋਜਿਤ ਕੀਤਾ ਗਿਆ।

# ਰੋਟਰੀ ਕਲੱਬ ਆਫ ਫਗਵਾੜਾ ਜੈਮਜ਼ ਨੇ ਲਗਾਇਆ ਮੈਡੀਕਲ ਕੈਂਪ

**ਫਗਵਾੜਾ (ਡਾ. ਰਮਨ)**

ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਆਫ਼ ਫਗਵਾੜਾ ਜੈਮਜ਼ ਵੱਲੋਂ ਕਲੱਬ ਪ੍ਰਧਾਨ ਰੋਟੇਰੀਅਨ ਸੀ.ਏ. ਰਾਕੇਸ਼ ਚਾਵਲਾ ਦੀ ਅਗਵਾਈ ਤੇ ਪ੍ਰੋਜੈਕਟ ਡਾਇਰੈਕਟਰ ਪਵਨ ਕੁਮਾਰ ਕਾਲੜਾ (ਚੇਅਰਮੈਨ, ਕਾਲੜਾ ਫੂਡ ਇੰਡਸਟ੍ਰੀਜ) ਤੇ ਨਿਖਿਲ ਗੁਪਤਾ ਦੀ ਦੇਖਰੇਖ ਹੇਠ ਮੈਗਾ ਮੈਡੀਕਲ ਚੈੱਕਅਪ ਤੇ ਅੰਗਹੀਣਾਂ ਨੂੰ ਬਨਾਵਟੀ ਅੰਗ ਲਗਾਉਣ ਲਈ ਰਜਿਸਟਰੇਸ਼ਨ ਸੰਬੰਧੀ ਕੈਂਪ ਸ੍ਰੀ ਗੀਤਾ ਭਵਨ ਮੰਦਿਰ ਮਾਡਲ ਟਾਊਨ ਫਗਵਾੜਾ ਵਿਖੇ ਲਗਾਇਆ ਗਿਆ ਜਿਸ ਦਾ ਉਦਘਾਟਨ ਮੁੱਖ ਮਹਿਮਾਨ ਪਰਮਜੀਤ ਸਿੰਘ ਟਾਂਕ ਤੇ ਉਹਨਾਂ ਦੀ ਧਰਮ ਪਤਨੀ ਬਿੰਦਰਾ ਟਾਂਕ ਨੇ ਸਾਂਝੇ ਤੌਰ 'ਤੇ ਕੀਤਾ। ਉਹਨਾਂ ਕਲੱਬ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਦੌਰਾਨ ਸਵੇਰੇ 9.30 ਵਜੇ ਤੋਂ ਦੁਪਹਿਰ 2 ਵਜੇ ਤੱਕ ਮੈਸ਼ ਪ੍ਰੋਲਾਈਫ ਹਸਪਤਾਲ ਦੇ ਸਹਿਯੋਗ ਨਾਲ ਜਾਰੀ ਰਹੇ ਇਸ ਕੈਂਪ ਦੌਰਾਨ ਡਾ. ਦੀਪਾਲੀ ਕੌਸ਼ਲ (ਨੇਫਰੋਲੋਜਿਸਟ), ਡਾ. ਮੁਨੀਸ਼ (ਆਰਥੋਪੀਡਿਕ), ਡਾ. ਜੀ.ਪੀ. ਸਿੰਘ (ਕਾਰਡੀਓਲੋਜਿਸਟ), ਡਾ. ਸੁਲਭਾ ਸਿੰਗਲਾ (ਚੈਸਟ ਸਪੈਸ਼ਲਿਸਟ) ਤੇ ਡਾ. ਜੀ ਬੀ ਸਿੰਘ (ਸਰਜਨ) ਨੇ ਕਰੀਬ 175 ਮਰੀਜ਼ਾਂ ਦੀ ਜਾਂਚ ਕਰਕੇ ਲੋੜ ਅਨੁਸਾਰ ਦਵਾਈਆਂ ਬਿਲਕੁਲ ਫਰੀ ਦਿੱਤੀਆਂ। ਕੈਂਪ ਦੌਰਾਨ ਭਾਰਤ ਵਿਕਾਸ ਪਰਿਸ਼ਦ ਲੁਧਿਆਣਾ ਦੇ ਸਹਿਯੋਗ ਨਾਲ 8 ਅੰਗਹੀਣਾਂ ਨੂੰ ਨਵੇਂ ਅੰਗ ਲਗਾਉਣ ਲਈ ਰਜਿਸਟਰੇਸ਼ਨ ਕੀਤੀ ਤੇ ਬਨਾਵਟੀ ਅੰਗ ਲਗਾਉਣ ਸਬੰਧੀ ਨਾਪ ਵੀ ਲਿਆ ਗਿਆ। ਕਲੱਬ ਸਕੱਤਰ ਰਾਕੇਸ਼ ਸੂਦ ਨੇ ਦੱਸਿਆ ਕਿ ਜਲਦੀ ਹੀ ਅਗਲੇ ਕੈਂਪ ਵਿੱਚ ਬਨਾਵਟੀ ਅੰਗ ਤਿਆਰ ਕਰਵਾ ਕੇ ਲੋੜਵੰਦਾਂ ਨੂੰ ਲਗਾ ਦਿੱਤੇ ਜਾਣਗੇ। ਇਸ ਤੋਂ ਇਲਾਵਾ 10 ਲੋੜਵੰਦਾਂ ਨੂੰ ਕੰਨਾਂ ਦੀਆਂ ਸੁਨਣ ਵਾਲੀਆਂ ਮਸ਼ੀਨਾਂ ਵੀ ਭੇਟ ਕੀਤੀਆਂ ਜਾਣਗੀਆਂ। ਕਲੱਬ ਪ੍ਰਧਾਨ ਸੀ.ਏ. ਰਾਕੇਸ਼ ਚਾਵਲਾ ਨੇ ਕੈਂਪ ਨੂੰ ਸਫਲ ਬਨਾਉਣ ਲਈ ਸਮੂਹ ਡਾਕਟਰਾਂ ਦੀ ਟੀਮ, ਭਾਰਤ ਵਿਕਾਸ ਪ੍ਰੀਸ਼ਦ ਦੇ ਨੁਮਾਇੰਦਿਆਂ ਤੋਂ ਇਲਾਵਾ ਕੈਂਪ ਦੇ ਸਲਾਹਕਾਰ ਅਨਿਲ ਪਾਰਿਕ, ਸੀ.ਐਲ. ਅੱਗਰਵਾਲ ਮੈਡੀਕਲ ਸਟੋਰ, ਪ੍ਰਭਾਤ ਗਰੁੱਪ, ਕੈਮਲ ਫੂਡ ਇੰਡਸਟ੍ਰੀਜ, ਵਿਜੇ ਸੌਂਧੀ (ਸੌਂਧੀ ਗੈਸ ਸਰਵਿਸ), ਫਾਈਨ ਸਵਿੱਚ ਐਂਡ ਗਿਅਰ ਅਤੇ ਅਗਲੇ ਰੋਟਰੀ ਸਾਲ ਲਈ ਚੁਣੇ ਗਏ ਪ੍ਰਧਾਨ ਸੁਨੀਲ ਚਮ (ਕਲਾਸਿਕ ਟ੍ਰੈਵਲਜ਼) ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਪ੍ਰਧਾਨ ਆਈ ਪੀ ਖੁਰਾਣਾ, ਮਹਿੰਦਰ ਸੇਠੀ, ਸਤੀਸ਼ ਜੈਨ, ਕੈਸ਼ੀਅਰ ਅਨੁਜ ਜੈਨ, ਤਰੁਣ ਗਰਗ, ਹਰਪ੍ਰੀਤ ਸਿੰਘ, ਤਰਨਜੀਤ ਸਿੰਘ ਵਾਲੀਆ ਕੌਂਸਲਰ, ਜਤਿੰਦਰ ਸਿੰਘ ਭਾਟੀਆ (ਭਾਟੀਆ ਆਰਟਸ), ਡਾ. ਵੀ.ਐਮ. ਗੰਭੀਰ, ਅਲਕਾ ਚਾਵਲਾ, ਰੇਨੂੰ ਸੂਦ, ਤ੍ਰਿਪਤਾ ਸੇਠੀ, ਨੂਪੁਰ ਗੁਪਤਾ ਆਦਿ ਹਾਜ਼ਰ ਸਨ।





ਜੈ ਮਾਂ ਜਾਗਰਣ ਕਮੇਟੀ ਲੋਹੀਆਂ ਖਾਸ ਵੱਲੋਂ ਸ੍ਰੀ ਸ੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਤੇ ਮਹੰਤ ਸ੍ਰੀ ਜੈ ਰਾਮ ਗਿਰੀ ਜੀ ਮਹਾਰਾਜ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਤੇ ਮਾਤਾ ਨੈਣਾਂ ਦੇਵੀ ਜੀ ਦੇ ਦਰਸ਼ਨਾਂ ਲਈ 79ਵੀਂ ਬੱਸ ਯਾਤਰਾ ਰਵਾਨਾ ਕੀਤੀ ਗਈ। ਇਸ ਮੌਕੇ ਯਾਤਰਾ ਨੂੰ ਲੈ ਕੇ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਪਾਇਆ ਗਿਆ।ਪੰਡਿਤ ਵਿਸ਼ਨੂੰ ਜੀ, ਸਾਹਿਲ, ਪਰਮਜੀਤ ਸਿੰਘ ਪੰਮਾ, ਸੰਨੀ, ਗੱਗੂ, ਪ੍ਰਦੀਪ, ਸੁਰਿੰਦਰ ਕੁਮਾਰ, ਤੀਰਥ ਸਿੰਘ ਸਮੇਤ ਆਦਿ ਸ਼ਰਧਾਲੂ ਹਾਜ਼ਰ ਸਨ।

(ਫੋਟੋ ਅਤੇ ਵੇਰਵਾ : ਯੋਗੇਸ਼ਵਰ, ਰੀਨਾ ਸ਼ਰਮਾ)

# ਮੁੱਖ ਮੰਤਰੀ ਤੀਰਥ ਯਾਤਰਾ ਬੱਸ ਯੋਜਨਾ ਤਹਿਤ ਮੋਹਾਲੀ ਤੋਂ 6ਵੀਂ ਬੱਸ ਰਵਾਨਾ

**ਮੋਹਾਲੀ, (ਗੁਰਜੀਤ ਬਿੱਲਾ)**

ਐਮ ਐਲ ਏ ਸ. ਕੁਲਵੰਤ ਸਿੰਘ ਵੱਲੋਂ ਵਿਧਾਨ ਸਭਾ ਹਲਕਾ ਮੋਹਾਲੀ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਬੱਸ ਯੋਜਨਾ ਤਹਿਤ 6ਵੀਂ ਬੱਸ ਨੂੰ ਸੈਕਟਰ-66 ਵਿਖੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਸ ਮੌਕੇ ਹਲਕਾ ਕੋਆਰਡੀਨੇਟਰ ਅਤੇ ਸਟੇਟ ਐਵਾਰਡੀ ਫੂਲਰਾਜ ਸਿੰਘ, ਮਨਜੀਤ ਸਿੰਘ (ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ), ਗੋਪਾਲ ਸ਼ਰਮਾ (ਪ੍ਰਧਾਨ ਮੰਦਰ ਕਮੇਟੀ), ਅਰੁਣ ਗੋਇਲ (ਬਲਾਕ ਪ੍ਰਧਾਨ), ਸਾਬਕਾ ਕੌਂਸਲਰ ਰਜਨੀ ਗੋਇਲ, ਕ੍ਰਿਸ਼ਨ ਲਾਲ ਕਪੂਰ ਤੇ ਪਿਤੰਬਰ ਵੀ ਹਾਜ਼ਰ ਸਨ।ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਇਸ ਯੋਜਨਾ ਤਹਿਤ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿੱਚੋਂ ਹਰ ਤੀਸਰੇ ਦਿਨ ਇੱਕ ਬੱਸ ਸ਼ਰਧਾਲੂਆਂ ਨੂੰ ਤੀਰਥ ਯਾਤਰਾ ਲਈ ਰਵਾਨਾ ਕੀਤੀ ਜਾ ਰਹੀ ਹੈ।

